
20ਵਾਂ ਸਾਲ
PARDES TIMES
20th year in Publication

# ਪਰਦੇਸ ਟਾਇਮਜ਼

ਬਲਬੀਰ ਸਿੰਘ ਐਮ ਏ (ਮੁੱਖ ਸੰਪਾਦਕ)
ਮਾਂ ਬੋਲੀ ਨੂੰ ਸਮਰਪਿਤ
www.pardestimes.com
pardestimes
ਪਰਦੇਸ ਟਾਇਮਜ਼ ਆਨਲਾਈਨ ਪੜ੍ਹਨ ਲਈ ਸਕੈਨ ਕਰੋ

VOL- 20 | No. 487 | April 9, 2026 | E-mail : info@pardestimes.com | Ph 510-938-7771



ਪਰਦੇਸ ਟਾਇਮਜ਼
ਵੱਲੋਂ ਆਪਣੇ ਪਾਠਕਾਂ,
ਸਹਿਯੋਗੀਆਂ, ਸਨੇਹੀ
ਮਿੱਤਰਾਂ-ਦੋਸਤਾਂ ਅਤੇ
ਉਹਨਾਂ ਦੇ ਪਰਿਵਾਰਾਂ
ਨੂੰ ਖਾਲਸਾ ਜੀ ਦੇ
ਪ੍ਰਗਟ ਦਿਹਾੜੇ ਅਤੇ
ਰੁੱਤ ਦੇ ਤਿਓਹਾਰ
ਵਿਸਾਖੀ ਦੀਆਂ
ਲੱਖ-ਲੱਖ ਵਧਾਈਆਂ

SURYA INDIAN COUSINE
SWEETS & SNACKS



ਮਠਿਆਈਆਂ ਤੇ ਖਾਣਿਆਂ ਲਈ ਮਸ਼ਹੂਰ, ਵਿਆਹ ਤੇ ਹੋਰ ਖੁਸ਼ੀਆਂ ਦੇ ਮੌਕੇ ਲਈ, ਵੱਡੀ ਤੋਂ ਵੱਡੀ ਪਾਰਟੀ ਲਈ ਜਾਂ ਕੇਟਰਿੰਗ ਵਾਸਤੇ ਇਕ ਵਾਰ ਸੇਵਾ ਦਾ ਮੌਕਾ ਦਿਓ
ਸੰਪਰਕ ਕਰੋ:
669-275-2262, 408-892-2810

Meena Fashion
ਵਿਆਹ ਸ਼ਾਦੀ ਲਈ ਅਤੇ ਜਿਊਲਰੀ ਲਈ ਇਕ ਵਾਰ ਜਰੂਰ ਆਓ
408-905-3779



Raj Budwal
(Investment and Financial Advisor)
408-972-8000,
408-835-0202 (Cell)
Budwal and Associates
329 Piercy Road, San Jose, CA 95138
8350202@gmail.com

Joshi Law Firm
Attorneys at Law ਅਟਾਰਨੀ ਐਟ ਲਾਅ
www.joshilawfirm.com info@joshilawfirm.com
ਇਮੀਗ੍ਰੇਸ਼ਨ
ਡਿਪੋਰਟੇਸ਼ਨ
ਅਸਾਈਲਮ
ਸਿਟੀਜਨਸ਼ਿਪ
ਗਰੀਨ ਕਾਰਡ
ਫੈਮਲੀ ਪਟੀਸ਼ਨ
ਵਿਆਹ ਦੇ
ਆਧਾਰ ਤੇ
ਗਰੀਨ ਕਾਰਡ
ਐਡਜਸਟਮੈਂਟ
ਆਫ ਸਟੇਟਸ
ਫੈਮਲੀ ਲਾਅ
ਤਲਾਕ ਦੀ
ਪਟੀਸ਼ਨ
ਬੱਚੇ ਦੀ
ਕਸਟਡੀ
ਭੱਤਾ ਜਾਂ ਖਰਚਾ
ਬੱਚਿਆਂ ਲਈ
ਖਰਚਾ
(559) 312-0083 (O) (888) 630-1230 (F)



TANVIR JOSHI
SBN: 302226
516 W. SHAW AVE STE 200 FRESNO, CA 93704



ਖਾਲਸਾ ਜੀ
ਦੇ ਪ੍ਰਗਟ ਦਿਹਾੜੇ ਅਤੇ
ਵਿਸਾਖੀ ਦੀਆਂ
ਲੱਖ-ਲੱਖ ਵਧਾਈਆਂ

ਸਵਰਗੀ
ਦੀਦਾਰ ਸਿੰਘ ਬੈਂਸ
ਯੂਬਾ ਸਿਟੀ ਦੇ ਮਹਾਨ ਨਗਰ ਕੀਰਤਨ ਦੇ ਬਾਨੀ ਅਤੇ ਸਿੱਖ ਕੌਮ ਦੇ ਪ੍ਰਸਿੱਧ ਆਗੂ ਤੇ ਮੰਨੀ ਪ੍ਰਮੰਨੀ ਹਸਤੀ



**Karm singh Bains**
**Supervisor, Yuba City**

## ਖਾਲਸਾ ਜੀ ਦੇ ਪ੍ਰਗਟ ਦਿਹਾੜੇ ਅਤੇ ਰੁੱਤ ਦੇ ਤਿਓਹਾਰ ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ



**ਸੁਰਜੀਤ ਸਿੰਘ ਅਟਵਾਲ**
ਮਰਸਡ, ਕੈਲੀਫੋਰਨੀਆ

**ਕੁਲਦੀਪ ਸਿੰਘ ਅਟਵਾਲ**
ਐਲਮੰਡ ਫਾਰਮਰਜ਼ ਆਫ ਕੈਲੀਫੋਰਨੀਆ
(209-769-4784)

## ਖਾਲਸਾ ਜੀ ਦੇ ਪ੍ਰਕਾਸ਼ ਦਿਹਾੜੇ ਅਤੇ ਵਿਸਾਖੀ ਦੀਆਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਜੀ ਨੂੰ ਲੱਖ-ਲੱਖ ਵਧਾਈਆਂ




ਸੁਖਰਾਜ ਸਿੰਘ ਪੰਮਾ
ਅਟਾਰਨੀ



ਗੁਰਨਾਮ ਸਿੰਘ ਪੰਮਾ
530-682-6444

## ਖਾਲਸਾ ਜੀ ਦੇ ਪ੍ਰਗਟ ਦਿਹਾੜੇ ਅਤੇ ਰੁੱਤ ਦੇ ਤਿਓਹਾਰ ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ


**ਜਸਬੀਰ ਸਿੰਘ ਕੁਲਾਰ**



ਕਿਵੀ ਕਿੰਗ
(Business)
**530-846-5103**
1484, Larkin Road Gridley,
California-95948

# ਵਧਦੇ ਇਲਾਜ ਦੇ ਬਾਵਜੂਦ ਅਮਰੀਕਾ ’ਚ ਮਾਨਸਿਕ ਸਿਹਤ ਸੰਕਟ ਹੋਇਆ ਡੂੰਘਾ

ਵਾਸ਼ਿੰਗਟਨ- ਅਮਰੀਕਾ ਜਿਹੜੀ ਮਾਨਸਿਕ ਸਿਹਤ ਆਫ਼ਤ ਨਾਲ ਜੂਝ ਰਿਹਾ ਹੈ, ਉਹ ਕੋਈ ਅਚਾਨਕ ਆਈ ਤ੍ਰਾਸਦੀ ਨਹੀਂ ਹੈ, ਬਲਕਿ ਸਾਲਾਂ ਦੀ ਨੀਤੀਗਤ ਲਾਪਰਵਾਹੀ ਤੇ ਸੱਤਾ ਦੇ ਹੰਕਾਰ ਦਾ ਨਤੀਜਾ ਹੈ ਅਤੇ ਇਸ ਨਾਕਾਮੀ ਦੇ ਕੇਂਦਰ ’ਚ ਖੜ੍ਹੇ ਦਿਖਾਈ ਦਿੰਦੇ ਹਨ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ, ਜਿਨ੍ਹਾਂ ਦੇ ਦੌਰ ਦੀਆਂ ਨੀਤੀਆਂ ਨੇ ਸਿਹਤ ਪ੍ਰਬੰਧਾਂ ਨੂੰ ਸੁਧਾਰਨ ਦੀ ਬਜਾਏ ਉਸ ਨੂੰ ਮੁਨਾਫਾਖੋਰੀ ਦੀ ਮੰਡੀ ’ਚ ਬਦਲ ਦਿੱਤਾ। ਇਲਾਜ ਦੇ ਨਾਂ ’ਤੇ ਦਿਖਾਵਾ, ਜ਼ਮੀਨ ’ਤੇ ਤਬਾਹੀ ਅਮਰੀਕਾ ’ਚ ਮਾਨਸਿਕ ਸਿਹਤ ਸੇਵਾਵਾਂ ਦਾ ਵਿਸਥਾਰ ਭਾਵੇਂ ਕਾਗ਼ਜ਼ਾਂ ’ਤੇ ਇਤਿਹਾਸਕ ਦੱਸਿਆ ਜਾ ਰਿਹਾ ਹੋਵੇ ਪਰ ਸੱਚਾਈ ਇਹ ਹੈ ਕਿ ਇਹ ਪੂਰਾ ਢਾਂਚਾ ਖੋਖਲਾ ਸਾਬਿਤ ਹੋਇਆ ਹੈ। 2002 ਤੋਂ 2024 ਤੱਕ ਇਲਾਜ ਲੈਣ ਵਾਲਿਆਂ ਦੀ ਗਿਣਤੀ ਦੁੱਗਣੀ ਹੋ ਕੇ ਕਰੀਬ ਛੇ ਕਰੋੜ ਤੱਕ ਪਹੁੰਚ ਗਈ ਪਰ ਇਸਦੇ ਨਾਲ ਹੀ ਤਣਾਅ ਅਤੇ ਆਤਮਹੱਤਿਆ ਦੇ ਮਾਮਲਿਆਂ ’ਚ ਧਮਾਕੇਦਾਰ ਵਾਧਾ ਹੋਇਆ। ਇਹ ਸਿੱਧਾ-ਸਿੱਧਾ ਨੀਤੀਗਤ ਨਾਕਾਮੀ ਦਾ ਸਬੂਤ ਹੈ। ਟਰੰਪ ਪ੍ਰਸ਼ਾਸਨ ਨੇ ਸਿਹਤ ਪ੍ਰਬੰਧਾਂ ਨੂੰ ਮਨੁੱਖੀ ਸੇਵਾ ਤੋਂ ਹਟਾ ਕੇ ਲਾਗਤ ਤੇ ਮੁਨਾਫ਼ੇ ਦੇ ਕੰਢੇ ’ਤੇ ਤੋਲ ਦਿੱਤਾ, ਜਿਥੇ ਮਰੀਜ਼ ਦੀ ਤਕਲੀਫ ਨਹੀਂ, ਬਲਕਿ ਬਿਲਿੰਗ ਤੇ ਅੰਕੜੇ ਪਹਿਲ ਬਣ ਗਏ।



ਟਰੰਪ ਦੌਰ ਜਿਸ ਤਰ੍ਹਾਂ ਨਿੱਜੀਕਰਨ ਨੂੰ ਹੱਲਾਸ਼ੇਰੀ ਦਿੰਦਾ ਗਿਆ, ਉਸਨੇ ਮਾਨਸਿਕ ਸਿਹਤ ਸੈਕਟਰ ਨੂੰ ਕਾਰਪੋਰੇਟ ਲਾਲਚ ਦੇ ਹਵਾਲੇ ਕਰ ਦਿੱਤਾ। ਨਤੀਜਾ, ਫ਼ਰਜ਼ੀ ਬਿਲਿੰਗ, ਰਿਕਾਰਡ ’ਚ ਹੇਰਫੇਰ ਤੇ ਬਿਨਾਂ ਲੋੜ ਦੇ ਇਲਾਜ ਦਾ ਜਾਲ। ਮਾਹਿਰ ਸਾਫ ਕਹਿ ਰਹੇ ਹਨ ਕਿ ਇਹ ਸਿਸਟਮ ਹੁਣ ਇਲਾਜ ਦਾ ਨਹੀਂ, ਕਮਾਈ ਦੀ ਖੇਡ ਬਣ ਚੁੱਕਾ ਹੈ। ਮਰੀਜ਼ਾਂ ਨੂੰ ਠੀਕ ਕਰਨ ਦੀ ਬਜਾਏ ਉਨ੍ਹਾਂ ਨੂੰ ਲੰਬੇ ਇਲਾਜ ਦੇ ਚੱਕਰ ’ਚ ਫਸਾਈ ਰੱਖਣਾ ਹੀ ਇਸ ਮਾਡਲ ਦੀ ਅਸਲ ਸੱਚਾਈ ਹੈ। ਹਾਲਤ ਇੰਨੀ ਵਿਗੜ ਚੁੱਕੀ ਹੈ ਕਿ ਹੁਣ ਆਮ ਤਣਾਅ, ਅਸਫਲਤਾ ਜਾਂ ਭਾਵਨਾਤਮਕ ਉਤਰਾਅ-ਚੜ੍ਹਾਅ ਨੂੰ ਵੀ ਮਾਨਸਿਕ ਬਿਮਾਰੀ ਦਾ ਟੈਗ ਦਿੱਤਾ ਜਾ ਰਿਹਾ ਹੈ। ਖ਼ਾਸ ਕਰਕੇ ਬੱਚਿਆਂ ਤੇ ਨੌਜਵਾਨਾਂ ਨੂੰ ਬਿਨਾਂ ਠੋਸ ਮੁਲਾਂਕਣ ਦੇ ਦਵਾਈਆਂ ਦੇ ਸਹਾਰੇ ਧੱਕਿਆ ਜਾ ਰਿਹਾ ਹੈ। ਇਹ ਸਿਰਫ ਮੈਡੀਕਲ ਦੀ ਗ਼ਲਤੀ ਨਹੀਂ, ਬਲਕਿ ਉਸ ਨੀਤੀਗਤ ਸੋਚ ਦਾ ਵੀ ਸਿੱਟਾ ਹੈ, ਜਿਸਨੇ ਹਰ ਸਮੱਸਿਆ ਦਾ ਹੱਲ ਦਵਾਈ ਤੇ ਬਿੱਲ ’ਚ ਲੱਭਿਆ ਤੇ ਇਹੀ ਸੋਚ ਟਰੰਪ ’ਚ ਸਭ ਤੋਂ ਹਮਲਾਵਰ ਰੂਪ ਨਾਲ ਸਾਹਮਣੇ ਆਈ।

# ਭਾਰਤ ਵਿਚ ਚਾਲੂ ਹੋ ਗਿਆ ਸੈਮੀ ਕੰਡਕਟਰ ਬਣਾਉਣ ਦਾ ਕਾਰਖਾਨਾ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅਹਿਮਦਾਬਾਦ ਦੇ ਸਾਨੰਦ ਜੀਆਈਡੀਸੀ ਵਿੱਚ 3,300 ਕਰੋੜ ਰੁਪਏ ਦੀ ਲਾਗਤ ਵਾਲੇ ਕੇਨ ਸੈਮੀਕੰਡਕਟਰ ਪਲਾਂਟ ਦਾ ਉ-ਦਘਾਟਨ ਕੀਤਾ, ਜੋ ਕਿ ਭਾਰਤ ਵਿੱਚ ਅਜਿਹਾ ਦੂਜਾ ਪਲਾਂਟ ਹੈ ਅਤੇ ਦੇਸ਼ ਦੇ ਸੈਮੀਕੰਡਕਟਰ ਮਿਸ਼ਨ ਵਿੱਚ ਇੱਕ ਵੱਡੀ ਪ੍ਰਾਪਤੀ ਮੰਨਿਆ ਜਾ ਰਿਹਾ ਹੈ।



ਇਸ ਮੌਕੇ ਗੁਜਰਾਤ ਦੇ ਵਿਗਿਆਨ ਅਤੇ ਤਕਨਾਲੋਜੀ ਮੰਤਰੀ ਅਰਜੁਨ ਮੋਢਵਾਡੀਆ ਨੇ ਦੱਸਿਆ ਕਿ ਇਹ ਇਕਾਈ ਰੋਜ਼ਾਨਾ 7 ਲੱਖ ਤੋਂ ਵੱਧ ਚਿਪ ਦਾ ਨਿਰਮਾਣ ਕਰੇਗੀ, ਜੋ ਭਾਰਤ ਨੂੰ ਇੱਕ ਨਵੇਂ ਤਕਨੀਕੀ ਯੁੱਗ ਵਿੱਚ ਲੈ ਕੇ ਜਾਵੇਗੀ। ਇਸ ਤੋਂ ਪਹਿਲਾਂ ਦਿਨ ਵੇਲੇ ਪ੍ਰਧਾਨ ਮੰਤਰੀ ਨੇ ਮਹਾਂਵੀਰ ਜਯੰਤੀ ਦੇ ਸ਼ੁਭ ਮੌਕੇ 'ਤੇ ਗਾਂਧੀਨਗਰ ਦੇ ਮਹਾਂਵੀਰ ਜੈਨ ਅਰਾਧਨਾ ਕੇਂਦਰ ਕੈਂਪਸ ਵਿੱਚ ਸਮਰਾਟ ਸੰਪ੍ਰਤੀ ਅਜਾਇਬ ਘਰ ਦਾ ਵੀ ਉਦਘਾਟਨ ਕੀਤਾ, ਜੋ ਜੈਨ ਧਰਮ ਦੀ ਅਮੀਰ ਇਤਿਹਾਸਕ ਅਤੇ ਅਧਿਆਤਮਿਕ ਵਿਰਾਸਤ ਨੂੰ ਦਰਸਾਉਂਦਾ ਹੈ।

ਪ੍ਰਧਾਨ ਮੰਤਰੀ ਨੇ ਦੇਸ਼ ਦੇ ਤੇਜ਼ੀ ਨਾਲ ਹੋ ਰਹੇ ਵਿਕਾਸ ਅਤੇ ਨੀਤੀਗਤ ਫੈਸਲਿਆਂ ਦੀ ਗਤੀ 'ਤੇ ਜ਼ੋਰ ਦਿੰਦਿਆਂ ਫਰਵਰੀ ਵਿੱਚ ਮਾਈਕਰੋਨ ਸੈਮੀਕੰਡਕਟਰ ਪਲਾਂਟ ਦੀ ਸ਼ੁਰੂਆਤ ਦਾ ਵੀ ਜ਼ਿਕਰ ਕੀਤਾ ਅਤੇ ਕਿਹਾ ਕਿ ਭਾਰਤ ਨੇ ਉਹ ਕੰਮ ਸਿਰਫ਼ 900 ਦਿਨਾਂ ਵਿੱਚ ਪੂਰਾ ਕਰ ਦਿਖਾਇਆ ਹੈ ਜੋ ਵਿਕਸਿਤ ਦੇਸ਼ਾਂ ਵਿੱਚ ਸਾਲਾਂ ਬੱਧੀ ਸਮਾਂ ਲੈਂਦਾ ਹੈ।

# ਟਰੰਪ ਹੋਰਮੁਜ਼ ਨੂੰ ਖੋਲ੍ਹੇ ਬਿਨਾਂ ਜੰਗ ਖਤਮ ਕਰਨ ਦੇ ਚਾਹਵਾਨ

ਇਰਾਨ ਨੇ ਸੋਮਵਾਰ ਨੂੰ ਦੁਬਈ ਦੇ ਤੱਟ ਤੋਂ ਦੂਰ ਕੱਚੇ ਤੇਲ ਨਾਲ ਭਰੇ ਇੱਕ ਟੈਂਕਰ 'ਤੇ ਹਮਲਾ ਕਰਕੇ ਉਸ ਨੂੰ ਅੱਗ ਲਗਾ ਦਿੱਤੀ, ਜਦੋਂ ਕਿ ਰਾਸ਼ਟਰਪਤੀ ਡੋਨਲਡ ਟਰੰਪ ਨੇ ਚਿਤਾਵਨੀ ਦਿੱਤੀ ਕਿ ਜੇ ਇਰਾਨ Striat of Hormuz ਨੂੰ ਨਹੀਂ ਖੋਲ੍ਹਦਾ ਤਾਂ ਅਮਰੀਕਾ ਇਰਾਨ ਦੇ ਊਰਜਾ ਪਲਾਂਟਾਂ ਅਤੇ ਤੇਲ ਦੇ ਖੂਹਾਂ ਨੂੰ ਤਬਾਹ ਕਰ ਦੇਵੇਗਾ। ਦੁਨੀਆ ਵਿਚ ਕਈ ਅਜਿਹੀਆਂ ਥਾਵਾਂ ਹਨ, ਜੋ ਦੁਨੀਆ ਦਾ ਵਪਾਰ ਬੰਦ ਕਰਵਾ ਸਕਦੀਆਂ ਹਨ। ਕੁਵੈਤ ਦੇ ਝੰਡੇ ਵਾਲੇ 'ਅਲ-ਸਲਮੀ' 'ਤੇ ਹੋਇਆ ਇਹ ਸਪੱਸ਼ਟ ਹਮਲਾ ਖਾੜੀ ਅਤੇ ਹੋਰਮੁਜ਼ ਦੀ ਜਲਡਮਰੂ ਵਿੱਚ ਵਪਾਰਕ ਜਹਾਜ਼ਾਂ 'ਤੇ ਕੀਤੇ ਗਏ ਹਮਲਿਆਂ ਦੀ ਲੜੀ ਵਿੱਚ ਤਾਜ਼ਾ ਘਟਨਾਵਾਂ ਹੈ। ਮਹੀਨਾ ਭਰ ਚੱਲੇ ਇਸ ਸੰਘਰਸ਼ ਨੇ ਪੂਰੇ ਮੱਧ ਪੂਰਬ ਵਿੱਚ ਫੈਲ ਕੇ ਹਜ਼ਾਰਾਂ ਲੋਕਾਂ ਦੀ ਜਾਨ ਲੈ ਲਈ ਹੈ, ਊਰਜਾ ਸਪਲਾਈ ਵਿੱਚ ਵਿਘਨ ਪਾਇਆ ਹੈ। ਕੁਵੈਤ ਦੀ ਸਰਕਾਰੀ ਨਿਊਜ਼ ਏਜੰਸੀ ਵੱਲੋਂ ਟੈਂਕਰ 'ਤੇ ਹਮਲੇ ਦੀ ਰਿਪੋਰਟ ਦਿੱਤੇ ਜਾਣ ਤੋਂ ਬਾਅਦ ਕੱਚੇ ਤੇਲ ਦੀਆਂ ਕੀਮਤਾਂ ਵਿੱਚ ਇੱਕ ਵਾਰ ਫਿਰ ਉਛਾਲ ਆਇਆ। ਇਹ ਟੈਂਕਰ ਲਗਭਗ 20 ਲੱਖ ਬੈਰਲ ਤੇਲ ਲੈ ਕੇ ਜਾ ਸਕਦਾ ਹੈ, ਜਿਸ ਦੀ ਮੌਜੂਦਾ ਕੀਮਤ 20 ਕਰੋੜ



ਡਾਲਰ ਤੋਂ ਵੱਧ ਹੈ। ਜਹਾਜ਼ ਦੇ ਮਾਲਕ 'ਕੁਵੈਤ ਪੈਟਰੋਲੀਅਮ ਕਾਰਪੋਰੇਸ਼ਨ' ਨੇ ਕਿਹਾ ਕਿ ਨੁਕਸਾਨ ਦਾ ਜਾਇਜ਼ਾ ਲੈਣ ਲਈ ਕੰਮ ਚੱਲ ਰਿਹਾ ਹੈ ਅਤੇ ਤੇਲ ਦੇ ਰਿਸਾਅ ਦੀ ਸੰਭਾਵਨਾ ਬਾਰੇ ਚਿਤਾਵਨੀ ਦਿੱਤੀ ਹੈ।

ਦੁਬਈ ਦੇ ਅਧਿਕਾਰੀਆਂ ਨੇ ਬਾਅਦ ਵਿੱਚ ਕਿਹਾ ਕਿ ਉਹ ਡਰੋਨ ਹਮਲੇ ਤੋਂ ਬਾਅਦ ਟੈਂਕਰ ਦੀ ਅੱਗ 'ਤੇ ਕਾਬੂ ਪਾਉਣ ਵਿੱਚ ਕਾਮਯਾਬ ਹੋ ਗਏ ਹਨ ਅਤੇ ਕਿਸੇ ਦੇ ਜ਼ਖਮੀ ਹੋਣ ਦੀ ਖਬਰ ਨਹੀਂ ਹੈ। ਤੇਲ ਅਤੇ ਬਾਲਣ ਦੀਆਂ ਕੀਮਤਾਂ ਵਿੱਚ ਵਾਧਾ ਅਮਰੀਕੀ ਘਰੇਲੂ ਵਿੱਤ 'ਤੇ ਭਾਰ ਪਾਉਣ ਲੱਗਾ ਹੈ ਅਤੇ ਨਵੰਬਰ ਦੀਆਂ ਮੱਧਕਾਲੀ ਚੋਣਾਂ ਤੋਂ ਪਹਿਲਾਂ ਟਰੰਪ ਅਤੇ ਉਨ੍ਹਾਂ ਦੀ ਰਿਪਬਲਿਕਨ ਪਾਰਟੀ ਲਈ ਇੱਕ ਸਿਆਸੀ ਸਿਰਦਰਦੀ ਬਣ ਗਿਆ ਹੈ।

ਅਮਰੀਕਾ ਵਿੱਚ ਗੈਸੋਲੀਨ ਦੀ ਰਾਸ਼ਟਰੀ ਔਸਤ ਪ੍ਰਚੂਨ ਕੀਮਤ ਸੋਮਵਾਰ ਨੂੰ ਤਿੰਨ ਸਾਲਾਂ ਵਿੱਚ ਪਹਿਲੀ ਵਾਰ 4 ਡਾਲਰ ਪ੍ਰਤੀ ਗੈਲਨ ਨੂੰ ਪਾਰ ਕਰ ਗਈ ਹੈ, ਕਿਉਂਕਿ ਵਿਸ਼ਵਵਿਆਪੀ ਸਪਲਾਈ ਵਿੱਚ ਕਮੀ ਕਾਰਨ ਅਮਰੀਕੀ ਕੱਚੇ ਤੇਲ ਦੀਆਂ ਕੀਮਤਾਂ 101 ਡਾਲਰ ਪ੍ਰਤੀ ਬੈਰਲ ਤੋਂ ਉੱਪਰ ਪਹੁੰਚ ਗਈਆਂ ਹਨ। ਦੋਵਾਂ ਪਾਸਿਆਂ ਤੋਂ ਹਮਲੇ ਰੁਕਣ ਦੇ ਕੋਈ ਸੰਕੇਤ ਨਹੀਂ ਦਿਖਾ ਰਹੇ ਹਨ ਅਤੇ ਇੱਕ ਵਿਆਪਕ ਸੰਘਰਸ਼ ਦਾ ਡਰ ਵਧ ਰਿਹਾ ਹੈ। ਵ੍ਹਾਈਟ ਹਾਊਸ ਦੀ ਪ੍ਰੈੱਸ ਸਕੱਤਰ ਕੈਰੋਲੀਨ ਲੀਵਿਟ ਨੇ ਕਿਹਾ ਕਿ ਟਰੰਪ 6 ਅਪਰੈਲ ਦੀ ਸਮਾਂ ਸੀਮਾ ਤੋਂ ਪਹਿਲਾਂ ਤਹਿਰਾਨ ਨਾਲ ਇੱਕ ਸਮਝੌਤੇ 'ਤੇ ਪਹੁੰਚਣਾ ਚਾਹੁੰਦੇ ਹਨ।

ਖਾਲਸਾ ਜੀ ਦੇ ਪ੍ਰਗਟ ਦਿਹਾੜੇ ਅਤੇ ਰੁੱਤ ਦੇ ਤਿਓਹਾਰ ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ

GLOBAL ADVISORS, LLC.
168 S. Hillview Drive, Milpitas, CA 95035
contact@globaladvisors.llcwww.globaladvisors.llc
Phone: 408-613-3876 / 408-600-9471

Legal Documentation Services:
Family Law, Estate Planning, Small Claims/ Civil Law, Unlawful Detainer, POA, Social Security Disability.

'Sara'- Saraswatee Consultant



**Income Tax Preparation:** Strategic individual and business tax filings, tax planning, IRS audit, sales & use tax, and new company formation.
**Financial Accounting & Management:** Strategic accounting & reporting services, which are scalable, tactical, and team-driven.
**Immigration Consulting:** Citizenship; Green Card; Investor EB5 Visa; Business/ Tourist Visa; Student Visa; Religious Visa; OCI, Passport & Others
**Live-Scan and Notary**

GLOBAL ADVISORS, LLC
contact@globaladvisors.llc 408-613-3876 / 408-600-9471

ਖਾਲਸਾ ਜੀ ਦੇ ਪ੍ਰਗਟ ਦਿਹਾੜੇ ਅਤੇ ਰੁੱਤ ਦੇ ਤਿਓਹਾਰ ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ

Gurpiar Sidhu
Home Buying & Selling System
209-598-7776



Lic. 01815083

ਵਾਜਬ ਕੀਮਤ ਤੇ ਘਰ/ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ ਜੀ

ਕਿਸੇ ਵੀ ਕਿਸਮ ਦੀ ਮਾਰਟਗੇਜ ਲਈ ਸੰਪਰਕ ਕਰੋ

ਕਿਸੇ ਵੀ ਕਿਸਮ ਦੀ ਮਾਰਟਗੇਜ਼, ਬੀਮਾ, ਸੋਲਰ ਅਤੇ ਮੋਬਾਇਲ, ਨੋਟਰੀ ਸੇਵਾ ਲਈ ਸੰਪਰਕ ਕਰੋ

PRIMESTAR REAL ESTATE
A Realtor you can trust... Blindly

Office- 2030 E. Louise Ave. Lathrop, CA 95330

# ਸੰਪਾਦਕੀ

## ਦੁਨੀਆਂ 'ਚ ਤੇਲ-ਗੈਸ ਦਾ ਸੰਕਟ

ਇਜ਼ਰਾਈਲ, ਅਮਰੀਕਾ ਅਤੇ ਇਰਾਨ ਦੀ ਜੰਗ ਦੇ ਕਾਰਨ ਪੂਰੀ ਦੁਨੀਆਂ ਵਿਚ ਤੇਲ ਅਤੇ ਗੈਸ ਦਾ ਸੰਕਟ ਵਧਦਾ ਜਾ ਰਿਹਾ ਹੈ। ਦੁਨੀਆਂ ਵਿਚ ਬਹੁਤ ਸਾਰੇ ਮੁਲਕਾਂ ਨੇ ਤਾਂ ਲੌਕਡਾਊਨ ਜਾਂ ਵਰਕ ਫਰਾਮ ਹੋਮ ਦੇ ਨਿਯਮ ਲਾਗੂ ਕਰ ਦਿੱਤੇ ਹਨ। ਤੇਲ ਅਤੇ ਗੈਸ ਦੀਆਂ ਕੀਮਤਾਂ ਵਿਚ ਵੀ ਵਾਧਾ ਹੋ ਗਿਆ ਹੈ, ਜਿਸ ਕਰਕੇ ਹੋਰ ਵਸਤਾਂ ਵੀ ਮਹਿੰਗੀਆਂ ਹੋਣ ਲੱਗ ਪਈਆਂ ਹਨ। ਤੇਲ 120 ਡਾਲਰ ਪ੍ਰਤੀ ਬੈਰਲ ਤੋਂ ਉਪਰ ਚਲਿਆ ਗਿਆ ਹੈ, ਜਦਕਿ ਗੈਸ ਦੀ ਤਾਂ ਉਪਲਬਧਤਾ ਹੀ ਘਟ ਗਈ ਹੈ। ਖਾੜ੍ਹੀ ਮੁਲਕ ਜੋ ਕਿ ਦੁਨੀਆਂ ਭਰ ਦਾ 50 ਫੀਸਦੀ ਤੇਲ ਅਤੇ ਗੈਸ ਪੈਦਾ ਕਰਦੇ ਹਨ, ਦੇ ਗੈਸ ਅਤੇ ਤੇਲ ਦੇ ਪਲਾਂਟ ਹਮਲਿਆਂ ਵਿਚ ਸੜ ਰਹੇ ਹਨ। ਇਹਨਾਂ ਨੂੰ ਦੁਬਾਰਾ ਵਰਤੋਂ ਵਿਚ ਲਿਆਉਣਯੋਗ ਬਣਾਉਣ ਲਈ ਕਈ ਸਾਲਾਂ ਦਾ ਵਕਤ ਲੱਗੇਗਾ। ਅਜਿਹੇ ਵਿਚ ਵੈਨਜ਼ੁਏਲਾ ਅਤੇ ਰੂਸ ਦਾ ਤੇਲ ਹੀ ਦੁਨੀਆਂ ਵਿਚ ਆਸਾਨੀ ਨਾਲ ਜਾ ਰਿਹਾ ਹੈ ਪਰ ਇਹ ਦੋਵੇਂ ਮੁਲਕ ਦੁਨੀਆਂ ਦੀ ਲੋੜ ਪੂਰੀ ਨਹੀਂ ਕਰ ਸਕਦੇ। ਤੇਲ ਅਤੇ ਗੈਸ ਦੇ ਇਸ ਸੰਕਟ ਕਾਰਨ ਵਿਕਲਪਿਕ ਰਸਤੇ ਵੀ ਲੱਭੇ ਜਾ ਰਹੇ ਹਨ ਪਰ ਕਲਪਨਾ ਕਰੋ ਜਦੋਂ ਦੁਨੀਆਂ ਦਾ ਹਰੇਕ ਬਾਲਗ ਵਿਅਕਤੀ ਹਰ ਰੋਜ਼ ਤੇਲ ਦੀ ਵਰਤੋਂ ਕਰ ਰਿਹਾ ਹੈ ਅਤੇ ਹਰੇਕ ਘਰ ਦੀ ਰਸੋਈ ਵਿਚ ਗੈਸ ਬਲ ਰਹੀ ਹੈ ਤਾਂ ਇੰਨੀ ਜਲਦੀ ਕੋਈ ਹੋਰ ਰਸਤਾ ਵੀ ਲੱਭਣਾ ਮੁਸ਼ਕਿਲ ਹੈ। ਇਰਾਨ ਦੇ ਹਮਲਿਆਂ ਕਾਰਨ ਯੂ. ਏ. ਈ., ਸਾਊਦੀ ਅਰਬ, ਕਤਰ, ਬਹਿਰੀਨ, ਕੁਵੈਤ, ਇਰਾਕ ਤੋਂ ਮਿਲਣ ਵਾਲੀ ਤੇਲ ਅਤੇ ਗੈਸ ਦਾ ਰਸਤਾ ਸਟ੍ਰੇਟ ਆਫ ਹੋਰਮੂਜ਼ ਦੁਆਲੇ ਘਮਾਸਾਨ ਆਰੰਭ ਹੋ ਗਿਆ ਹੈ, ਇਸ ਕਰਕੇ ਹੁਣ ਇਹਨਾਂ ਮੁਲਕਾਂ ਤੋਂ ਤੇਲ-ਗੈਸ ਦੀ ਸਪਲਾਈ ਅਸੰਭਵ ਹੁੰਦੀ ਜਾ ਰਹੀ ਹੈ। ਊਰਜਾ ਅਤੇ ਹੋਰ ਜ਼ਰੂਰੀ ਸਮਾਨ ਦੀ ਸਪਲਾਈ ਦਾ ਇੱਕ ਅਹਿਮ ਮਾਰਗ ਲਾਲ ਸਾਗਰ ਹੈ ਅਤੇ ਇਸ ਰਾਹੀਂ ਦੁਨੀਆ ਦਾ ਲਗਭਗ 15% ਸਮੁੰਦਰੀ ਵਪਾਰ ਹੁੰਦਾ ਹੈ। ਯਮਨ ਦੇ ਹੂਤੀ ਸਮੂਹ ਦੇ ਈਰਾਨ-ਇਜ਼ਰਾਈਲ-ਅਮਰੀਕਾ ਜੰਗ ਵਿੱਚ ਸ਼ਾਮਲ ਹੋਣ ਨਾਲ ਇਸ ਸਮੁੰਦਰੀ ਮਾਰਗ ਰਾਹੀਂ ਹੋਣ ਵਾਲਾ ਵਪਾਰ ਵੀ ਖਤਰੇ 'ਚ ਪੈ ਸਕਦਾ ਹੈ, ਜੋ ਪਹਿਲਾਂ ਵੀ ਹੂਤੀ ਲੜਾਕਿਆਂ ਦੇ ਨਿਸ਼ਾਨੇ 'ਤੇ ਰਿਹਾ ਹੈ। ਜੇ ਅਜਿਹਾ ਹੁੰਦਾ ਹੈ ਤਾਂ ਦੁਨੀਆ ਭਰ ਦੇ ਸਾਹਮਣੇ ਇੱਕ ਵੱਡੀ ਸਮੱਸਿਆ ਖੜ੍ਹੀ ਹੋ ਸਕਦੀ ਹੈ, ਕਿਉਂਕਿ ਹੋਰਮੂਜ਼ ਸਟ੍ਰੇਟ ਦੀ ਈਰਾਨੀ ਨਾਕਾਬੰਦੀ ਨੇ ਤੇਲ ਅਤੇ ਗੈਸ ਦੀਆਂ ਕੀਮਤਾਂ ਵਧਾ ਦਿੱਤੀਆਂ ਹਨ ਅਤੇ ਕਈ ਦੇਸ਼ਾਂ ਦੇ ਸਾਹਮਣੇ ਸੰਕਟ ਪੈਦਾ ਹੋ ਗਿਆ ਹੈ। ਹੋਰਮੂਜ਼ ਸਟ੍ਰੇਟ ਰਾਹੀਂ ਵਿਸ਼ਵ ਭਰ ਦੀ ਊਰਜਾ ਸਪਲਾਈ ਦਾ ਲਗਭਗ 20% ਹਿੱਸਾ ਗੁਜ਼ਰਦਾ ਰਿਹਾ ਹੈ, ਜੋ ਇਸ ਵੇਲੇ ਕਾਫ਼ੀ ਹੱਦ ਤੱਕ ਬੰਦ ਹੈ ਅਤੇ ਇਸ ਦੀ ਕੁਝ ਭਰਪਾਈ ਲਾਲ ਸਾਗਰ ਰਾਹੀਂ ਹੋ ਰਹੀ ਹੈ। ਨਵੰਬਰ 2023 ਤੋਂ 2025 ਦੀ ਸ਼ੁਰੂਆਤ ਤੱਕ ਹੂਤੀ ਸਮੂਹ ਨੇ ਲਾਲ ਸਾਗਰ ਵਿੱਚ ਜਹਾਜ਼ਾਂ 'ਤੇ ਲਗਭਗ 200 ਹਮਲੇ ਕੀਤੇ, ਜਿਸ ਨਾਲ 30 ਤੋਂ ਵੱਧ ਜਹਾਜ਼ਾਂ ਨੂੰ ਨੁਕਸਾਨ ਪਹੁੰਚਿਆ ਅਤੇ ਘੱਟੋ-ਘੱਟ ਇੱਕ ਜਹਾਜ਼ ਨੂੰ ਅਗਵਾ ਕਰ ਲਿਆ ਗਿਆ। ਇਨ੍ਹਾਂ ਹਮਲਿਆਂ ਕਾਰਨ ਵੱਡੀਆਂ ਸ਼ਿਪਿੰਗ ਕੰਪਨੀਆਂ ਨੂੰ ਵੀ ਲਾਲ ਸਾਗਰ ਦਾ ਇਸਤੇਮਾਲ ਬੰਦ ਕਰਨਾ ਪਿਆ। ਇੰਨੀ ਵੱਡੀ ਸਮੱਸਿਆ ਦਾ ਹੱਲ ਜੇਕਰ ਜਲਦੀ ਨਾ ਹੋਇਆ ਤਾਂ ਦੁਨੀਆਂ ਭਰ ਵਿਚ ਹਾਹਾਕਾਰ ਮੱਚਣ ਤੋਂ ਕੋਈ ਨਹੀਂ ਰੋਕ ਸਕੇਗਾ।

**-ਬਲਬੀਰ ਸਿੰਘ ਐਮ ਏ**

Balbir Singh M.A.
Editor in Chief & Publisher
e-mail: bsma54@gmail.com
Tel : 510-938-7771

36415 RUSCHIN DR. NEWARK, CA 94560

Buta Ram joshi Staff Reporter, Fresno 559-803-0055

Sanjeev Garg Kali, Reporter Malwa Area, 96713-53789

RAJ BUDWAL
MEDIA PARTNER / REPRESENTATIVE
8350202@gmail.com 408-835-0202

Web designed www.pardestimes.com
by Aman Bansil 510-589-2245

The Pardes Times and people asociated with it are Not responsible for any claims made by the advertisers and don't endorse any product or services advertised in the Pardes Times. Please consult your attorney before, buying/hiring contracting through the ads published in the news paper. The Pardes Times is in business of selling spaces and claims made by advertisers are not tested/confirmed by an independent source.

# ਜੰਗਾਂ 'ਚ ਕੌਮਾਂਤਰੀ ਕਾਨੂੰਨਾਂ ਦੀ ਅਣਦੇਖੀ ਵਧੀ

**ਅਸ਼ਵਨੀ ਕੁਮਾਰ**

ਇਰਾਨ ਜੰਗ ਦੌਰਾਨ ਹੁਣ ਦੁਸ਼ਮਣੀ ਨੂੰ ਖ਼ਤਮ ਕਰਨ ਦੇ ਉਦੇਸ਼ ਨਾਲ ਪਰਦੇ ਪਿਛਲੀ ਕੂਟਨੀਤਕ ਪ੍ਰਕਿਰਿਆ ਸਬੰਧੀ ਵੱਖ-ਵੱਖ ਰਿਪੋਰਟਾਂ ਆ ਰਹੀਆਂ ਹਨ। ਕੂਟਨੀਤਕ ਪ੍ਰਕਿਰਿਆ ਦੇ ਬਾਵਜੂਦ ਤਣਾਅ ਘਟਾਉਣ ਦੀ ਕੋਈ ਫੌਰੀ ਉਮੀਦ ਨਹੀਂ ਜਾਪਦੀ। ਟਕਰਾਅ ਉਨ੍ਹਾਂ ਖਾੜੀ ਮੁਲਕਾਂ ਤੱਕ ਵੀ ਫੈਲ ਗਿਆ ਹੈ, ਜਿੱਥੇ ਸਥਿਤ ਅਮਰੀਕੀ ਫ਼ੌਜੀ ਟਿਕਾਣਿਆਂ 'ਤੇ ਇਰਾਨੀ ਫ਼ੌਜਾਂ ਹਮਲੇ ਕਰ ਰਹੀਆਂ ਹਨ। ਇਰਾਨ ਵੱਲੋਂ ਹੋਰਮੁਜ਼ ਜਲਡਮਰੂ ਦੀ ਨਾਕਾਬੰਦੀ ਕਾਰਨ ਨਾਟੋ ਗੱਠਜੋੜ ਦੇ ਮੈਂਬਰ ਮੁਲਕਾਂ ਦੀ ਇਸ ਟਕਰਾਅ 'ਚ ਸ਼ਾਮਿਲ ਹੋਣ ਦੀ ਸੰਭਾਵਨਾ ਸੀ।

ਇਹ ਜੰਗ ਵੱਡਾ ਦੁਖਾਂਤ ਹੈ, ਜਿਸ ਨੇ 28 ਫਰਵਰੀ ਤੋਂ ਲੈ ਕੇ ਹੁਣ ਤੱਕ ਹਜ਼ਾਰਾਂ ਬੇਦੋਸ਼ੇ ਲੋਕਾਂ ਦੀਆਂ ਜਾਨਾਂ ਲਈਆਂ ਹਨ, ਵੱਡੇ ਰਿਹਾਇਸ਼ੀ ਖੇਤਰਾਂ ਨੂੰ ਮਲਬੇ ਵਿੱਚ ਬਦਲ ਦਿੱਤਾ ਹੈ ਅਤੇ ਪੂਰੀ ਦੁਨੀਆ ਦੇ ਤੇਲ, ਗੈਸ ਅਤੇ ਵਿੱਤੀ ਬਾਜ਼ਾਰਾਂ ਵਿੱਚ ਪੂਰੀ ਤਰ੍ਹਾਂ ਉਥਲ-ਪੁਥਲ ਮਚਾ ਦਿੱਤੀ ਹੈ। ਦੁਨੀਆ ਸਾਹਮਣੇ ਅਮਰੀਕਾ ਅਤੇ ਇਜ਼ਰਾਈਲ ਨੇ ਇਸ ਜੰਗ ਨੂੰ ਇਰਾਨ ਦੇ ਸੰਭਾਵੀ ਪ੍ਰਮਾਣੂ ਪ੍ਰੋਗਰਾਮ ਨੂੰ ਰੋਕਣ ਦੀ ਪੇਸ਼ਬੰਦੀ ਵਜੋਂ ਸਵੈ-ਰੱਖਿਆ ਲਈ ਕੀਤਾ ਗਿਆ ਹਮਲਾ ਦੱਸਿਆ ਸੀ। ਇਨ੍ਹਾਂ ਦੋਵਾਂ ਮੁਲਕਾਂ ਨੇ ਇਹ ਦਲੀਲ ਦਿੱਤੀ ਸੀ ਕਿ ਇਰਾਨੀ ਲੋਕਾਂ ਦੀ ਆਜ਼ਾਦੀ ਅਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਇਰਾਨ ਵਿੱਚ 'ਸੱਤਾ ਤਬਦੀਲੀ' ਜ਼ਰੂਰੀ ਸੀ। ਹਾਲਾਂਕਿ, ਇਸ ਜੰਗ ਨੂੰ ਬਹੁਤ ਘੱਟ ਲੋਕ ਨੈਤਿਕ ਅਤੇ ਕਾਨੂੰਨੀ ਤੌਰ 'ਤੇ ਵਾਜਬ ਮੰਨਦੇ ਹਨ। ਇਸ ਵਿਨਾਸ਼ਕਾਰੀ ਜੰਗ ਨੂੰ ਵਿਆਪਕ ਤੌਰ 'ਤੇ ਤਾਨਾਸ਼ਾਹੀ ਰਵੱਈਏ ਤਹਿਤ ਲੋਕਾਂ ਅਤੇ ਊਰਜਾ ਸਰੋਤਾਂ 'ਤੇ ਦਬਦਬਾ ਕਾਇਮ ਕਰਨ ਦੀ ਕੋਸ਼ਿਸ਼ ਵਜੋਂ ਦੇਖਿਆ ਜਾ ਰਿਹਾ ਹੈ। ਇਹ 1945 ਤੋਂ ਬਾਅਦ ਦੀ ਕੌਮਾਂਤਰੀ ਕਾਨੂੰਨੀ ਵਿਵਸਥਾ ਦੀ ਕਮਜ਼ੋਰੀ ਦਾ ਦੁਖਾਂਤਕ ਪ੍ਰਮਾਣ ਹੈ, ਜੋ 'ਨਿਰੋਲ ਤਾਕਤ' ਅਤੇ ਇਸ ਦੀ ਸਰਬਉੱਚਤਾ ਸਾਬਿਤ ਕਰਨ ਲਈ ਛੇੜੀਆਂ ਜਾਂਦੀਆਂ ਜੰਗਾਂ ਨੂੰ ਰੋਕਣ ਅਤੇ ਸ਼ਾਂਤੀ ਬਣਾਈ ਰੱਖਣ ਵਿੱਚ ਨਾਕਾਮ ਰਹੀ ਹੈ। ਵੈਨੇਜ਼ੁਏਲਾ ਦੇ ਰਾਸ਼ਟਰਪਤੀ ਤੇ ਉਨ੍ਹਾਂ ਦੀ ਪਤਨੀ ਨੂੰ ਉੱਥੋਂ ਚੁਕਵਾਉਣ ਦਾ ਡੋਨਲਡ ਟਰੰਪ ਦਾ ਕਾਰਨਾਮਾ ਅਤੇ ਉਸ ਦੀ ਸ਼ੁਰੂ ਕੀਤੀ 'ਟੈਰਿਫ ਜੰਗ' ਇਸ ਤੱਥ ਦੀ ਗਵਾਹੀ ਦਿੰਦੇ ਹਨ ਕਿ ਸੰਯੁਕਤ ਰਾਸ਼ਟਰ ਚਾਰਟਰ ਤਹਿਤ ਬਣਾਈ ਗਈ ਕੌਮਾਂਤਰੀ ਕਾਨੂੰਨ ਵਿਵਸਥਾ ਅਤੇ ਜਨੇਵਾ ਕਨਵੈਨਸ਼ਨਾਂ ਤੇ ਹੋਰ ਸੰਧੀਆਂ ਤਹਿਤ ਬਣਾਏ ਗਏ ਕੌਮਾਂਤਰੀ ਮਾਨਵਤਾਵਾਦੀ ਕਾਨੂੰਨ ਹੁਣ ਕਾਰਗਰ ਨਹੀਂ ਰਹੇ।



ਰਾਸ਼ਟਰਪਤੀ ਟਰੰਪ ਦਾ ਇਹ ਦਾਅਵਾ ਕਿ 25 ਜੂਨ ਨੂੰ ਇਜ਼ਰਾਈਲ ਵੱਲੋਂ ਕੀਤੇ ਗਏ ਹਮਲਿਆਂ ਨੇ ਇਰਾਨ ਦੀ ਬੈਲਿਸਟਿਕ ਮਿਜ਼ਾਈਲ ਸਮਰੱਥਾ ਨੂੰ ਪੂਰੀ ਤਰ੍ਹਾਂ ਖ਼ਤਮ ਕਰ ਦਿੱਤਾ ਸੀ, ਇਸ ਜੰਗ ਦੇ ਹੱਕ ਵਿੱਚ ਦਿੱਤੀਆਂ ਗਈਆਂ ਦਲੀਲਾਂ ਦੇ ਇੱਕ ਨਿਰਣਾਇਕ ਅਤੇ ਅੰਤਿਮ ਸਿੱਟੇ ਨੂੰ ਦਰਸਾਉਂਦਾ ਹੈ। ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੀ ਇਜਾਜ਼ਤ ਜਾਂ ਅਮਰੀਕੀ ਕਾਂਗਰਸ ਦੀ ਅਗਾਊਂ ਪ੍ਰਵਾਨਗੀ ਤੋਂ ਬਿਨਾਂ ਅਤੇ 1973 ਦੇ 'ਜੰਗੀ ਸ਼ਕਤੀਆਂ ਬਾਰੇ ਮਤੇ' ਦੀ ਉਲੰਘਣਾ ਕਰਦਿਆਂ ਸੰਯੁਕਤ ਰਾਜ ਅਮਰੀਕਾ ਅਤੇ ਇਜ਼ਰਾਈਲ ਵੱਲੋਂ ਰਲ ਕੇ ਇਰਾਨ 'ਤੇ ਕੀਤਾ ਗਿਆ ਇਹ ਹਮਲਾ ਕਾਨੂੰਨੀ ਤੌਰ 'ਤੇ ਬਿਲਕੁਲ ਵੀ ਵਾਜਬ ਨਹੀਂ ਹੈ। ਇਰਾਨੀ ਸਿਆਸੀ ਆਗੂਆਂ ਦੀ ਹੱਤਿਆ ਅਤੇ ਇਰਾਨ ਅੰਦਰ ਆਮ ਨਾਗਰਿਕਾਂ ਵਾਲੇ ਰਿਹਾਇਸ਼ੀ ਇਲਾਕਿਆਂ 'ਤੇ ਵੱਡੇ ਪੱਧਰ ਉੱਤੇ ਹੋਏ ਫ਼ੌਜੀ ਹਮਲੇ 'ਵਖਰੇਵੇਂ, ਅਨੁਪਾਤਕਤਾ, ਫ਼ੌਜੀ ਪੱਖ ਤੋਂ ਹਮਲੇ ਦੀ ਲੋੜ ਅਤੇ ਸਾਵਧਾਨੀ' ਦੇ ਬੁਨਿਆਦੀ ਸਿਧਾਂਤਾਂ ਦੀ ਉਲੰਘਣਾ ਹਨ। 'ਗਲੋਬਲ ਸਾਊਥ' (ਵਿਕਾਸਸ਼ੀਲ ਮੁਲਕਾਂ) ਦੇ ਕਈ ਪ੍ਰਮੁੱਖ ਆਗੂਆਂ ਦੀ ਵਾਰ-ਵਾਰ ਮੰਗ ਦੇ ਬਾਵਜੂਦ ਅਮਰੀਕਾ ਜਾਂ ਇਜ਼ਰਾਈਲ 'ਤੇ ਇਰਾਨ ਵੱਲੋਂ ਸੰਭਾਵੀ ਪ੍ਰਮਾਣੂ ਹਮਲੇ ਬਾਰੇ ਕੋਈ ਠੋਸ ਸਬੂਤ ਅਜੇ ਤੱਕ ਪੇਸ਼ ਨਹੀਂ ਕੀਤੇ ਗਏ।

ਇਜ਼ਰਾਈਲ ਅਤੇ ਸੰਯੁਕਤ ਰਾਜ ਅਮਰੀਕਾ ਦੋਵਾਂ ਵੱਲੋਂ ਇਰਾਨ ਵਿੱਚ ਸੱਤਾ ਤਬਦੀਲੀ ਦੀ ਦਲੀਲ ਦਿੰਦਿਆਂ ਤਾਕਤ ਦੀ ਵਰਤੋਂ ਨੂੰ ਜਾਇਜ਼ ਠਹਿਰਾਉਣ ਦੀ ਕੋਸ਼ਿਸ਼ ਕੀਤੀ ਗਈ, ਜੋ ਨੇਸ਼ਨ ਸਟੇਟਸ ਦੀ ਖੇਤਰੀ ਅਖੰਡਤਾ ਅਤੇ ਪ੍ਰਭੂਸੱਤਾ ਨੂੰ ਕਾਇਮ ਰੱਖਣ ਦੇ ਸਿਧਾਂਤ 'ਤੇ ਆਧਾਰਿਤ ਕੌਮਾਂਤਰੀ ਕਾਨੂੰਨ ਦੇ ਬੁਨਿਆਦੀ ਸਿਧਾਂਤਾਂ ਦੇ ਉਲਟ ਹੈ। 'ਪੱਛਮੀ ਸਹਾਰਾ' ਕੇਸ ਵਿੱਚ ਇੰਟਰਨੈਸ਼ਨਲ ਕੋਰਟ ਔਫ ਜਸਟਿਸ ਦੇ ਜੱਜ ਹਾਰਡੀ ਡਿਲਾਰਡ ਵੱਲੋਂ ਸੰਨ 1975 ਵਿੱਚ ਕੀਤੀ ਗਈ ਇਹ ਟਿੱਪਣੀ ਐਨ ਢੁਕਵੀਂ ਹੈ ਕਿ 'ਕਿਸੇ ਖਿੱਤੇ ਦਾ ਭਵਿੱਖ ਲੋਕ ਤੈਅ ਕਰਦੇ ਹਨ, ਨਾ ਕਿ ਲੋਕਾਂ ਦਾ ਭਵਿੱਖ ਖਿੱਤੇ ਤੈਅ ਕਰਨ'। ਜੇਕਰ ਸੱਤਾ ਤਬਦੀਲੀ ਦੀ ਮਨਘੜਤ ਦਲੀਲ ਨੂੰ ਵਾਜਬ ਠਹਿਰਾ ਕੇ ਕਿਸੇ ਪ੍ਰਭੂਸੱਤਾ ਸੰਪੰਨ ਰਾਸ਼ਟਰ ਖ਼ਿਲਾਫ਼ ਜੰਗ ਛੇੜੀ ਵੀ ਜਾਣੀ ਹੋਵੇ ਤਾਂ ਵੀ ਇਸ ਲਈ ਸੰਯੁਕਤ ਰਾਸ਼ਟਰ ਚਾਰਟਰ ਅਤੇ ਯੁੱਧ ਦੇ ਕਾਨੂੰਨ ਦੋਵੇਂ ਨਵੇਂ ਸਿਰਿਉਂ ਲਿਖਣੇ ਪੈਣਗੇ। ਇਰਾਨ ਨਾਲ ਵੱਡੇ ਪੱਧਰ 'ਤੇ ਹੋ ਰਹੇ ਧੱਕੇ ਅਤੇ ਕਤਲਾਂ ਦੀ ਕੌਮਾਂਤਰੀ ਭਾਈਚਾਰੇ ਦੀ ਸਮੂਹਿਕ ਜ਼ਮੀਰ ਦੇ ਅਪਮਾਨ ਵਜੋਂ ਨਿੰਦਾ ਕੀਤੀ ਜਾਣੀ ਬਿਲਕੁਲ ਵਾਜਬ ਹੈ।

ਦੁਨੀਆ ਭਰ ਵਿੱਚ ਯੂਕਰੇਨ, ਗਾਜ਼ਾ, ਵੈਨੇਜ਼ੁਏਲਾ ਅਤੇ ਇਰਾਨ ਦੀਆਂ ਜੰਗਾਂ ਅਤੇ ਸੰਯੁਕਤ ਰਾਜ ਅਮਰੀਕਾ ਵੱਲੋਂ ਸ਼ੁਰੂ ਕੀਤੀ ਗਈ ਆਲਮੀ ਟੈਰਿਫ ਜੰਗ ਸਾਨੂੰ ਅਸਲੀਅਤ ਅਤੇ ਤਾਕਤ ਦੇ ਸੁਭਾਅ ਬਾਰੇ ਦਾਰਸ਼ਨਿਕ ਪੱਖ ਤੋਂ ਸੋਚਣ ਲਈ ਮਜਬੂਰ ਕਰਦੀ ਹੈ। ਮਨੁੱਖਤਾ ਦੇ ਦੁਖਾਂਤ ਪ੍ਰਤੀ ਆਲਮੀ ਪੱਧਰ 'ਤੇ ਸਿਆਸੀ ਲੀਡਰਸ਼ਿਪ ਦੀ ਪ੍ਰਤੱਖ ਉਦਾਸੀਨਤਾ ਸੱਭਿਅਤਾ ਦੇ ਮੁੜ ਪਿਛਲਖੁਰੀਂ ਜਾ ਕੇ ਅਸੱਭਿਅਤਾ ਵੱਲ ਮੁੜਨ ਦਾ ਸੰਕੇਤ ਹੈ। ਇਹ ਇੱਕ ਅਜਿਹੀ ਦੁਨੀਆ ਦੇ 'ਲੰਮੇ ਅਤੇ ਵਿਆਪਕ ਪਤਨ' ਨੂੰ ਦਰਸਾਉਂਦੀ ਹੈ, ਜਿਸ ਨੂੰ ਤਾਕਤ ਦੀ ਧੌਂਸ ਦੇ ਸਨਮੁੱਖ ਲਗਾਤਾਰ ਹੋਰ ਵਧੇਰੇ ਸੱਭਿਅਕ ਬਣਨ ਦੀ ਇੱਛਾ ਪਾਲਣੀ ਚਾਹੀਦੀ ਹੈ। ਫਿਰ ਵੀ ਭਾਵੇਂ ਅਸੀਂ ਵਿਸ਼ਵਵਿਆਪੀ ਸ਼ਾਂਤੀ ਦੇ ਜ਼ਾਮਨ ਵਜੋਂ ਕੌਮਾਂਤਰੀ ਕਾਨੂੰਨ ਦੀ ਮੌਤ ਨਹੀਂ ਤਾਂ ਘੱਟੋ-ਘੱਟ ਇਸ ਦੀ ਪਾਲਣਾ ਵਿੱਚ ਆਏ ਨਿਘਾਰ ਦਾ ਸੋਗ ਮਨਾ ਰਹੇ ਹਾਂ, ਪਰ ਸਾਨੂੰ ਹਾਲੇ ਵੀ ਇਸ ਵਿਚਾਰ ਨਾਲ ਰਤਾ ਦਿਲਾਸਾ ਮਿਲ ਸਕਦਾ ਹੈ ਕਿ "ਤੁਸੀਂ ਦੁਨੀਆ ਨੂੰ ਬੰਬਾਂ ਨਾਲ ਉਡਾ ਸਕਦੇ ਹੋ, ਪਰ ਤੁਸੀਂ ਦੁਨੀਆ ਵਿੱਚ ਬੰਬਾਂ ਨਾਲ ਸ਼ਾਂਤੀ ਨਹੀਂ ਲਿਆ ਸਕਦੇ।"

ਅਸੀਂ ਇਤਿਹਾਸ ਦੀਆਂ ਉਦਾਹਰਣਾਂ ਤੋਂ ਜਾਣਿਆ ਹੈ ਕਿ ਜੰਗ ਆਪਣੇ ਆਪ ਵਿੱਚ ਇੱਕ ਮਸਲਾ ਹੈ, ਇਹ ਸਾਡੀ ਦੁਨੀਆ ਵਿਚਲੀਆਂ ਨਾਬਰਾਬਰੀਆਂ ਦਾ ਹੱਲ ਨਹੀਂ ਅਤੇ ਕਿਸੇ ਵੀ ਰੂਪ ਵਿੱਚ ਹੁੰਦੀ ਬੇਇਨਸਾਫ਼ੀ 'ਚ ਇਨਕਲਾਬ ਦੇ ਬੀਜ ਪਏ ਹੁੰਦੇ ਹਨ। ਅਸੀਂ ਇਹ ਵੀ ਜਾਣਦੇ ਹਾਂ ਕਿ ਜੰਗ ਦੀ ਤਬਾਹੀ ਦੇ ਅਮਾਨਵੀਕਰਨ ਤੋਂ ਮੁਕਤ ਹੋਏ ਬਿਨਾਂ ਮਾਨਵਵਾਦੀ ਵਿਸ਼ਵ ਵਿਵਸਥਾ ਸਥਾਪਤ ਕਰਨ ਦਾ ਸੁਪਨਾ ਮਹਿਜ਼ ਮ੍ਰਿਗ ਤ੍ਰਿਸ਼ਨਾ ਹੀ ਰਹੇਗਾ।

ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਸ਼ਾਂਤੀ ਬਹਾਲੀ ਅਤੇ ਤਣਾਅ ਘਟਾਉਣ ਬਾਰੇ ਵਾਰ-ਵਾਰ ਅਪੀਲਾਂ ਕੀਤੀਆਂ ਗਈਆਂ ਹਨ। ਇਹ ਮੁਲਕਾਂ ਦਰਮਿਆਨ ਸ਼ਾਂਤੀਪੂਰਨ ਸਹਿਹੋਂਦ ਅਤੇ ਵਿਵਾਦ ਦੇ ਹੱਲ ਵਜੋਂ ਜੰਗ ਛੇੜਨ ਵਿੱਚ ਪਹਿਲ ਨਾ ਕਰਨ ਦੀ ਭਾਰਤ ਦੀ ਨੀਤੀ ਮੁਤਾਬਿਕ ਹੈ। ਅਜਿਹੀ ਪਹੁੰਚ ਅਪਣਾ ਕੇ ਤਾਕਤ ਦੇ ਸਾਮਰਾਜਵਾਦੀ ਦੁਰਉਪਯੋਗ ਵਿਰੁੱਧ ਇੱਕ ਸੁਰੱਖਿਆ ਕਵਚ ਵਜੋਂ ਇਸ ਨਾਲ ਕੌਮਾਂਤਰੀ ਕਾਨੂੰਨ ਵਿਵਸਥਾ ਦੀ ਸਖ਼ਤੀ ਨਾਲ ਪਾਲਣਾ ਯਕੀਨੀ ਬਣਾਈ ਜਾ ਸਕਦੀ ਹੈ। ਇਹ ਉਨ੍ਹਾਂ ਤਾਕਤਾਂ ਦੀ ਕੌਮਾਂਤਰੀ ਕਾਨੂੰਨ ਦੇ ਮੂਲ ਤੱਤ ਅਤੇ ਪ੍ਰਕਿਰਿਆਵਾਂ ਨਾਲ ਪ੍ਰਤੀਬੱਧਤਾ 'ਤੇ ਨਿਰਭਰ ਕਰਦਾ ਹੈ, ਜਿਨ੍ਹਾਂ ਦੇ ਹੱਥਾਂ ਵਿੱਚ ਕੌਮਾਂਤਰੀ ਕਾਨੂੰਨ ਅਤੇ ਨੈਤਿਕਤਾ ਦੇ ਆਧਾਰ 'ਤੇ ਪੂਰੀ ਦੁਨੀਆ 'ਚ ਨਿਆਂ ਨੂੰ ਕਾਇਮ ਰੱਖਣ ਲਈ ਸੱਤਾ ਦੀ ਵਾਗਡੋਰ ਹੈ। ਇਸ ਨਾਜ਼ੁਕ ਮੋੜ 'ਤੇ ਭਾਰਤ ਦੀ ਭੂਮਿਕਾ ਇੱਕ ਸ਼ਾਂਤੀ ਦੂਤ ਦੀ ਹੋਣੀ ਚਾਹੀਦੀ ਹੈ, ਜੋ ਸਾਡੀ ਪ੍ਰਾਚੀਨ 'ਵਸੁਧੈਵ ਕੁਟੁੰਬਕਮ' ਦੇ ਫਲਸਫ਼ੇ ਅਤੇ ਨਹਿਰੂਵਾਦੀ ਅੰਤਰ-ਰਾਸ਼ਟਰਵਾਦ 'ਤੇ ਆਧਾਰਿਤ ਸਾਡੀ ਵਿਦੇਸ਼ ਨੀਤੀ ਦੀਆਂ ਸਰਬੋਤਮ ਰਵਾਇਤਾਂ ਦੇ ਅਨੁਕੂਲ ਹੋਵੇ।

ਸਾਡੇ ਵਿਚਾਰਾਂ ਨੂੰ ਤਾਕਤ ਦੇ ਬਦਲਦੇ ਸਮੀਕਰਣਾਂ ਦੀ ਅਸਲੀਅਤ ਅਤੇ ਮੁਲਕ ਦੀਆਂ ਪ੍ਰਮੁੱਖ ਤਰਜੀਹਾਂ ਨੂੰ ਅੱਗੇ ਵਧਾਉਣ ਵਿੱਚ ਭੂ-ਸਿਆਸਤ ਦੇ ਦਬਾਅ ਨੂੰ ਵੀ ਪਛਾਣਨਾ ਪਵੇਗਾ ਤਾਂ ਜੋ ਸਾਡੀ ਗੱਲ ਨੂੰ ਦੁਨੀਆ ਸਨਮਾਨ ਨਾਲ ਸੁਣੇ। ਅਮਰੀਕਾ-ਇਜ਼ਰਾਈਲ ਅਤੇ ਇਰਾਨ ਦੀ ਜੰਗ ਦੌਰਾਨ ਲਗਾਤਾਰ ਬਦਲਦੇ ਹਾਲਾਤ ਮੁਤਾਬਿਕ ਪ੍ਰਤੀਕਿਰਿਆ ਦਿੰਦਿਆਂ ਸਰਕਾਰ ਦੇ ਫ਼ੈਸਲੇ ਦਾ ਸਨਮਾਨ ਇਸ ਗੱਲ 'ਤੇ ਨਿਰਭਰ ਕਰੇਗਾ ਕਿ ਇਹ ਇਸ ਨੈਤਿਕ ਲੋੜ ਸਮੇਂ ਰਾਸ਼ਟਰੀ ਹਿੱਤਾਂ ਦੀ ਰੱਖਿਆ ਕਿਵੇਂ ਕਰਦੀ ਹੈ। ਭਾਵੇਂ ਦੇਸ਼ ਦੀਆਂ ਵਿਦੇਸ਼ ਅਤੇ ਸੁਰੱਖਿਆ ਨੀਤੀਆਂ ਵੀ ਚਰਚਾ ਦੇ ਘੇਰੇ ਤੋਂ ਬਾਹਰ ਨਹੀਂ ਹਨ, ਪਰ ਫਿਰ ਵੀ ਇਸ ਵਿਸ਼ੇ 'ਤੇ ਜਨਤਕ ਚਰਚਾ ਵਿੱਚ ਇਸ ਗੱਲ ਨੂੰ ਸਵੀਕਾਰ ਕਰਨਾ ਚਾਹੀਦਾ ਹੈ ਕਿ ਅਸਲ ਵਿੱਚ ਦੇਸ਼ ਅੰਦਰ ਟੀਚੇ ਹਾਸਲ ਕਰਨ ਲਈ ਸਾਧਨ ਸੰਪੰਨ ਹੋਣ ਸਦਕਾ ਸਰਕਾਰ ਹੀ ਵੱਖ-ਵੱਖ ਕਾਰਕਾਂ ਦਾ ਲਾਭ ਉਠਾ ਸਕਦੀ ਹੈ। ਵਿਦੇਸ਼ ਨੀਤੀ ਸਬੰਧੀ ਸਰਕਾਰ ਦੇ ਮੁਖੀ ਅਤੇ ਇਸ ਦੀ ਸਮਰੱਥ ਵਿਦੇਸ਼ ਨੀਤੀ ਵਿਵਸਥਾ ਸਥਾਪਿਤ ਕਰਨ ਅਤੇ ਚਲਾਉਣ ਵਾਲਿਆਂ ਉੱਤੇ ਬਦਨੀਤੀ ਦੇ ਦੋਸ਼ ਲਗਾਉਣਾ ਸਿਆਸੀ ਪੱਖ ਤੋਂ ਉਚਿਤ ਨਹੀਂ ਹੈ। ਕਿਸੇ ਵੀ ਹਾਲਤ ਵਿੱਚ ਚੁਭਵੇਂ ਸ਼ਬਦਾਂ 'ਚ ਆਲੋਚਨਾ ਦੀ ਥਾਂ ਅਸਹਿਮਤੀ ਦੇ ਪ੍ਰਗਟਾਵੇ ਲਈ ਸੰਜਮੀ ਸ਼ਬਦਾਵਲੀ ਵਧੇਰੇ ਪ੍ਰਭਾਵਸ਼ਾਲੀ ਹੁੰਦੀ ਹੈ।


ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਕੂਟਨੀਤੀ ਦੀ ਅਸਲ ਚੁਣੌਤੀ ਦੋਵਾਂ ਧਿਰਾਂ ਦੀ ਸਹਿਮਤੀ ਨਾਲ ਸਿਧਾਂਤ ਅਤੇ ਤਾਕਤ ਦਾ ਸੁਮੇਲ ਬਣਾਉਣ ਦੀ ਹੈ ਤਾਂ ਜੋ ਸ਼ਕਤੀ-ਸੰਤੁਲਨ ਦੁਆਰਾ ਪਰਿਭਾਸ਼ਿਤ ਮੁਲਕਾਂ ਨਾਲ ਸੰਵਾਦ ਦੇ ਮਾਮਲੇ ਵਿੱਚ ਕਿਧਰੇ ਅਸੀਂ ਅਪ੍ਰਸੰਗਿਕ ਨਾ ਹੋ ਜਾਈਏ। ਅੱਜ ਜਦੋਂ ਅਸੀਂ ਦੁਨੀਆ 'ਚ ਸਰਬਉੱਚ ਕਹਾਉਂਦੇ ਮੁਲਕ ਨੂੰ ਸੱਭਿਅਕ ਕਾਨੂੰਨ ਦੇ ਅਨੁਸ਼ਾਸਨ ਅਤੇ ਜ਼ਮੀਰ ਦਾ ਸਬਕ ਸਿਖਾਉਣਾ ਚਾਹੁੰਦੇ ਹਾਂ ਤਾਂ ਅਸੀਂ ਇਹ ਯਕੀਨੀ ਬਣਾਈਏ ਕਿ ਭਾਰਤ ਅਜਿਹੀ ਦੁਨੀਆ ਵਿੱਚ ਉਸ ਮਨਮਰਜ਼ੀ ਕਰਨ ਵਾਲੇ ਮੁਲਕ ਦੇ ਇਕਤਰਫ਼ਾ ਫ਼ੈਸਲਿਆਂ ਨਾਲ ਮੂਕ ਸਹਿਮਤੀ ਨਹੀਂ ਪ੍ਰਗਟਾ ਸਕਦਾ, ਜਿਸ ਵਿੱਚ ਬਹੁ-ਧਰੁਵਤਾ ਅਤੇ ਦੁਨੀਆ ਦੇ ਬਹੁ-ਸੰਮਤੀਵਾਦ ਦੇ ਆਧਾਰ ਵਾਲੇ ਲੋਕਾਂ ਦੀ ਪਛਾਣ ਹੀ ਹੋਵੇਗੀ।


## 'ਪਰਦੇਸ ਟਾਇਮਜ਼' ਦੇ ਆਨਰੇਰੀ ਸਲਾਹਕਾਰ ਤੇ ਸਹਿਯੋਗੀ

(1) ਰਣਜੀਤ ਕੰਦੋਲਾ
(2) ਅਵਤਾਰ ਸਿੰਘ ਸਹੋਤਾ
(3) ਇੰਦਰਜੀਤ ਸਿੰਘ, ਹੇਵਰਡ
(4) ਜਸਵੀਰ ਸਿੰਘ ਕੁਲਾਰ
(5) ਗੁਰਚਰਨ ਸਿੰਘ ਮਾਨ
(6) ਡਾ. ਚਰਨਜੀਤ ਸਿੰਘ ਉਪਲ
(7) ਪਰਮਪਾਲ ਸਿੰਘ
(8) ਸ. ਮਹਿੰਗਾ ਸਿੰਘ ਸਰਪੰਚ
(9) ਕੁਲਦੀਪ ਸਿੰਘ ਅਟਵਾਲ
(10) ਸੁਰਜੀਤ ਸਿੰਘ ਅਟਵਾਲ
(11) ਭੁਪਿੰਦਰ ਸਿੰਘ ਪਦਮ
(12) ਡਾ. ਹਰਮੇਸ਼ ਕੁਮਾਰ
(13) ਸੁਰਿੰਦਰ ਸਿੰਘ ਧਨੋਆ
(14) ਕਸ਼ਮੀਰ ਸਿੰਘ ਧੁੱਗਾ
(15) ਬਲਦੇਵ ਸਿੰਘ ਮਾਨ
(16) ਰਾਜ ਬਡਵਾਲ
(17) ਪ੍ਰੋ. ਜਸਪਾਲ ਸਿੰਘ ਸੈਣੀ
(18) ਜਸਵੀਰ ਸਿੰਘ ਤੱਖਰ
(19) ਸੁਖਵਿੰਦਰ ਭੇਲਾ
(20) ਰਵਿੰਦਰ ਪਾਲ
(21) ਅਟਾਰਨੀ ਤਨਵੀਰ ਜੋਸ਼ੀ
(22) ਰੋਜ਼ੀ ਕਮਲ ਕੌਰ
(23) ਦਵਿੰਦਰ ਸਿੰਘ ਪਾਬਲਾ

# ਖਾੜੀ ਜੰਗ 'ਚ ਕਈ ਭਾਰਤੀਆਂ ਦੀ ਮੌਤ, ਲਗਭਗ 5.5 ਲੱਖ ਭਾਰਤ ਪਰਤੇ

ਪੱਛਮੀ ਏਸ਼ੀਆ ਸੰਘਰਸ਼ ਦੇ ਵਿਚਕਾਰ ਵਿਦੇਸ਼ ਮੰਤਰਾਲੇ ਨੇ ਸੋਮਵਾਰ ਨੂੰ ਕਿਹਾ ਕਿ ਖੇਤਰ ਵਿੱਚ "ਵੱਖ-ਵੱਖ ਘਟਨਾਵਾਂ" ਵਿੱਚ ਅੱਠ ਭਾਰਤੀ ਨਾਗਰਿਕਾਂ ਦੀ ਜਾਨ ਚਲੀ ਗਈ ਹੈ ਜਦੋਂ ਕਿ ਇੱਕ ਲਾਪਤਾ ਹੈ। ਪੱਛਮੀ ਏਸ਼ੀਆ ਦੀ ਸਥਿਤੀ 'ਤੇ ਇੱਥੇ ਇੱਕ ਅੰਤਰ-ਮੰਤਰਾਲਾ ਬ੍ਰੀਫਿੰਗ ਵਿੱਚ ਵਿਦੇਸ਼ ਮੰਤਰਾਲੇ ਦੇ ਵਧੀਕ ਸਕੱਤਰ (ਖਾੜੀ), ਅਸੀਮ ਆਰ ਮਹਾਜਨ ਨੇ ਇਹ ਵੀ ਕਿਹਾ, "ਕੱਲ੍ਹ, ਕੁਵੈਤ ਵਿੱਚ ਇੱਕ ਹਮਲੇ ਵਿੱਚ ਇੱਕ ਭਾਰਤੀ ਨਾਗਰਿਕ ਦੀ ਮੰਦਭਾਗੀ ਮੌਤ ਹੋ ਗਈ ਸੀ।" ਹਾਲਾਂਕਿ ਉਨ੍ਹਾਂ ਨੇ ਇਸ ਮੌਤ ਦੇ ਹਾਲਾਤਾਂ ਬਾਰੇ ਵਿਸਥਾਰ ਵਿੱਚ ਨਹੀਂ ਦੱਸਿਆ। ਉਨ੍ਹਾਂ ਕਿਹਾ, "ਅਸੀਂ ਮ੍ਰਿਤਕ ਦੇ ਪਰਿਵਾਰ ਨਾਲ ਡੂੰਘੀ ਹਮਦਰਦੀ ਪ੍ਰਗਟ ਕਰਦੇ ਹਾਂ। ਕੁਵੈਤ ਵਿੱਚ ਸਾਡਾ ਮਿਸ਼ਨ ਮ੍ਰਿਤਕ ਦੇ ਪਰਿਵਾਰ ਦੇ ਸੰਪਰਕ ਵਿੱਚ ਹੈ ਅਤੇ ਹਰ ਤਰ੍ਹਾਂ ਦੀ ਸਹਾਇਤਾ ਪ੍ਰਦਾਨ ਕਰਨ ਅਤੇ ਉਸਦੀ ਮ੍ਰਿਤਕ ਦੇਹ ਨੂੰ ਜਲਦੀ ਭਾਰਤ ਵਾਪਸ ਭੇਜਣ ਲਈ ਸਥਾਨਕ ਅਧਿਕਾਰੀਆਂ ਨਾਲ ਨਜ਼ਦੀਕੀ ਤਾਲਮੇਲ ਕਰ ਰਿਹਾ ਹੈ।" 20 ਮਾਰਚ ਨੂੰ ਪੱਛਮੀ ਏਸ਼ੀਆ ਦੀ ਸਥਿਤੀ 'ਤੇ ਅੰਤਰ-ਮੰਤਰਾਲਾ ਬ੍ਰੀ-ਫਿੰਗ ਦੌਰਾਨ ਮਹਾਜਨ ਨੇ ਪੱਤਰਕਾਰਾਂ ਨੂੰ ਦੱਸਿਆ ਸੀ ਕਿ "ਵੱਖ-ਵੱਖ ਘਟਨਾਵਾਂ" ਵਿੱਚ ਛੇ ਭਾਰਤੀ ਨਾਗਰਿਕਾਂ ਦੀ ਜਾਨ ਗਈ ਸੀ ਜਦੋਂ ਕਿ ਇੱਕ ਲਾਪਤਾ ਸੀ। ਸੋਮਵਾਰ ਨੂੰ ਉਨ੍ਹਾਂ ਨੇ ਤਾਜ਼ਾ ਜਾਣਕਾਰੀ ਸਾਂਝੀ ਕਰਦਿਆਂ ਕਿਹਾ, "ਮੰਦਭਾਗੀ ਗੱਲ ਹੈ ਕਿ ਅੱਠ ਭਾਰਤੀ ਨਾਗਰਿਕਾਂ ਦੀ ਮੌਤ ਹੋ ਗਈ ਹੈ ਅਤੇ ਵੱਖ-ਵੱਖ ਘਟਨਾਵਾਂ ਵਿੱਚ ਇੱਕ ਭਾਰਤੀ ਨਾਗਰਿਕ ਲਾਪਤਾ ਹੈ।" ਸਊਦੀ ਅਰਬ ਸਥਿਤ ਭਾਰਤੀ ਦੂਤਾਵਾਸ ਨੇ ਹਾਲ ਹੀ ਵਿੱਚ ਕਿਹਾ ਸੀ ਕਿ 18 ਮਾਰਚ ਦੀਆਂ ਤਾਜ਼ਾ ਘਟਨਾਵਾਂ ਕਾਰਨ ਰਿਆਦ ਵਿੱਚ ਇੱਕ ਭਾਰਤੀ ਨਾਗਰਿਕ ਮਾਰਿਆ ਗਿਆ ਸੀ। ਮੰਤਰਾਲੇ ਨੇ ਇਹ ਵੀ ਸਾਂਝਾ ਕੀਤਾ ਕਿ 28 ਫਰਵਰੀ ਤੋਂ ਹੁਣ ਤੱਕ ਖੇਤਰ ਤੋਂ ਲਗਪਗ 5.5 ਲੱਖ ਯਾਤਰੀ ਭਾਰਤ ਵਾਪਸ ਆਏ ਹਨ। ਵਿਦੇਸ਼ ਮੰਤਰਾਲੇ ਨੇ ਸੋਮਵਾਰ ਨੂੰ ਦੁਹਰਾਇਆ ਕਿ ਉਹ ਖਾੜੀ ਅਤੇ ਪੱਛਮੀ ਏਸ਼ੀਆ ਖੇਤਰ ਵਿੱਚ ਬਦਲਦੀ ਸਥਿਤੀ ਦੀ ਨੇੜਿਓਂ ਨਿਗਰਾਨੀ ਕਰਨਾ ਜਾਰੀ ਰੱਖ ਰਿਹਾ ਹੈ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਕਿਹਾ, "ਅਸੀਂ ਸੰਜਮ ਵਰਤਣ ਅਤੇ ਤਣਾਅ ਘਟਾਉਣ ਦੀ ਅਪੀਲ ਜਾਰੀ ਰੱਖਦੇ ਹਾਂ,ਅਤੇ ਨਾਲ ਹੀ ਸੰਘਰਸ਼ ਨੂੰ ਜਲਦੀ ਖਤਮ ਕਰਨ ਦੇ ਸਾਧਨ ਵਜੋਂ ਗੱਲਬਾਤ ਅਤੇ ਕੂਟਨੀਤੀ 'ਤੇ ਜ਼ੋਰ ਦਿੰਦੇ ਹਾਂ।"




'ਪਰਦੇਸ ਟਾਇਮਜ਼' ਇਕ ਯੋਗ ਵਰ ਲੱਭਣ ਵਿਚ ਤੁਹਾਡੀ ਬਹੁਤ ਸਹਾਇਤਾ ਕਰ ਸਕਦਾ ਹੈ। ਆਪਣਾ ਇਸ਼ਤਿਹਾਰ ਬੁੱਕ ਕਰਨ ਲਈ

ਸੰਪਰਕ ਕਰੋ: **510-938-7771** **shaadi@pardestimes.com**

## ਲੜਕੀ ਦੀ ਲੋੜ

ਜੱਟ ਸਿੱਖ, ਰਾਏ, ਲੜਕਾ, ਅਮਰੀਕਾ ਵਿਚ ਜਨਮਿਆ, ਕੱਦ 6 ਫੁੱਟ, ਸਾਫਟਵੇਅਰ ਇੰਜੀਨੀਅਰ ਅਤੇ ਫੈਮਲੀ ਬਿਜ਼ਨਸ, ਆਪਣਾ ਕਾਰੋਬਾਰ, ਲਈ ਅਮਰੀਕਾ ਵਿਚ ਰਹਿੰਦੀ ਪੜ੍ਹੀ-ਲਿਖੀ, ਕੁਆਲੀਫਾਈਡ ਲੜਕੀ ਦੀ ਲੋੜ ਹੈ। ਸੰਪਰਕ ਕਰੋ 713-291-2102

---

ਜੱਟ ਸਿੱਖ ਬੈਂਸ, 24 ਸਾਲਾ, 5 ਫੁੱਟ 10 ਇੰਚ ਕੱਦ, ਬਹੁਤ ਹੀ ਸੋਹਣਾ ਤੇ ਹਾਈ ਸਕੂਲ ਪਾਸ, ਜੋ ਅਮਰੀਕਾ ਵਿਚ ਪਿਛਲੇ 4 ਸਾਲਾਂ ਤੋਂ ਰਹਿ ਰਿਹਾ ਹੈ, ਕੰਮ ਕਰਦੇ ਲੜਕੇ ਲਈ ਯੋਗ ਸਿਟੀਜ਼ਨ ਲੜਕੀ ਦੀ ਲੋੜ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ 510-304-6982

# ਮੌਤ ਤੋਂ ਬਾਅਦ ਵੀ ਖ਼ਤਮ ਨਹੀਂ ਹੁੰਦੇ ਅਧਿਕਾਰ

ਮੱਧ ਪ੍ਰਦੇਸ਼ ਹਾਈ ਕੋਰਟ ਨੇ ਇਕ ਅਹਿਮ ਹੁਕਮ 'ਚ ਕਿਹਾ ਹੈ ਕਿ ਕਿਸੇ ਦੇ ਵੀ ਅਧਿਕਾਰ ਉਸਦੀ ਮੌਤ ਤੋਂ ਬਾਅਦ ਖ਼ਤਮ ਨਹੀਂ ਹੁੰਦੇ। ਇਸ ਤਰਕ ਦੇ ਆਧਾਰ 'ਤੇ ਹਾਈ ਕੋਰਟ ਨੇ ਖੇਤੀਬਾੜੀ ਵਿਭਾਗ 'ਚ ਅਧਿਕਾਰੀ ਰਹੇ ਵਿਅਕਤੀ ਦੀ ਮੌਤ ਤੋਂ ਬਾਅਦ ਵੀ ਉਨ੍ਹਾਂ ਦੀ ਲਟਕੀ ਤਰੱਕੀ ਨਿਰਧਾਰਿਤ ਸਮੇਂ 'ਚ ਦੇ ਕੇ ਉਸਦੇ ਸਾਰੇ ਵਿੱਤੀ ਲਾਭ ਆਸ਼ਰਿਤਾਂ ਨੂੰ ਦੇਣ ਦਾ ਹੁਕਮ ਦਿੱਤਾ ਹੈ।

ਸਾਲ 2002 'ਚ ਖੇਤੀਬਾੜੀ ਵਿਭਾਗ ਨੇ ਗਵਾਲੀਅਰ ਦੇ ਤਤਕਾਲੀ ਸੀਨੀਅਰ ਖੇਤੀਬਾੜੀ ਵਿਕਾਸ ਅਧਿਕਾਰੀ ਡਾ. ਰਾਧਾਕ੍ਰਿਸ਼ਣਨ ਸ਼ਰਮਾ 'ਤੇ ਇਕ ਅਪਰਾਧਿਕ ਮਾਮਲਾ ਲਟਕਿਆ ਸੀ।

ਗੁਪਤ ਰਿਪੋਰਟ ਭਾਵ ਏਸੀਆਰ ਨੂੰ ਆਧਾਰ ਬਣਾ ਕੇ ਵਿਭਾਗ ਨੇ ਉਨ੍ਹਾਂ ਨੂੰ ਤਰੱਕੀ ਨਹੀਂ ਦਿੱਤੀ, ਜਦਕਿ ਉਨ੍ਹਾਂ ਦੇ ਜੂਨੀਅਰ ਨੂੰ ਤਰੱਕੀ ਦੇ ਦਿੱਤੀ ਗਈ। ਕੁਝ ਸਮੇਂ ਬਾਅਦ ਡਾ. ਰਾਧਾਕ੍ਰਿਸ਼ਣਨ ਉਸ ਅਪਰਾਧਿਕ ਮਾਮਲੇ 'ਚ ਬਰੀ ਹੋ ਗਏ ਤਾਂ ਉਨ੍ਹਾਂ ਨਿਰਧਾਰਿਤ ਤਰੀਕ ਤੋਂ ਆਪਣੀ ਤਰੱਕੀ ਦਾ ਦਾਅਵਾ ਪੇਸ਼ ਕੀਤਾ ਪਰ ਖੇਤੀਬਾੜੀ ਵਿਭਾਗ ਨੇ ਨਾਮਨਜ਼ੂਰ ਕਰ ਦਿੱਤਾ। ਇਸ 'ਤੇ ਉਨ੍ਹਾਂ ਸਾਲ 2008 'ਚ ਹਾਈ ਕੋਰਟ ਦੀ ਗਵਾਲੀਅਰ ਡਵੀਜ਼ਨਲ ਬੈਂਚ 'ਚ ਪਟੀਸ਼ਨ ਦਾਖ਼ਲ ਕੀਤੀ। ਦੋ ਮਹੀਨੇ ਪਹਿਲਾਂ ਜਨਵਰੀ 2026 'ਚ ਉਨ੍ਹਾਂ ਦਾ ਦੇਹਾਂਤ ਹੋ ਗਿਆ।

ਪਟੀਸ਼ਨਰ ਦੀ ਮੌਤ ਤੋਂ ਬਾਅਦ ਉਨ੍ਹਾਂ ਦੇ ਪੁੱਤਰ ਨੇ ਇਸ ਮਾਮਲੇ 'ਚ ਹਾਈ ਕੋਰਟ 'ਚ ਪੈਰਵਾਈ ਜਾਰੀ ਰੱਖੀ। ਕੋਰਟ ਨੇ ਪਾਇਆ ਕਿ ਖੇਤੀਬਾੜੀ ਵਿਭਾਗ ਨੇ ਮਨਮਾਨੇ ਢੰਗ ਨਾਲ ਏਸੀਆਰ ਨੂੰ ਆਧਾਰ ਬਣਾ ਕੇ ਤਰੱਕੀ ਰੋਕੀ, ਜੋ ਸੰਵਿਧਾਨ ਦੀ ਧਾਰਾ 14 ਦੀ ਉਲੰਘਣਾ ਹੈ।

ਕੋਰਟ ਨੇ ਆਪਣੇ ਫ਼ੈਸਲੇ 'ਚ ਕਿਹਾ ਕਿ ਜੇ ਕਿਸੇ ਮੁਲਾਜ਼ਮ ਦੀ ਤਰੱਕੀ ਵਿਭਾਗੀ ਗ਼ਲਤੀ ਨਾਲ ਰੋਕੀ ਜਾਂਦੀ ਹੈ ਤਾਂ ਉਸ ਨੂੰ ਪੂਰਾ ਲਾਭ ਮਿਲਣਾ ਚਾਹੀਦਾ ਹੈ।

ਅਜਿਹੇ ਮਾਮਲਿਆਂ 'ਚ ਨੋ ਵਰਕ-ਨੋ ਪੇਅ ਦਾ ਸਿਧਾਂਤ ਵੀ ਲਾਗੂ ਨਹੀਂ ਹੁੰਦਾ। ਹਾਈ ਕੋਰਟ ਨੇ ਕਿਹਾ ਕਿ ਰਾਧਾਕ੍ਰਿਸ਼ਣਨ ਨੂੰ 28 ਅਕਤੂਬਰ 2002 ਤੋਂ ਹੀ ਤਰੱਕੀ ਮਿਲਣਾ ਮੰਨ ਕੇ ਸੇਵਾ ਦੇ ਸਮੇਂ ਤੱਕ ਦੇ ਸਾਰੇ ਏਰੀਅਰ, ਤਨਖ਼ਾਹ, ਸੀਨੀਆਰਤਾ ਤੇ ਹੋਰ ਲਾਭ ਦਿੱਤੇ ਜਾਣ।

ਕਿਉਂਕਿ ਉਨ੍ਹਾਂ ਦਾ ਦੇਹਾਂਤ ਹੋ ਚੁੱਕਾ ਹੈ, ਇਸ ਲਈ ਉਨ੍ਹਾਂ ਦੇ ਸਾਰੇ ਭੁਗਤਾਨ ਉਨ੍ਹਾਂ ਦੇ ਪਰਿਵਾਰ ਨੂੰ ਕੀਤੇ ਜਾਣ। ਵਰਣਨਯੋਗ ਹੈ ਕਿ ਡਾ. ਰਾਧਾਕ੍ਰਿਸ਼ਣਨ 2009 'ਚ ਸੇਵਾਮੁਕਤ ਹੋ ਗਏ ਸਨ।

# ਨਵੇਂ ਨਿਯਮਾਂ ਨਾਲ ਸ਼ੁਰੂ ਹੋਈ ਦੇਸ਼ ਦੀ ਪਹਿਲੀ ਡਿਜੀਟਲ ਮਰਦਮਸ਼ੁਮਾਰੀ

ਲਗਭਗ 16 ਸਾਲ ਬਾਅਦ ਦੇਸ਼ 'ਚ ਮਰਦਮਸ਼ੁਮਾਰੀ ਇਕ ਅਪ੍ਰੈਲ ਤੋਂ ਨਵੇਂ ਤੇ ਡਿਜੀਟਲ ਰੂਪ ਨਾਲ ਸ਼ੁਰੂ ਹੋ ਗਈ ਹੈ, ਜੋ ਕਈ ਮਾਅਨਿਆਂ 'ਚ ਵੱਖਰੀ ਤੇ ਆਧੁਨਿਕ ਹੋਵੇਗੀ। ਪਹਿਲੀ ਵਾਰ ਪੂਰੀ ਪ੍ਰਕਿਰਿਆ ਮੋਬਾਈਲ ਐਪ ਤੇ ਆਨਲਾਈਨ ਪੋਰਟਲ ਰਾਹੀਂ ਹੋਵੇਗੀ। ਮਰਦਮਸ਼ੁਮਾਰੀ ਦੋ ਪੜਾਅ 'ਚ ਹੋਵੇਗੀ। ਪਹਿਲੇ ਪੜਾਅ 'ਚ ਘਰਾਂ ਦੀ ਗਿਣਤੀ ਭਾਵ ਹਾਊਸ ਲਿਸਟਿੰਗ ਹੋਵੇਗੀ। ਇਸ 'ਚ ਘਰਾਂ 'ਚ ਵਰਤੋਂ ਵਾਲੀ ਸਮੱਗਰੀ ਤੇ ਮੌਜੂਦ ਸਮੱਗਰੀ ਦੇ ਰਾਹੀਂ ਆਰਥਕ ਸਥਿਤੀ ਦੀ ਵੀ ਜਾਣਕਾਰੀ ਇਕੱਠੀ ਕੀਤੀ ਜਾਵੇਗੀ। ਦੂਜੇ ਪੜਾਅ 'ਚ ਜਾਤ ਆਧਾਰਿਤ ਗਣਨਾ ਸਮੇਤ ਆਬਾਦੀ ਦੀ ਗਣਨਾ ਹੋਵੇਗੀ। ਪੂਰੀ ਕਵਾਇਦ ਦੌਰਾਨ ਡਾਟਾ ਇਕੱਠਾ ਕਰਨ ਦੀ ਪ੍ਰਕਿਰਿਆ ਤੇਜ਼ ਹੋਵੇਗੀ ਤੇ 2027 ਤੱਕ ਅੰਕੜੇ ਜਾਰੀ ਕਰ ਦਿੱਤੇ ਜਾਣਗੇ। ਇਸ 'ਚ ਲਗਪਗ 34 ਲੱਖ ਮੁਲਾਜ਼ਮ ਲਾਏ ਜਾਣਗੇ। ਸਰਕਾਰ ਦਾ ਦਾਅਵਾ ਹੈ ਕਿ ਮਰਦਮਸ਼ੁਮਾਰੀ ਪੂਰੀ ਤਰ੍ਹਾਂ ਸੁਰੱਖਿਅਤ ਅਤੇ ਪਾਰਦਰਸ਼ੀ ਹੋਵੇਗੀ। ਦੇਸ਼ 'ਚ ਪਿਛਲੀ ਵਾਰ 2011 'ਚ ਮਰਦਮਸ਼ੁਮਾਰੀ ਹੋਈ ਸੀ। ਇਸ ਮਰਦਮਸ਼ੁਮਾਰੀ ਦੀ ਸ਼ੁਰੂਆਤ 2021 'ਚ ਹੋਣੀ ਸੀ, ਪਰ ਕੋਵਿਡ ਮਹਾਮਾਰੀ ਕਾਰਨ ਇਸ ਨੂੰ ਮੁਲਤਵੀ ਕਰ ਦਿੱਤਾ ਗਿਆ ਸੀ। ਇਸ ਵਾਰ ਦੀ ਮਰਦਮਸ਼ੁਮਾਰੀ 'ਚ ਸਭ ਤੋਂ ਵੱਧ ਜ਼ੋਰ ਅੰਕੜਿਆਂ ਦੀ ਰਾਜ਼ਦਾਰੀ 'ਤੇ ਦਿੱਤਾ ਜਾਵੇਗਾ।

ਮਰਦਮਸ਼ੁਮਾਰੀ ਕਮਿਸ਼ਨਰ ਮ੍ਰਿਤਿਊਂਜੇ ਕੁਮਾਰ ਨਾਰਾਇਣ ਨੇ ਸੋਮਵਾਰ ਨੂੰ ਪ੍ਰੈੱਸ ਕਾਨਫਰੰਸ ਕਰ ਕੇ ਇਸ ਮਰਦਮਸ਼ੁਮਾਰੀ ਨੂੰ ਦੇਸ਼ ਲਈ ਵੱਡਾ ਪ੍ਰਸ਼ਾਸਨਿਕ ਅਤੇ ਤਕਨੀਕੀ ਕਦਮ ਦੱਸਿਆ। ਉਨ੍ਹਾਂ ਨੇ ਕਿਹਾ ਕਿ ਡਿਜੀਟਲ ਸਰੋਤ, ਰਾਜ਼ਦਾਰੀ ਤੇ ਆਮ ਲੋਕਾਂ ਦੀ ਹਿੱਸੇਦਾਰੀ ਇਸ ਨੂੰ ਪਹਿਲਾਂ ਤੋਂ ਵੱਧ ਅਸਰਦਾਰ ਬਣਾਉਣ ਦੀ ਦਿਸ਼ਾ 'ਚ ਅਹਿਮ ਸਾਬਤ ਹੋ ਸਕਦੀ ਹੈ। ਮ੍ਰਿਤਿਊਂਜੇ ਕੁਮਾਰ ਨੇ ਕਿਹਾ ਕਿ ਸਭ ਦੀ ਜਾਣਕਾਰੀ ਪੂਰੀ ਤਰ੍ਹਾਂ ਸੁਰੱਖਿਅਤ ਰੱਖੀ ਜਾਵੇਗੀ। ਇਹ ਡਾਟਾ ਨਾ ਤਾਂ ਕਿਸੇ ਸਰਕਾਰੀ ਯੋਜਨਾ ਦੇ ਲਾਭ ਲਈ ਵਰਤੋਂ 'ਚ ਲਿਆਂਦਾ ਜਾਵੇਗਾ।


ਖਾਲਸਾ ਜੀ ਦੇ ਪ੍ਰਗਟ ਦਿਹਾੜੇ ਅਤੇ ਰੁੱਤ ਦੇ ਤਿਓਹਾਰ ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ




ਖਾਲਸਾ ਜੀ ਦੇ ਪ੍ਰਗਟ ਦਿਹਾੜੇ ਅਤੇ ਰੁੱਤ ਦੇ ਤਿਓਹਾਰ ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ

Pacific EVENT VENUE

Pacific Event Venue

ਵਿਆਹ ਸ਼ਾਦੀਆਂ ,ਜਾਗੋ ,ਬੱਚਿਆਂ ਦੇ ਜਨਮ ਦਿਨ ਅਤੇ wedding anniversary ਮਨਾਉਣ ਲਈ pacific event venue ਵਾਲਿਆਂ ਮਿਸਟਰ ਗਿੱਲ ਨਾਲ ਸੰਪਰਕ ਕਰੋ 559 872 8939 ਤੇ ਕਾਲ ਕਰੋ ਲੋਕੇਸ਼ਨ 10597 rd 30 Madera ca 93637

559-872-8939

10597 Road 30 Madera, CA, 9363

# ਜੰਗਾਂ ਦਾ ਵੱਧ ਸ਼ਿਕਾਰ ਬਣਦੇ ਨੇ ਬੇਕਸੂਰ ਬੱਚੇ

ਦਰਬਾਰਾ ਸਿੰਘ ਕਾਹਲੋਂ

ਅੱਜ ਦੇ ਬੱਚੇ ਕੱਲ ਦਾ ਮੁਸਤਕਬਲ ਹੁੰਦੇ ਹਨ ਪਰ ਹਰ ਯੁੱਗ ਵਿਚ ਜੰਗਾਂ ਅਤੇ ਜੰਗਬਾਜ਼ਾਂ ਦਾ ਬੇਕਿਰਕ ਸ਼ਰਮਨਾਕ ਨਿਸ਼ਾਨਾ ਬਚਪਨ ਹੀ ਬਣਦਾ ਰਿਹਾ ਹੈ। ਅਜੇ ਤੱਕ ਕੋਈ ਵੀ ਸ਼ਾਸਕ ਜਾਂ ਅੰਤਰਰਾਸ਼ਟਰੀ ਸੰਗਠਨ ਜੰਗਾਂ ਸਮੇਂ ਜੰਗਬਾਜ਼ਾਂ ਤੋਂ ਸਾਡੇ ਨੰਨ੍ਹੇ ਮਾਸੂਮ ਬੱਚਿਆਂ ਦੀ ਰਾਖੀ ਕਰਨ ਲਈ ਕੋਈ ਵਿਵਸਥਾ ਸਥਾਪਿਤ ਨਹੀਂ ਕਰ ਸਕਿਆ। ਅਮਰੀਕਾ ਦੇ ਸਾਬਕਾ 46ਵੇਂ ਜੰਗਬਾਜ਼ ਰਾਸ਼ਟਰਪਤੀ ਜੋਅ ਬਾਇਡਨ ਨੂੰ ਅਮਰੀਕਾ-ਇਜ਼ਰਾਈਲ ਵੱਲੋਂ ਈਰਾਨ ’ਤੇ 28 ਫਰਵਰੀ 2026 ਨੂੰ ਹਮਲੇ ਦੀ ਪੂਰਬਲੀ ਰਾਤ ਦੇ 9:45 ਵਜੇ ਨੁਸਾਹਿਬਾ ਮੁਬਾਰਕ ਨਾਂ ਦੀ ਨੌਜਵਾਨ ਲੜਕੀ ਇਕ ਤਿੱਖਾ ਸਵਾਲ ਪੁੱਛ ਕੇ ਬੁਰੀ ਤਰ੍ਹਾਂ ਸ਼ਰਮਸਾਰ ਕਰ ਦਿੰਦੀ ਹੈ। ਬਾਇਡਨ ਵਾਸ਼ਿੰਗਟਨ ਡੀਸੀ ਦੇ ਰੀਗਨ ਰਾਸ਼ਟਰੀ ਹਵਾਈ ਅੱਡੇ ਤੋਂ ਕੋਲੰਬੀਆ (ਸਾਊਥ ਕੈਰੋਲੀਨਾ) ਵਿਖੇ ਸੰਨ 2028 ਨੂੰ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ਬਾਰੇ ਵਿਚਾਰ-ਵਟਾਂਦਰੇ ਲਈ ਡੈਮੋਕ੍ਰੈਟਿਕ ਪਾਰਟੀ ਦੀ ਮੀਟਿੰਗ ਲਈ ਕਮਰਸ਼ੀਅਲ ਹਵਾਈ ਜਹਾਜ਼ ’ਤੇ ਸਵਾਰ ਹੁੰਦੇ ਹਨ। ਯਾਤਰਾ ਦੌਰਾਨ ਵੱਖ-ਵੱਖ ਲੋਕ ਉਨ੍ਹਾਂ ਕੋਲ ਬੈਠ ਕੇ ਫੋਟੋਆਂ ਖਿਚਵਾ ਰਹੇ ਹੁੰਦੇ ਹਨ ਕਿ ਉਸੇ ਸਮੇਂ ਨੌਜਵਾਨ ਲੜਕੀ ਨੁਸਾਹਿਬਾ ਮੁਬਾਰਕ ਉਨ੍ਹਾਂ ਨਾਲ ਗੱਲ ਕਰਨ ਦੀ ਇਜਾਜ਼ਤ ਮੰਗਦੀ ਹੈ ਜਿਸ ਦੀ ਉਹ ਆਗਿਆ ਦੇ ਦਿੰਦੇ ਹਨ। ‘ਧੰਨਵਾਦ ਮੈਨੂੰ ਗੱਲ ਕਰਨ ਦਾ ਸਮਾਂ ਦਿੱਤਾ। ਗਾਜ਼ਾ ਵਿਚ ਹਰ ਰੋਜ਼ ਬੱਚੇ ਮਰ ਰਹੇ ਹਨ। ਸਾਨੂੰ ਇਹ ਸਭ ਬੰਦ ਕਰਨਾ ਚਾਹੀਦਾ ਹੈ।’ ਜ਼ਰਾ ਘਬਰਾਹਟ ਵਿਚ ਸਾਬਕਾ ਰਾਸ਼ਟਰਪਤੀ ਜਵਾਬ ਦਿੰਦੇ ਹਨ, “ਮੈਂ ਜਾਣਦਾ ਹਾਂ ਕਿ ਇਹ ਬਹੁਤ ਦੁਖਦਾਈ ਹੈ।” ਇੰਨੇ ਨੂੰ ਉਨ੍ਹਾਂ ਦੇ ਸਟਾਫ ਦਾ ਇਕ ਵਿਅਕਤੀ ਉਸ ਨੂੰ ਉਸ ਥਾਂ ਤੋਂ ਹਟਾ ਦਿੰਦਾ ਹੈ। ਕੋਈ ਵੀ ਹੋਰ ਯਾਤਰੀ ਇਸ ਸਵਾਲ ਦੇ ਪ੍ਰਤੀਕਰਮ ਵਜੋਂ ਮੂੰਹ ਨਹੀਂ ਖੋਲ੍ਹਦਾ।

ਵਿਸ਼ਵ ਵਿਚ ਅਣਗਿਣਤ ਜੰਗਾਂ ਹੋ ਚੁੱਕੀਆਂ ਹਨ ਅਤੇ ਅਣਗਿਣਤ ਲਗਾਤਾਰ ਜਾਰੀ ਹਨ। ਇਸ ਸਮੇਂ ਪੂਰੇ ਵਿਸ਼ਵ ਵਿਚ 60 ਵੱਖ-ਵੱਖ ਖੇਤਰਾਂ ’ਚ ਜੰਗਾਂ ਤੇ ਖ਼ਾਨਾਜੰਗੀਆਂ ਜਾਰੀ ਹਨ। ਇਨ੍ਹਾਂ ਜੰਗਾਂ ਦੇ ਸਭ ਤੋਂ ਵੱਧ ਸ਼ਿਕਾਰ ਬੱਚੇ ਹੋ ਰਹੇ ਹਨ।

ਅਜੋਕੇ ਯੁੱਗ ਵਿਚ ਜੰਗਾਂ ਵਿਸ਼ਵ ਆਰਥਿਕਤਾ ਤੇ ਸਿਆਸੀ-ਭੂਗੋਲਿਕ ਵਿਵਸਥਾ ’ਤੇ ਕਾਬਜ਼ ਧਨ ਕੁਬੇਰ ਜੋ ਕਾਰਪੋਰੇਟਵਾਦੀਆਂ ਵਜੋਂ ਬਦਨਾਮ ਹਨ, ਆਪਣੇ ਨਫ਼ੇ-ਨੁਕਸਾਨਾਂ ਲਈ ਜੰਗਾਂ ਛੇੜਦੇ ਅਤੇ ਬੰਦ ਕਰਾਉਂਦੇ ਹਨ। ਰਾਸ਼ਟਰਾਂ ਦੇ ਮੁਖੀ ਇਨ੍ਹਾਂ ਦੇ ਮਹਿਜ਼ ਮੋਹਰੇ ਹਨ। ਇਨ੍ਹਾਂ ਵੱਲੋਂ ਛੇੜੀਆਂ ਜੰਗਾਂ ਅਤੇ ਖ਼ਾਨਾਜੰਗੀਆਂ ਨਾਲ ਜੋ ਅਜੋਕੀ ਮਾਨਵ ਜਾਤੀ ਦਾ ਨੁਕਸਾਨ ਹੋ ਰਿਹਾ ਹੈ, ਉਸ ਦੀ ਇਨ੍ਹਾਂ ਨੂੰ ਕੋਈ ਪਰਵਾਹ ਨਹੀਂ। ਸਭ ਤੋਂ ਵੱਡਾ ਨੁਕਸਾਨ ਸਾਡੀ ਨਵੀਂ ਪੀੜ੍ਹੀ ਨਾਲ ਸਬੰਧਤ ਬੱਚਿਆਂ ਦਾ ਹੁੰਦਾ ਹੈ ਜੋ ਅਤਿ ਚਿੰਤਾਜਨਕ ਵਿਸ਼ਾ ਹੈ।

ਪਹਿਲੀ ਵਿਸ਼ਵ ਜੰਗ (1914-1918) ’ਚ 15 ਤੋਂ 22 ਮਿਲੀਅਨ ਲੋਕ ਮਾਰੇ ਗਏ। ਇਨ੍ਹਾਂ ਵਿਚ ਕਿੰਨੇ ਬੱਚੇ ਮਾਰੇ ਗਏ ਜਾਂ ਅਪਾਹਜ ਹੋਏ, ਇਸ ਦਾ ਰਿਕਾਰਡ ਮੌਜੂਦ ਨਹੀਂ। ਦੂਸਰੀ ਵਿਸ਼ਵ ਜੰਗ (1939-1945) ਵਿਚ 70ਤੋਂ 85 ਮਿਲੀਅਨ ਲੋਕ ਮਾਰੇ ਗਏ। ਨਾਜ਼ੀ ਸਰਬਨਾਸ਼ ਵਿਚ 1I5 ਮਿਲੀਅਨ ਯਹੂਦੀ ਅਤੇ ਬਾਕੀ ਜੰਗ ਵਿਚ ਗੋ.ਲੀਬਾਰੀ ਵਿਚ ਇਕ ਮਿਲੀਅਨ ਬੱਚੇ ਮਾਰੇ ਗਏ।

ਸੰਨ 2024 ਦੀ ਯੂਨੀਸੈਫ ਰਿਪੋਰਟ ਅਨੁਸਾਰ ਮੌਜੂਦਾ ਜੰਗਾਂ ਤੇ ਖ਼ਾਨਾਜੰਗੀਆਂ ਦੇ 473 ਮਿਲੀਅਨ ਬੱਚੇ ਸ਼ਿਕਾਰ ਹਨ ਭਾਵ 5 ’ਚੋਂ 1 ਬੱਚਾ। ਸੰਨ 1999 ਵਿਚ ਯੂਐਨ ਨੇ ਪਹਿਲਾ ਮਤਾ ਪਾਸ ਕੀਤਾ ਜਿਸ ਵਿਚ ਜੰਗ ਸਮੇਂ ਬੱਚਿਆਂ ਸਬੰਧੀ ਬਹੁਤ ਹੀ ਸੰਗੀਨ ਛੇ ਉਲੰਘਣਾਵਾਂ ਦਰਜ ਕੀਤੀਆਂ ਗਈਆਂ ਜਿਵੇਂ ਕਿ 1) ਮੌਤ ਦੇ ਘਾਟ ਉਤਾਰਨਾ ਤੇ ਅਪਾਹਜ ਬਣਾਉਣਾ 2) ਬੱਚਿਆਂ ਨੂੰ ਜਬਰੀ ਜੰਗੀ ਮੁਹਾਜ਼ ਲਈ ਭਰਤੀ ਕਰਨਾ 3) ਸਕੂਲਾਂ ਤੇ ਹਸਪਤਾਲਾਂ ’ਤੇ ਹਮਲੇ ਕਰਨਾ 4)ਬੱਚਿਆਂ ਨੂੰ ਬਲਾਤਕਾਰ ਅਤੇ ਹਿੰਸਾ ਦਾ ਸ਼ਿਕਾਰ ਬਣਾਉਣਾ 5) ਬੱਚਿਆਂ ਨੂੰ ਅਗਵਾ ਕਰਨਾ ਅਤੇ 6) ਬੱਚਿਆਂ ਨੂੰ ਮਾਨਵਵਾਦੀ ਸਹਾਇਤਾ ਤੋਂ ਵੰਚਿਤ ਕਰਨਾ।

ਕੋਈ ਜੰਗ ਅਜਿਹੀ ਨਹੀਂ ਜਿਸ ਵਿਚ ਬੱਚਿਆਂ ਨਾਲ ਅਜਿਹੇ ਗੁਨਾਹ ਨਹੀਂ ਕੀਤੇ ਜਾਂਦੇ। ਸੱਤ ਅਕਤੂਬਰ ਸੱਤ 2023 ਨੂੰ ਹਮਾਸ ਨੇ ਇਜ਼ਰਾਈਲ ’ਤੇ ਹਮਲਾ ਕਰ ਕੇ 1200 ਲੋਕ ਮਾਰ ਦਿੱਤੇ ਸਨ ਜਿਨ੍ਹਾਂ ਵਿਚ 38 ਬੱਚੇ ਵੀ ਸ਼ਾਮਲ ਸਨ। ਢਾਈ ਸੌ ਲੋਕ ਬੰਦੀ ਬਣਾਏ ਜਿਨਾਂ ਵਿਚ 42 ਬੱਚੇ ਸ਼ਾਮਲ ਸਨ। ਉਸ ਤੋਂ ਬਾਅਦ ਅਮਰੀਕਾ ਤੇ ਨਾਟੋ ਦੀ ਮਿਲੀਭੁਗਤ ਨਾਲ ਇਜ਼ਰਾਈਲ ਨੇ ਗਾਜ਼ਾ ਪੱਟੀ ਨੂੰ ਮਿੱਟੀ ਦਾ ਢੇਰ ਬਣਾ ਦਿੱਤਾ ਤੇ ਪੱਛਮੀ ਕਿਨਾਰੇ ’ਤੇ ਰਹਿਣ ਵਾਲੇ ਫਲਸਤੀਨੀਆਂ ਦਾ ਭਾਰੀ ਨੁਕਸਾਨ ਕੀਤਾ ਜੋ ਅੱਜ ਵੀ ਜਾਰੀ ਹੈ। ਗਾਜ਼ਾ ’ਚ 72263 ਤੇ ਪੱਛਮੀ ਕਿਨਾਰੇ ’ਚ 1138 ਲੋਕ ਮਾਰ ਦਿੱਤੇ ਗਏ ਹਨ। ਲਗਪਗ 65 ਹਜ਼ਾਰ ਬੱਚੇ ਮਾਰੇ ਗਏ ਅਤੇ 21 ਹਜ਼ਾਰ ਗਾਇਬ ਹਨ। ਪਚਾਸੀ ਪ੍ਰਤੀਸ਼ਤ ਗਾਜ਼ਾ ਵਾਸੀ ਜਬਰੀ ਘਰੋਂ-ਬੇਘਰ ਕੀਤੇ ਗਏ,12 ਯੂਨੀਵਰਸਿਟੀਆਂ ਤੇ 97% ਸਕੂਲ ਤੇ ਹਸਪਤਾਲ ਢਹਿਢੇਰੀ ਕੀਤੇ ਗਏ। ਸਾਢੇ ਕੁ ਛੇ ਲੱਖ ਲੋਕ ਭੁੱਖਮਰੀ ਦਾ ਸ਼ਿਕਾਰ ਹਨ। ਅੱਜ ਵੀ ਗੋ.ਲੀਬੰਦੀ ਦੇ ਬਾਵਜੂਦ ਰੋਜ਼ਾਨਾ ਕਤਲੋਗਾਰਤ ਇਜ਼ਰਾਇਲੀ ਯਹੂਦੀ ਬੈਂਜਾਮਿਨ ਨੇਤਨਯਾਹੂ ਨਿਜ਼ਾਮ ਵੱਲੋਂ ਬੇਦਰਦੀ ਨਾਲ ਜਾਰੀ ਹੈ। ਯੂਕਰੇਨ ਅੰਦਰ ਰੂਸੀ ਹਮਲੇ ਕਰਕੇ 2589900 ਜੋ ਕੁੱਲ ਬੱਚਿਆਂ ਦਾ ਇਕ-ਤਿਹਾਈ ਹਨ, ਸਕੂਲ ਛੱਡਣ ਲਈ ਮਜਬੂਰ ਹਨ ਤੇ 791000 ਬੱਚੇ ਯੂਕਰੇਨ ਤੇ 1798900 ਬੱਚੇ ਯੂਕਰੇਨ ਤੋਂ ਬਾਹਰ ਰਫਿਊਜੀ ਕੈਂਪਾਂ ਵਿਚ ਰਹਿਣ ਲਈ ਮਜਬੂਰ ਹਨ। ਕਰੀਬ 3200 ਬੱਚੇ 24 ਫਰਵਰੀ 2022 ਤੋਂ ਹੁਣ ਤੱਕ ਮਾਰੇ ਜਾ ਚੁੱਕੇ ਹਨ ਜਾਂ ਜ਼ਖ਼ਮੀ ਹੋਏ ਹਨ। ਸਤਾਰਾਂ ਸੌ ਸਕੂਲ ਅਤੇ ਹੋਰ ਸਿੱਖਿਆ ਸੰਸਥਾਵਾਂ ਬੰਬਾਰੀ ਕਰਕੇ ਢੇਰ ਹੋ ਗਈਆਂ ਹਨ। ਬਹੁਤ ਸਾਰੇ ਬੱਚੇ ਰੂਸੀ ਅਧਿਕਾਰੀਆਂ ਵੱਲੋਂ ਬੰਧਕ ਬਣਾ ਕੇ ਰੂਸ ਭੇਜੇ ਜਾ ਚੁੱਕੇ ਹਨ।

ਸੂਡਾਨ ਦੀ ਪੱਚੀ ਮਿਲੀਅਨ ਆਬਾਦੀ ਵਿੱਚੋਂ 8 ਮਿਲੀਅਨ ਲੋਕ ਬੇਘਰ ਹਨ ਜਿਨ੍ਹਾਂ ’ਚ ਚਾਰ ਮਿਲੀਅਨ ਬੱਚੇ ਸ਼ਾਮਲ ਹਨ। ਲਗਪਗ 14000 ਬੱਚੇ ਮਾਰੇ ਗਏ ਹਨ ਤੇ 1300 ਬੱਚੇ ਰੋਜ਼ਾਨਾ 300 ਦਿਨਾਂ ਲਈ ਬੇਘਰ ਹੋਣ ਲਈ ਮਜਬੂਰ ਕੀਤੇ ਗਏ। ਕੋਲੰਬੀਆ ਅੰਦਰ ਹਿੰਸਾ ਕਰਕੇ 7.7 ਮਿਲੀਅਨ ਬੱਚੇ ਪ੍ਰਭਾਵਿਤ ਹਨ। ਉੱਥੇ 3.1 ਮਿਲੀਅਨ ਬੱਚੇ ਅਤੀ ਭੈੜੀ ਦਸ਼ਾ ਵਿਚ ਰਹਿਣ ਲਈ ਮਜਬੂਰ ਹਨ। ਯੂਐਨ ਅਨੁਸਾਰ ਸੰਨ 2022 ਵਿਚ 130 ਤੇ 2023 ’ਚ ਸਤੰਬਰ ਤੱਕ 208 ਬੱਚੇ ਜਿਨ੍ਹਾਂ ਵਿਚ 35% ਲੜਕੀਆਂ ਅਤੇ 65% ਲੜਕੇ ਸਨ, ਜਬਰੀ ਹਥਿਆਰਬੰਦ ਗਰੁੱਪਾਂ ਵੱਲੋਂ ਭਰਤੀ ਕੀਤੇ ਗਏ।

ਅਮਰੀਕਾ-ਇਜ਼ਰਾਈਲ ਵੱਲੋਂ 28 ਫਰਵਰੀ ਨੂੰ ਈਰਾਨ ’ਤੇ ਹਮਲੇ ਤੋਂ ਬਾਅਦ ਈਰਾਨ ਦੇ ਸਿਹਤ ਮੰਤਰਾਲੇ ਅਨੁਸਾਰ 1500 ਤੋਂ ਵੱਧ ਲੋਕ ਮਾਰੇ ਗਏ, 19000 ਤੋਂ ਵੱਧ ਜ਼ਖ਼ਮੀ ਹੋਏ, 8 ਲੱਖ ਈਰਾਨੀ ਬੇਘਰ ਹੋਏ ਜਿਨ੍ਹਾਂ ’ਚੋਂ ਤਿੰਨ ਲੱਖ ਬੱਚੇ ਹਨ। ਸਕੂਲ ਬੰਦ ਹੋਣ ਕਰਕੇ ਪੰਜ ਲੱਖ ਬੱਚੇ ਸਿੱਖਿਆ ਤੋਂ ਮਹਿਰੂਮ ਹੋ ਗਏ।

ਲੈਬਨਾਨ ਵਿਚ 10 ਲੱਖ ਤੋਂ ਵੱਧ ਲੋਕ ਬੇਘਰ ਹੋਏ ਹਨ ਤੇ 1038 ਤੋਂ ਵੱਧ ਮਾਰੇ ਗਏ ਹਨ ਜਿਨਾਂ ’ਚ 118 ਬੱਚੇ ਸ਼ਾਮਲ ਹਨ। ਈਰਾਨ ਅੰਦਰ 1510 ਤੋਂ ਵੱਧ ਬੱਚੇ ਜ਼ਖ਼ਮੀ ਹੋਏ ਜਾਂ ਮਾਰੇ ਗਏ। ਅਠਾਈ ਫਰਵਰੀ ਨੂੰ ਤਾਈਬਾ ਗਰਲਜ਼ ਐਲੀਮੈਂਟਰੀ ਸਕੂਲ ਮੀਨਾਬ ਦੱਖਣੀ ਈਰਾਨ ਵਿਚ 7-12 ਸਾਲ ਦੀਆਂ ਬੱਚੀਆਂ ਜੋ ਆਪਣੀਆਂ ਕਲਾਸਾਂ ਵਿਚ ਪੜ੍ਹ ਰਹੀਆਂ ਸਨ, ਨੂੰ ਬੈਲੇਸਟਿਕ ਮਿਜ਼ਾਈਲਾਂ ਦਾ ਸ਼ਿਕਾਰ ਅਮਰੀਕੀ-ਇਜ਼ਰਾਇਲੀ ਜੰਗਬਾਜ਼ਾਂ ਨੇ ਬਣਾਇਆ। ਇਨ੍ਹਾਂ ’ਚੋਂ 175 ਬੱਚੀਆਂ ਮਾਰੀਆਂ ਗਈਆਂ। ਇਸ ਤੋਂ ਵੱਡਾ ਖ਼ੌਫ਼ਨਾਕ ਗੁਨਾਹ ਹੋਰ ਕੀ ਹੋ ਸਕਦਾ ਹੈ ਮਾਨਵਤਾ ਵਿਰੁੱਧ।

ਈਰਾਨ ਦੀਆਂ ਕਾਰਵਾਈਆਂ ਕਰਕੇ ਇਜ਼ਰਾਈਲ ਵਿਚ 18, ਇਰਾਕ ਵਿਚ 61, ਯੂਏਈ, ਕੁਵੈਤ, ਬਹਿਰੀਨ ਆਦਿ ਵਿਚ ਵੀ ਬੱਚੇ ਮੌਤ ਦਾ ਸ਼ਿਕਾਰ ਹੋਏ ਹਨ। ਇਸ ਜੰਗ ਵਿਚ ਅਮਰੀਕਾ ਦੇ ਅਨੇਕ ਫ਼ੌਜੀ ਮਾਰੇ ਗਏ ਅਤੇ 200 ਤੋਂ ਵੱਧ ਜ਼ਖ਼ਮੀ ਹੋਏ ਹਨ। ਸੀਰੀਆ, ਯਮਨ, ਸੋਮਾਲੀਆ, ਕਾਂਗੋ, ਮਾਲੇ, ਅਫ਼ਗਾਨਿਸਤਾਨ, ਹੈਤੀ, ਮਿਆਂਮਾਰ ਨਾਈਜੀਰੀਆ ਆਦਿ ਦੇਸ਼ਾਂ ਵਿਚ ਯੂਐਨ ਰਿਪੋਰਟ 2024 ਅਨੁਸਾਰ 41370 ਸੰਗੀਨ ਜ਼ੁਲਮਾਂ ਭਰੀਆਂ ਘਟਨਾਵਾਂ ਦਰਜ ਕੀਤੀਆਂ ਗਈਆਂ ਹਨ, 22495 ਬੱਚੇ ਜੰਗੀ ਕੰਮਾਂ ਲਈ ਭਰਤੀ ਕੀਤੇ ਗਏ, ਬਲਾਤਕਾਰ ਤੇ ਅਪਾਹਜ ਬਣਾਏ ਜਾਣ ਦਾ ਸ਼ਿਕਾਰ ਹੋਏ ਹਨ। ਇਹੀ ਨਹੀਂ, 4676 ਬੱਚੇ ਮਾਰੇ ਗਏ, 7906 ਮਾਨਵੀ ਮਦਦ ਤੋਂ ਵੰਚਿਤ ਰਹੇ, 7402 ਬੱਚੇ ਜਬਰੀ ਜੰਗੀ ਮੰਤਵ ਲਈ ਭਰਤੀ ਕੀਤੇ ਜਾਣ ਦੀਆਂ ਘਟਨਾਵਾਂ ਦਰਜ ਕੀਤੀਆਂ ਗਈਆਂ।

ਸਾਮੋਨ ਟਿਸਡਲ ਦਾ ਮੱਤ ਹੈ ਕਿ ਅਜੋਕਾ ਵਿਸ਼ਵ ਬੱਚਿਆਂ ਖ਼ਿਲਾਫ਼ ਜੰਗ ਚਲਾ ਰਿਹਾ ਹੈ। ਵੈਨੇਸਾ ਫਰੇਜ਼ੀਅਰ ਵਿਸ਼ੇਸ਼ ਪ੍ਰਤੀਨਿਧ ਯੂਐਨ ਸਕੱਤਰ ਜਨਰਲ ਨੇ 10 ਮਾਰਚ 2026 ਨੂੰ ਯੂਐਨ ਮਾਨਵ ਅਧਿਕਾਰ ਕੌਂਸਲ ਨੂੰ ਸੰਬੋਧਨ ਕਰਦਿਆਂ ਸਪਸ਼ਟ ਕਿਹਾ ਕਿ ਕੌਮਾਂਤਰੀ ਮਾਨਵ ਜਾਤੀ ਅਧਿਕਾਰਾਂ ਸਬੰਧੀ ਕਾਨੂੰਨ ਜੋ ਬੱਚੇ ਨੂੰ ਜਿਉਣ ਅਤੇ ਉਸ ਦੇ ਜੀਵਨ ਦੀ ਰੱਖਿਆ ਦਾ ਅਧਿਕਾਰ ਦਿੰਦਾ ਹੈ, ਦੀ ਇਸ ਵੇਲੇ ਬੁਰੀ ਤਰ੍ਹਾਂ ਉਲੰਘਣਾ ਤੇ ਕੁਵਰਤੋਂ ਕੀਤੀ ਜਾ ਰਹੀ ਹੈ। ਜੈਨੇਵਾ ਵਿਖੇ ਯੂਐਨ ਸਾਲਾਨਾ ਮਾਨਵ ਅਧਿਕਾਰ ਕੌਂਸਲ ਨੂੰ ਸੰਬੋਧਨ ਕਰਦਿਆਂ ਇਸ ਦੀ ਡਿਪਟੀ ਹਾਈ ਕਮਿਸ਼ਨਰ ਨਡਾ-ਅਲ-ਨਾਸੀਫ ਨੇ ਕਿਹਾ ਕਿ ਬੱਚਿਆਂ ਦੇ ਅਧਿਕਾਰਾਂ ਦੀ ਮਾਨਵ ਅਧਿਕਾਰ ਕਾਨੂੰਨ, ਮਾਨਵਵਾਦੀ ਕਾਨੂੰਨ ਅਤੇ ਕੌਮਾਂਤਰੀ ਅਪਰਾਧਕ ਕਾਨੂੰਨ ਅਧੀਨ ਵਿਆਪਕ ਪੱਧਰ ’ਤੇ ਰਖਵਾਲੀ ਕੀਤੀ ਜਾਂਦੀ ਹੈ ਪਰ ਰਾਜਨੀਤਕ ਇੱਛਾ ਸ਼ਕਤੀ ਦੀ ਘਾਟ ਕਰਕੇ ਇਨ੍ਹਾਂ ਦੀ ਰਾਖੀ ਜੰਗਾਂ ਤੇ ਖ਼ਾਨਾਜੰਗੀ ਖੇਤਰਾਂ ਵਿਚ ਨਹੀਂ ਕੀਤੀ ਜਾਂਦੀ।

ਪੂਰੇ ਵਿਸ਼ਵ ਦੇ ਬਹੁ-ਗਿਣਤੀ ਦੇਸ਼ਾਂ ਨੂੰ ਪੂਰਨ ਇਕਜੁੱਟਤਾ ਅਤੇ ਦ੍ਰਿੜਤਾ ਨਾਲ ਇਨ੍ਹਾਂ ਦੀ ਰਾਖੀ ਲਈ ਅੱਗੇ ਆਉਣਾ ਚਾਹੀਦਾ ਹੈ। ਵਿਸ਼ਵ ਭਰ ਦੇ ਕਾਰਪੋਰੇਟਾਂ ਤੇ ਸ਼ਾਸਕਾਂ ਨੂੰ ਸਮਝਣਾ ਪਵੇਗਾ ਕਿ ਜੋ ਬੱਚੇ ਕਦੇ ਵੀ ਕਿਸੇ ਜੰਗ ਨੂੰ ਛੇੜਨ ਲਈ ਕੋਈ ਭੂਮਿਕਾ ਅਦਾ ਨਹੀਂ ਕਰਦੇ, ਉਨ੍ਹਾਂ ਨੂੰ ਇਸ ਦੇ ਅੰਜਾਮਾਂ ਦੇ ਹਿੱਸੇਦਾਰ ਨਹੀਂ ਬਣਨ ਦੇਣਾ ਚਾਹੀਦਾ।





# ਲਾਲਜੀਤ ਭੁੱਲਰ: ਆੜ੍ਹਤੀਏ ਤੋਂ ਮੰਤਰੀ ਅਤੇ ਜੇਲ ਜਾਣ ਦਾ ਸਫ਼ਰ

ਅੰਮ੍ਰਿਤਸਰ ਵਿੱਚ ਪੰਜਾਬ ਸਟੇਟ ਵੇਅਰਹਾਊਸ ਕਾਰਪੋਰੇਸ਼ਨ ਦੇ ਜ਼ਿਲ੍ਹਾ ਮੈਨੇਜਰ ਗਗਨਦੀਪ ਸਿੰਘ ਰੰਧਾਵਾ ਦੀ ਮੌਤ ਦੇ ਮਾਮਲੇ ਵਿੱਚ ਲਾਲਜੀਤ ਸਿੰਘ ਭੁੱਲਰ ਦੀ ਗ੍ਰਿਫ਼ਤਾਰੀ ਹੋ ਗਈ ਹੈ ਅਤੇ ਉਨ੍ਹਾਂ ਵੱਲੋਂ ਸੂਬੇ ਦੇ ਟਰਾਂਸਪੋਰਟ ਮੰਤਰੀ ਦੇ ਅਹੁਦੇ ਤੋਂ ਦਿੱਤਾ ਗਿਆ ਅਸਤੀਫ਼ਾ ਵੀ ਮਨਜ਼ੂਰ ਕਰ ਲਿਆ ਗਿਆ ਹੈ। ਪੀੜਤ ਪਰਿਵਾਰ ਅਤੇ ਵਿਰੋਧੀ ਪਾਰਟੀਆਂ ਵੱਲੋਂ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਦੀ ਮੰਗ ਕੀਤੀ ਜਾ ਰਹੀ ਸੀ। ਇਸ ਮਾਮਲੇ ਵਿੱਚ ਮੁੱਖ ਮੁਲਜ਼ਮ ਵਜੋਂ ਸਾਬਕਾ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ, ਉਨ੍ਹਾਂ ਦੇ ਪਿਤਾ ਸੁਖਦੇਵ ਸਿੰਘ ਭੁੱਲਰ ਅਤੇ ਉਨ੍ਹਾਂ ਦੇ ਪੀਏ ਦਿਲਬਾਗ ਸਿੰਘ ਨੂੰ ਨਾਮਜ਼ਦ ਕੀਤਾ ਗਿਆ ਹੈ। ਪੁਲਿਸ ਨੇ 21 ਮਾਰਚ ਨੂੰ ਭਾਰਤੀ ਨਿਆਂ ਸੰਹਿਤਾ ਦੀਆਂ ਧਾਰਾਵਾਂ 108, 351(3) ਅਤੇ 3(5) ਤਹਿਤ ਐਫਆਈਆਰ ਦਰਜ ਕੀਤੀ ਸੀ। ਮ੍ਰਿਤਕ ਦੀ ਪਤਨੀ ਨੇ ਕਿਹਾ ਸੀ ਕਿ ਜਦੋਂ ਤੱਕ ਲਾਲਜੀਤ ਭੁੱਲਰ ਦੀ ਗ੍ਰਿਫ਼ਤਾਰੀ ਨਹੀਂ ਹੁੰਦੀ, ਉਦੋਂ ਤੱਕ ਨਾ ਤਾਂ ਪੋਸਟਮਾਰਟਮ ਕਰਵਾਇਆ ਜਾਵੇਗਾ ਅਤੇ ਨਾ ਹੀ ਅੰਤਿਮ ਸਸਕਾਰ ਕੀਤਾ ਜਾਵੇਗਾ।

ਲਾਲਜੀਤ ਸਿੰਘ ਭੁੱਲਰ ਦੇ ਖ਼ਿਲਾਫ਼ ਡਿਸਟ੍ਰਿਕ ਮੈਨੇਜਰ ਦੀ ਕਥਿਤ ਖ਼ੁਦਕੁਸ਼ੀ ਦੇ ਮਾਮਲੇ ਵਿੱਚ ਲੰਘੀ 21 ਮਾਰਚ ਨੂੰ ਭਾਰਤੀ ਨਿਆਂ ਸੰਹਿਤਾ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਐਫਆਈਆਰ ਦਰਜ ਹੋਈ ਸੀ। ਇਸ ਦੇ ਨਾਲ ਹੀ ਮ੍ਰਿਤਕ ਗਗਨਦੀਪ ਰੰਧਾਵਾ ਦੀ ਇੱਕ ਵੀਡੀਓ ਵੀ ਵਾਇਰਲ ਹੋ ਰਹੀ ਹੈ, ਜਿਸ ਵਿੱਚ ਉਹ ਲਾਲਜੀਤ ਸਿੰਘ ਭੁੱਲਰ 'ਤੇ ਗੰਭੀਰ ਇਲਜ਼ਾਮ ਲਗਾ ਰਹੇ ਹਨ।

ਰਿਸ਼ਤੇਦਾਰਾਂ ਦੇ ਮੁਤਾਬਕ, "ਉਨ੍ਹਾਂ 'ਤੇ ਲਾਲਜੀਤ ਭੁੱਲਰ ਵੱਲੋਂ ਆਪਣੇ ਪਿਤਾ ਦੇ ਹੱਕ ਵਿੱਚ ਟੈਂਡਰ ਪਾਸ ਕਰਨ ਲਈ ਦਬਾਅ ਬਣਾਇਆ ਜਾ ਰਿਹਾ ਸੀ। ਜਦੋਂ ਟੈਂਡਰ ਉਨ੍ਹਾਂ ਦੀ ਮਰਜ਼ੀ ਅਨੁਸਾਰ ਨਹੀਂ ਦਿੱਤਾ ਗਿਆ ਤਾਂ ਉਨ੍ਹਾਂ ਨਾਲ ਕੁੱਟਮਾਰ ਅਤੇ ਮਾਨਸਿਕ ਸ਼ੋਸ਼ਣ ਵੀ ਕੀਤਾ ਗਿਆ। ਪੁਲਿਸ ਮੁਤਾਬਕ ਮ੍ਰਿਤਕ ਗਗਨਦੀਪ ਸਿੰਘ ਰੰਧਾਵਾ ਨੂੰ ਸ਼ਨੀਵਾਰ ਨੂੰ ਅੰਮ੍ਰਿਤਸਰ ਦੇ ਈਐਮਸੀ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਸੀ, ਜਿੱਥੇ ਉਨ੍ਹਾਂ ਨੂੰ ਬਚਾਇਆ ਨਹੀਂ ਜਾ ਸਕਿਆ। ਖ਼ੁਦਕੁਸ਼ੀ ਕਰਨ ਵਾਲੇ ਮੁਲਾਜ਼ਮ ਦਾ ਪਰਿਵਾਰ ਸਾਬਕਾ ਮੰਤਰੀ ਦੀ ਗ੍ਰਿਫ਼ਤਾਰੀ ਦੀ ਮੰਗ 'ਤੇ ਅੜਿਆ ਹੋਇਆ ਸੀ। ਮ੍ਰਿਤਕ ਦੀ ਪਤਨੀ ਨੇ ਕਿਹਾ ਸੀ ਕਿ ਜਦੋਂ ਤੱਕ ਗ੍ਰਿਫ਼ਤਾਰੀ ਨਹੀਂ ਹੁੰਦੀ, ਨਾ ਤਾਂ ਪੋਸਟਮਾਰਟਮ ਕਰਵਾਇਆ ਜਾਵੇਗਾ ਅਤੇ ਨਾ ਹੀ ਅੰਤਿਮ ਸਸਕਾਰ ਕੀਤਾ ਜਾਵੇਗਾ। ਉਧਰ, ਮ੍ਰਿਤਕ ਦੀ ਪਤਨੀ ਉਪਿੰਦਰ ਕੌਰ ਨੇ ਸਾਰੀਆਂ ਜਥੇਬੰਦੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਨਿਆਂ ਲਈ ਉਨ੍ਹਾਂ ਦੇ ਨਾਲ ਆਉਣ। ਲਾਲਜੀਤ ਸਿੰਘ ਭੁੱਲਰ ਨੇ ਆਪਣੇ ਸੋਸ਼ਲ ਮੀਡੀਆ ਹੈਂਡਲ 'ਤੇ ਇੱਕ ਪੋਸਟ ਪਾ ਕੇ ਆਤਮ-ਸਮਰਪਣ ਦੀ ਗੱਲ ਆਖੀ ਹੈ। ਉਨ੍ਹਾਂ ਨੇ ਲਿਖਿਆ, "ਮੈਂ ਹਰ ਵਾਰ ਆਪਣੇ ਹਰ ਕਦਮ ਦੀ ਸ਼ੁਰੂਆਤ




ਪਰਮਾਤਮਾ ਨੂੰ ਹਾਜ਼ਰ-ਨਾਜ਼ਰ ਮੰਨ ਕੇ ਕੀਤੀ ਹੈ। ਮੇਰੇ ਲਈ ਮੇਰੇ ਲੋਕ ਹੀ ਮੇਰਾ ਰੱਬ ਹਨ, ਉਨ੍ਹਾਂ ਦੇ ਚਿਹਰਿਆਂ ਵਿੱਚ ਮੈਂ ਹਮੇਸ਼ਾ ਰੱਬ ਦੀ ਝਲਕ ਵੇਖੀ ਹੈ। ਮੇਰੀ ਜ਼ਿੰਦਗੀ ਦਾ ਹਰ ਫ਼ੈਸਲਾ ਉਨ੍ਹਾਂ ਦੀ ਭਲਾਈ ਅਤੇ ਸੱਚਾਈ ਦੇ ਰਾਹ 'ਤੇ ਚੱਲਣ ਲਈ ਹੀ ਰਿਹਾ ਹੈ।" "ਪਰ ਅੱਜ ਜਿਹੀਆਂ ਅਫਵਾਹਾਂ ਫੈਲਾਈਆਂ ਜਾ ਰਹੀਆਂ ਹਨ, ਕਿ ਮੈਂ ਫਰਾਰ ਹੋ ਗਿਆ ਹਾਂ… ਇਹ ਸੱਚ ਨਹੀਂ ਹੈ। ਮੈਂ ਕਦੇ ਵੀ ਸੱਚ ਤੋਂ ਭੱਜਣ ਵਾਲਾ ਨਹੀਂ ਹਾਂ। ਮੈਨੂੰ ਦੇਸ਼ ਦੇ ਕਾਨੂੰਨ 'ਤੇ ਪੂਰਾ ਭਰੋਸਾ ਹੈ, ਅਤੇ ਨਿਆਂ ਪ੍ਰਣਾਲੀ 'ਤੇ ਵੀ ਅਟੱਲ ਵਿਸ਼ਵਾਸ ਹੈ।" "ਮੈਂ ਕਿਤੇ ਵੀ ਨਹੀਂ ਭੱਜਿਆ, ਮੈਂ ਆਪਣੇ ਪੰਜਾਬ ਵਿੱਚ ਹੀ ਹਾਂ। ਸੱਚਾਈ ਅਤੇ ਇਨਸਾਫ 'ਤੇ ਯਕੀਨ ਰੱਖਦਿਆਂ, ਮੈਂ ਖੁਦ ਮੰਡੀ ਗੋਬਿੰਦਗੜ੍ਹ ਵਿਖੇ ਆਤਮ ਸਮਰਪਣ ਕਰ ਰਿਹਾ ਹਾਂ।"

ਲਾਲਜੀਤ ਸਿੰਘ ਭੁੱਲਰ ਸਾਲ 2022 ਵਿੱਚ ਵਿਧਾਨ ਸਭਾ ਦੀ ਚੋਣ ਜਿੱਤੇ ਸਨ। ਉਹ ਪੰਥਕ ਹਲਕਾ ਮੰਨੀ ਜਾਣ ਵਾਲੀ ਸੀਟ ਪੱਟੀ ਤੋਂ ਵਿਧਾਇਕ ਬਣੇ ਸਨ। ਭਾਵੇਂ ਉਹ ਪੰਥਕ ਸਿਆਸਤ ਵਿੱਚ ਖ਼ਾਸ ਸਰਗਰਮ ਨਹੀਂ ਰਹੇ, ਫਿਰ ਵੀ ਉਹ ਇਸ ਹਲਕੇ ਤੋਂ ਚੋਣ ਜਿੱਤਣ ਵਿੱਚ ਕਾਮਯਾਬ ਰਹੇ। ਲਾਲਜੀਤ ਭੁੱਲਰ ਪੱਟੀ ਦੇ ਰਹਿਣ ਵਾਲੇ ਹਨ ਅਤੇ 12ਵੀਂ ਤੱਕ ਪੜ੍ਹੇ ਹਨ। ਉਨ੍ਹਾਂ ਨੂੰ 16ਵੀਂ ਪੰਜਾਬ ਵਿਧਾਨ ਸਭਾ ਦੇ ਮੰਤਰੀ ਮੰਡਲ ਵਿੱਚ ਸ਼ਾਮਲ ਕੀਤਾ ਗਿਆ ਸੀ। ਉਹ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਉਨ੍ਹਾਂ ਚੋਣਵੇਂ ਮੰਤਰੀਆਂ ਵਿੱਚੋਂ ਸਨ, ਜੋ ਸ਼ੁਰੂ ਤੋਂ ਹੀ ਮੰਤਰੀ ਮੰਡਲ ਦਾ ਹਿੱਸਾ ਰਹੇ। ਮੌਜੂਦਾ ਸਮੇਂ ਉਹ ਟਰਾਂਸਪੋਰਟ, ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗਾਂ ਦੀ ਜ਼ਿੰਮੇਵਾਰੀ ਸੰਭਾਲ ਰਹੇ ਸਨ।

**ਆੜ੍ਹਤੀਏ ਤੋਂ ਮੰਤਰੀ ਮੰਡਲ ਤੱਕ ਦਾ ਸਫ਼ਰ**

ਤਰਨ ਤਾਰਨ ਜ਼ਿਲ੍ਹੇ ਤੋਂ ਲੰਬੇ ਸਮੇਂ ਤੋਂ ਪੱਤਰਕਾਰੀ ਕਰ ਰਹੇ ਗੁਰਬਖ਼ਸ਼ਪੁਰੀ ਦੱਸਦੇ ਹਨ, "ਸਾਬਕਾ ਮੰਤਰੀ ਲਾਲਜੀਤ ਭੁੱਲਰ ਪੱਟੀ ਕਸਬੇ ਦੇ ਵਸਨੀਕ, ਜ਼ਮੀਂਦਾਰ ਅਤੇ ਆੜ੍ਹਤੀਏ ਹਨ। ਉਨ੍ਹਾਂ ਨੇ ਸਿਆਸਤ ਦੀ ਸ਼ੁਰੂਆਤ ਆੜ੍ਹਤੀਏ ਹੁੰਦਿਆਂ ਕੀਤੀ ਅਤੇ ਆੜ੍ਹਤੀਆਂ ਦੇ ਆਗੂ ਵਜੋਂ ਵੀ ਜਾਣੇ ਜਾਂਦੇ ਰਹੇ।" "ਸਭ ਤੋਂ ਪਹਿਲਾਂ ਉਹ ਅਕਾਲੀ ਦਲ ਵਿੱਚ ਸ਼ਾਮਲ ਹੋਏ। ਉਸ ਪਾਰਟੀ ਵਿੱਚ ਸਰਗਰਮ ਰਹਿਣ ਤੋਂ ਬਾਅਦ ਉਹ ਕਾਂਗਰਸ ਪਾਰਟੀ ਵਿੱਚ ਗਏ। ਫਿਰ ਉਹ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ ਅਤੇ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਆਪ ਨੇ ਉਨ੍ਹਾਂ ਨੂੰ ਪੱਟੀ ਤੋਂ ਟਿਕਟ ਦਿੱਤੀ।" ਪੱਟੀ ਹਲਕੇ ਵਿੱਚ ਉਨ੍ਹਾਂ ਨਾਲ ਕੰਮ ਕਰਦੇ ਰਹੇ ਅਵਤਾਰ ਸਿੰਘ ਦੱਸਦੇ ਹਨ, "ਲਾਲਜੀਤ ਭੁੱਲਰ ਆੜ੍ਹਤੀਆ ਐਸੋਸੀਏਸ਼ਨ ਵਿੱਚ ਅਹੁਦੇਦਾਰ ਵੀ ਰਹੇ ਹਨ। ਉਨ੍ਹਾਂ ਨੇ ਵਿਧਾਨ ਸਭਾ ਚੋਣਾਂ ਤੋਂ ਕੁਝ ਸਮਾਂ ਪਹਿਲਾਂ ਆਮ ਆਦਮੀ ਪਾਰਟੀ ਜੁਆਇਨ ਕੀਤੀ ਸੀ।" ਲੋਕ ਸਭਾ ਹਲਕਾ ਖਡੂਰ ਸਾਹਿਬ ਦੇ ਇੰਚਾਰਜ ਆਮ ਆਦਮੀ ਪਾਰਟੀ ਦੇ ਆਗੂ ਰਣਜੀਤ ਸਿੰਘ ਚੀਮਾ ਕਹਿੰਦੇ ਹਨ, "ਮੈਂ ਖੁਦ 2020 ਵਿੱਚ ਲਾਲਜੀਤ ਭੁੱਲਰ ਨੂੰ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਕਰਵਾਇਆ ਸੀ। ਇਸ ਤੋਂ ਪਹਿਲਾਂ ਉਹ ਕਾਂਗਰਸ ਅਤੇ ਅਕਾਲੀ ਦਲ ਵਿੱਚ ਸਰਗਰਮ ਸਨ।" "'ਆਪ' ਵਿੱਚ ਆਉਣ ਤੋਂ ਪਹਿਲਾਂ ਉਹ ਪੱਟੀ ਦਾਣਾ ਮੰਡੀ ਆੜ੍ਹਤੀਆ ਐਸੋਸੀਏਸ਼ਨ ਦੇ ਪ੍ਰਧਾਨ ਵੀ ਰਹੇ ਹਨ।" ਰਣਜੀਤ ਸਿੰਘ ਚੀਮਾ ਨੇ ਵੀ ਸਾਲ 2017 ਵਿੱਚ ਪੱਟੀ ਹਲਕੇ ਤੋਂ ਚੋਣ ਲੜੀ ਸੀ ਅਤੇ ਹੁਣ ਉਹ ਰਾਜ ਜਲ ਸਰੋਤ ਕਾਰਪੋਰੇਸ਼ਨ ਦੇ ਚੇਅਰਮੈਨ ਹਨ। ਲਾਲਜੀਤ ਭੁੱਲਰ ਨੇ ਸਾਲ 2024 ਵਿੱਚ ਆਮ ਆਦਮੀ ਪਾਰਟੀ ਦੀ ਟਿਕਟ 'ਤੇ ਲੋਕ ਸਭਾ ਚੋਣ ਲੜੀ ਸੀ, ਪਰ ਉਹ ਜੇਲ੍ਹ ਵਿੱਚ ਬੰਦ ਅੰਮ੍ਰਿਤਪਾਲ ਸਿੰਘ ਤੋਂ ਹਾਰ ਗਏ। ਅੰਮ੍ਰਿਤਪਾਲ ਸਿੰਘ ਨੇ ਇਹ ਚੋਣ ਆਜ਼ਾਦ ਉਮੀਦਵਾਰ ਵਜੋਂ ਜਿੱਤੀ ਸੀ।

**ਜਾਇਦਾਦ ਕਿੰਨੀ ਹੈ?**

ਸਾਲ 2024 ਦੀਆਂ ਲੋਕ ਸਭਾ ਚੋਣਾਂ ਦੌਰਾਨ ਦਾਖ਼ਲ ਕੀਤੇ ਹਲਫ਼ਨਾਮੇ ਮੁਤਾਬਕ, ਲਾਲਜੀਤ ਭੁੱਲਰ ਕੋਲ 2.68 ਕਰੋੜ ਰੁਪਏ ਦੀ ਚੱਲ ਅਤੇ 4.72 ਕਰੋੜ ਰੁਪਏ ਦੀ ਅਚੱਲ ਜਾਇਦਾਦ ਹੈ। ਉਨ੍ਹਾਂ ਦੀ ਪਤਨੀ ਕੋਲ 1.42 ਕਰੋੜ ਰੁਪਏ ਦੀ ਅਚੱਲ ਅਤੇ 31.50 ਲੱਖ ਰੁਪਏ ਦੀ ਚੱਲ ਜਾਇਦਾਦ ਹੈ। ਭੁੱਲਰ ਕੋਲ ਲਗਭਗ 17 ਏਕੜ 6 ਕਨਾਲ ਅਤੇ ਉਨ੍ਹਾਂ ਦੀ ਪਤਨੀ ਕੋਲ 7 ਏਕੜ 7 ਕਨਾਲ ਤੋਂ ਵੱਧ ਵਾਹੀਯੋਗ ਜ਼ਮੀਨ ਹੈ। ਸਾਲ 2022 ਦੀਆਂ ਚੋਣਾਂ ਵਿੱਚ ਲਾਲਜੀਤ ਭੁੱਲਰ ਨੇ ਅਕਾਲੀ ਦਲ ਦੇ ਦਿੱਗਜ ਆਗੂ ਆਦੇਸ਼ ਪ੍ਰਤਾਪ ਸਿੰਘ ਕੈਰੋਂ ਅਤੇ ਕਾਂਗਰਸ ਦੇ ਹਰਮਿੰਦਰ ਸਿੰਘ ਗਿੱਲ ਨੂੰ ਵੱਡੇ ਅੰਤਰ ਨਾਲ ਹਰਾਇਆ ਸੀ। ਆਦੇਸ਼ ਪ੍ਰਤਾਪ ਸਿੰਘ ਕੈਰੋਂ, ਸਾਬਕਾ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਦੇ ਪੋਤਰੇ ਹਨ ਅਤੇ ਉਹ ਮਰਹੂਮ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਜਵਾਈ ਹਨ। ਉਹ ਚਾਰ ਵਾਰ ਵਿਧਾਇਕ ਰਹਿ ਚੁੱਕੇ ਹਨ ਅਤੇ ਕਈ ਵਾਰ ਮੰਤਰੀ ਮੰਡਲ ਦਾ ਹਿੱਸਾ ਵੀ ਰਹੇ ਹਨ।

# ਬਲੱਡ ਪ੍ਰੈਸ਼ਰ ਨਾਲ ਪੀੜਤ ਲੋਕਾਂ ਲਈ ਆਈਸੋਮੀਟ੍ਰਿਕ ਕਸਰਤਾਂ ਕਿਵੇਂ ਫਾਇਦੇਮੰਦ

ਆਈਸੋਮੀਟ੍ਰਿਕ ਕਸਰਤਾਂ, ਜਿਨ੍ਹਾਂ ਵਿੱਚ ਤੁਹਾਨੂੰ ਸਰੀਰ ਨੂੰ ਇੱਕ ਖ਼ਾਸ ਪੋਜ਼ੀਸ਼ਨ 'ਚ ਰੱਖਣਾ ਹੁੰਦਾ, ਇਸਦੀ ਮਦਦ ਨਾਲ ਤੁਸੀਂ ਸਰੀਰ ਨੂੰ ਮਜ਼ਬੂਤ ਵੀ ਬਣਾ ਸਕਦੇ ਹੋ ਅਤੇ ਆਪਣਾ ਬਲੱਡ ਪ੍ਰੈਸ਼ਰ ਵੀ ਘਟਾ ਸਕਦੇ ਹੋ। ਇਸ ਵਾਸਤੇ ਤੁਹਾਨੂੰ ਸਿਰਫ 14 ਮਿੰਟ ਦਾ ਇੱਕ ਸੈਸ਼ਨ ਕਰਨ ਦੀ ਲੋੜ ਹੈ, ਉਹ ਵੀ ਹਫ਼ਤੇ 'ਚ ਸਿਰਫ਼ ਤਿੰਨ ਦਿਨ, ਤੁਹਾਨੂੰ ਲੰਬੇ ਸਮੇਂ ਤੱਕ ਇਸਦੇ ਫਾਇਦੇ ਨਜ਼ਰ ਆਉਣਗੇ।

ਅੱਜ-ਕੱਲ੍ਹ ਜਦੋਂ ਵੀ ਅਸੀਂ ਫਿਟਨੈੱਸ ਬਾਰੇ ਸੋਚਦੇ ਹਾਂ ਤਾਂ ਆਮ ਤੌਰ 'ਤੇ ਜਿਮ 'ਚ ਕਈ ਘੰਟੇ ਟਰੈਡਮਿੱਲ 'ਤੇ ਦੌੜਨ ਜਾਂ ਵੇਟਲਿਫਟਿੰਗ ਬਾਰੇ ਸੋਚਦੇ ਹਾਂ ਪਰ ਹਾਲ ਹੀ ਦੇ ਇੱਕ ਅਧਿਐਨ 'ਚ ਸਾਹਮਣੇ ਆਇਆ ਕਿ ਰਿਜ਼ਲਟ ਹਾਸਲ ਕਰਨ ਲਈ ਤੁਹਾਨੂੰ ਏਨੀ ਮਿਹਨਤ ਕਰਨ ਦੀ ਲੋੜ ਨਹੀਂ। ਸੱਚ ਤਾਂ ਇਹ ਹੈ ਕਿ ਤੁਹਾਨੂੰ ਸਰੀਰ ਨੂੰ ਬਹੁਤਾ ਹਿਲਾਉਣ-ਡੁਲਾਉਣ ਦੀ ਵੀ ਲੋੜ ਨਹੀਂ। ਸਿਰਫ਼ ਕੁਝ ਮਿੰਟਾਂ ਲਈ ਸਰੀਰ ਨੂੰ ਕਿਸੇ ਖ਼ਾਸ ਇੱਕੋ ਪੋਜ਼ੀਸ਼ਨ 'ਚ ਰੱਖਣਾ ਹੀ ਕਾਫ਼ੀ ਹੈ। ਆਈਸੋਮੀਟ੍ਰਿਕ ਕਸਰਤਾਂ, ਉਦਾਹਰਨ ਵਜੋਂ ਸਕੁਐਟ ਪੋਜ਼ੀਸ਼ਨ 'ਚ ਰਹਿਣਾ ਜਾਂ ਕੁਰਸੀ 'ਤੇ ਬੈਠਕੇ ਲੱਤਾਂ ਨੂੰ ਸਿੱਧਾ ਰੱਖਣਾ, ਅਜਿਹੀਆਂ ਕਸਰਤਾਂ ਤੁਹਾਡੇ ਦਿਲ ਨੂੰ ਤੰਦਰੁਸਤ ਰੱਖ ਸਕਦੀਆਂ ਹਨ ਅਤੇ ਤੁਹਾਡੀਆਂ ਮਾਸਪੇਸ਼ੀਆਂ ਨੂੰ ਵੀ ਮਜ਼ਬੂਤੀ ਦਿੰਦੀਆਂ ਹਨ।

ਇਹ ਉਨ੍ਹਾਂ ਲੋਕਾਂ ਲਈ ਰਾਹਤ ਭਰੀ ਖ਼ਬਰ ਜੋ ਆਪਣੀ ਰੁਟੀਨ 'ਚੋਂ ਕਸਰਤ ਲਈ ਬਹੁਤਾ ਸਮਾਂ ਨਹੀਂ ਕੱਢ ਪਾਉਂਦੇ। ਸਾਡੇ 'ਚੋਂ ਜ਼ਿਆਦਾਤਰ ਲੋਕ ਕਸਰਤ ਦੀ ਅਹਿਮੀਅਤ ਨੂੰ ਸਮਝਦੇ ਹਨ ਪਰ ਰੋਜ਼ਾਨਾ ਜ਼ਿੰਦਗੀ 'ਚ ਇਸ ਵਾਸਤੇ ਸਮਾਂ ਨਹੀਂ ਕੱਢ ਪਾਉਂਦੇ। ਵਿਸ਼ਵ ਸਿਹਤ ਸੰਗਠਨ ਮੁਤਾਬਕ, ਦੁਨੀਆ ਭਰ 'ਚ 2010 ਤੋਂ 2022 ਵਿਚਾਲੇ ਸਰੀਰਕ ਗਤੀਵਿਧੀ 'ਚ ਕਮੀ ਦਾ ਪੱਧਰ 5 ਫੀਸਦ ਦੇ ਇਜ਼ਾਫੇ ਨਾਲ 31 ਫੀਸਦ ਤੱਕ ਪਹੁੰਚ ਚੁੱਕਿਆ।

ਪਿਛਲੇ ਕਈ ਦਹਾਕਿਆਂ ਤੋਂ ਆਈਸੋਮੀਟ੍ਰਿਕ ਫਿਜ਼ਿਓਲੋਜੀ ਦੇ ਹੱਕ 'ਚ ਲਗਾਤਾਰ ਦਲੀਲਾਂ ਸੁਣਨ ਨੂੰ ਮਿਲ ਰਹੀਆਂ ਹਨ। ਖ਼ਾਸ ਤੌਰ 'ਤੇ 1990 ਦੇ ਦਹਾਕੇ ਦੌਰਾਨ ਸੰਕੇਤ ਮਿਲੇ ਕਿ ਇਸ ਨਾਲ ਬਲੱਡ ਪ੍ਰੈਸ਼ਰ ਘਟਾਉਣ 'ਚ ਮਦਦ ਮਿਲਦੀ ਹੈ। ਹਾਲਾਂਕਿ ਵਿਅਕਤੀ ਵਿਸ਼ੇਸ਼ ਦੇ ਅਧਿਐਨ ਤੋਂ ਅਸੀਂ ਸੀਮਿਤ ਜਾਣਕਾਰੀ ਹੀ ਹਾਸਲ ਕਰ ਸਕਦੇ ਹਾਂ। ਇਹੀ ਵਜ੍ਹਾ ਹੈ ਕਿ ਵਿਗਿਆਨੀ ਅਕਸਰ ਮੇਟਾ-ਐਨਾਲਿਸਿਸ ਕਰਦੇ ਹਨ, ਜਿਸ ਵਿੱਚ ਵੱਖ-ਵੱਖ ਲੋਕਾਂ ਦੇ ਤਜ਼ਰਬਿਆਂ ਦਾ ਡਾਟਾ ਇਕੱਠਾ ਕੀਤਾ ਜਾਂਦਾ ਹੈ। 2023 'ਚ ਟ੍ਰਾਇਲਜ਼ ਦਾ ਇੱਕ ਮੇਟਾ-ਐਨਾਲਿਸਿਸ ਡਾਟਾ ਪ੍ਰਕਾਸ਼ਿਤ ਕੀਤਾ ਗਿਆ, ਜੋ 1990 ਤੋਂ 2023 ਵਿਚਾਲੇ ਕੀਤਾ ਗਿਆ। ਇਸ ਵਿੱਚ ਕਰੀਬ 16 ਹਜ਼ਾਰ ਲੋਕਾਂ ਨੇ ਘੱਟੋ-ਘੱਟ ਦੋ ਹਫ਼ਤਿਆਂ ਤੱਕ ਬਲੱਡ ਪ੍ਰੈਸ਼ਰ ਘਟਾਉਣ ਲਈ ਵੱਖ-ਵੱਖ ਕਿਸਮਾਂ ਦੀਆਂ ਕਸਰਤਾਂ ਕੀਤੀਆਂ, ਜਿਨ੍ਹਾਂ ਦੀ ਪ੍ਰਭਾਵਸ਼ੀਲਤਾ ਦੀ ਤੁਲਨਾ ਕੀਤੀ ਗਈ ਸੀ।



ਇਸ ਅਧਿਐਨ 'ਚ ਤਿੰਨ ਤਰ੍ਹਾਂ ਦੀਆਂ ਕਸਰਤਾਂ ਨੂੰ ਸ਼ਾਮਿਲ ਕੀਤਾ ਗਿਆ ਸੀ: ਹੈਂਡਗ੍ਰਿਪ (ਬਾਲ ਜਾਂ ਕਿਸੇ ਵਸਤੂ ਨੂੰ ਹੱਥ 'ਚ ਫੜ੍ਹ ਕੇ ਦਬਾਉਣਾ), ਵਾਲ ਸਕੁਐਟ (ਦੀਵਾਰ ਨਾਲ ਢੰਡ ਲਗਾਉਣਾ) ਅਤੇ ਲੈੱਗ ਐਕਸਟੇਂਸ਼ਨ (ਲੱਤਾਂ ਦੀ ਕਸਰਤ) ਅਤੇ ਟ੍ਰਾਇਲਜ਼ 'ਚ ਤਕਰੀਬਨ ਇੱਕੋ ਜਿਹਾ ਬੇਸਿਕ ਟ੍ਰੇਨਿੰਗ ਪਲਾਨ ਸ਼ਾਮਿਲ ਕੀਤਾ ਗਿਆ: ਚਾਰ ਵਾਰ ਦੋ ਮਿੰਟ ਲਈ ਕਸਰਤ ਅਤੇ ਵਿਚਾਲੇ ਇੱਕ ਜਾਂ ਦੋ ਮਿੰਟ ਦੀ ਬ੍ਰੇਕ। 14 ਮਿੰਟ ਦਾ ਇਹ ਸੈਸ਼ਨ ਹਫ਼ਤੇ 'ਚ ਕਰੀਬ ਤਿੰਨ ਵਾਰ ਕੀਤਾ ਗਿਆ ਜੋ ਤਕਰੀਬਨ ਹਰ ਕਿਸੇ ਦੇ ਸ਼ੈਡਿਊਲ 'ਚ ਫਿਟ ਬੈਠ ਜਾਂਦਾ। ਕਿਸੇ ਵੀ ਸ਼ਖ਼ਸ ਜੋ ਆਪਣੀ ਸਿਹਤ ਨੂੰ ਲੈਕੇ ਸੰਜੀਦਾ ਸੀ, ਉਸਨੂੰ ਇਹ ਨਤੀਜੇ ਕਾਫ਼ੀ ਪ੍ਰਭਾਵਸ਼ਾਲੀ ਲੱਗੇ। ਇਨ੍ਹਾਂ ਨਤੀਜਿਆਂ ਤੋਂ ਸਪੱਸ਼ਟ ਸੀ ਕਿ ਆਈਸੋਮੀਟ੍ਰਿਕ ਕਸਰਤਾਂ- ਕਾਰਡੀਓ, ਵੇਟਲਿਫਟਿੰਗ ਜਾਂ ਸਖ਼ਤੀ ਨਾਲ ਕੀਤੀਆਂ ਹੋਰਨਾਂ ਟ੍ਰੇਨਿੰਗਸ ਦੇ ਮੁਕਾਬਲੇ ਕਾਫ਼ੀ ਅਸਰਦਾਰ ਨਜ਼ਰ ਆਈਆਂ।

ਬਲੱਡ ਪ੍ਰੈਸ਼ਰ ਆਮ ਤੌਰ 'ਤੇ ਦੋ ਨੰਬਰਾਂ ਨੇ ਆਂਕਿਆ ਜਾਂਦਾ ਜਦੋਂ ਦਿਲ ਧੜਕਦਾ ਅਤੇ ਜਦੋਂ ਆਰਾਮ ਕਰਦਾ। 120/80mmHg ਤੋਂ ਹੇਠਲੀ ਕੋਈ ਵੀ ਰੀਡਿੰਗ ਸਿਹਤਮੰਦ ਦਿਲ ਦੀ ਨਿਸ਼ਾਨੀ ਹੁੰਦੀ ਹੈ। ਐਰੋਬਿਕ ਕਸਰਤਾਂ ਤੋਂ ਬਾਅਦ ਬਲੱਡ ਪ੍ਰੈਸ਼ਰ 'ਚ 4149/2153 mmHg ਦੀ ਕਮੀ ਦਰਜ ਕੀਤੀ ਗਈ ਜਦੋਂਕਿ ਆਈਸੋਮੀਟ੍ਰਿਕ ਕਸਰਤਾਂ ਤੋਂ ਬਾਅਦ ਬਲੱਡ ਪ੍ਰੈਸ਼ਰ 'ਚ 8124/4100ਮਮਹਗ ਦੀ ਗਿਰਾਵਟ ਦਰਜ ਹੋਈ। ਜੇਕਰ ਬਲੱਡ ਪ੍ਰੈਸ਼ਰ ਘਟਾਉਣ ਵਾਲੀਆਂ ਦਵਾਈਆਂ ਨਾਲ ਤੁਲਨਾ ਕਰੀਏ ਤਾਂ ਇਹ 9/4100ਮਮਹਗ ਤੱਕ ਬਲੱਡ ਪ੍ਰੈਸ਼ਰ ਘਟਾਉਂਦੀਆਂ ਜੋ ਆਈਸੋਮੀਟ੍ਰਿਕ ਕਸਰਤਾਂ ਦੇ ਮੁਕਾਬਲੇ ਮਹਿਜ਼ ਕੁਝ ਪੁਆਇੰਟ ਹੀ ਬਿਹਤਰ ਸੀ। ਉੱਚ ਬਲੱਡ ਪ੍ਰੈਸ਼ਰ ਨਾਲ ਦਿਲ ਦੀਆਂ ਬਿਮਾਰੀਆਂ ਅਤੇ ਅਚਨਚੇਤ ਮੌਤ ਦਾ ਖ਼ਤਰਾ ਵੱਧ ਜਾਂਦਾ ਹੈ। ਇਸ ਲਈ ਵੱਧਦੀ ਉਮਰ ਦੇ ਨਾਲ ਸਾਡੇ ਲਈ ਇਨ੍ਹਾਂ ਕਸਰਤਾਂ ਦੇ ਵੱਡੇ ਫਾਇਦੇ ਹੋ ਸਕਦੇ ਹਨ।

ਯੂਕੇ ਦੀ ਯੂਨੀਵਰਸਿਟੀ ਆਫ ਕੇਂਟ ਦੇ ਸੈਂਟਰ ਆਫ ਹੈਲਥ ਸਰਵਿਸਸ ਸਟੱਡੀਜ਼ 'ਚ ਸੀਨੀਅਰ ਰਿਸਰਚ ਫੈਲੋ ਮੇਲਾਨੀ ਰੀਸ ਰੋਬਰਟਸ ਕਹਿੰਦੇ ਹਨ, "ਇਨ੍ਹਾਂ ਕਸਰਤਾਂ ਦੀ ਸਭ ਤੋਂ ਖ਼ਾਸ ਗੱਲ ਇਹ ਹੈ ਕਿ ਤੁਸੀਂ ਇਹ ਆਪਣੇ ਘਰ 'ਚ ਹੀ ਕਰ ਸਕਦੇ ਹੋ, ਤੁਹਾਨੂੰ ਕਿਸੇ ਕਿਸਮ ਦੇ ਖ਼ਾਸ ਯੰਤਰਾਂ ਦੀ ਲੋੜ ਨਹੀਂ, ਮੀਂਹ ਦੇ ਦਿਨਾਂ 'ਚ ਤੁਹਾਨੂੰ ਘਰੋਂ ਬਾਹਰ ਜਾਣ ਦੀ ਲੋੜ ਨਹੀਂ ਅਤੇ ਇਹ ਕਸਰਤਾਂ ਕਰਦੇ ਸਮੇਂ ਤੁਹਾਨੂੰ ਵਧੇਰੇ ਪਸੀਨਾ ਵੀ ਵਹਾਉਣਾ ਨਹੀਂ ਪਵੇਗਾ।"

ਇਸ ਮੇਟਾ-ਐਨਾਲਿਸਿਸ ਦੇ ਸਹਿ-ਲੇਖਕ ਅਤੇ ਯੂਕੇ ਦੀ ਕੈਂਟਰਬਰੀ ਕ੍ਰਾਈਸਟ ਚਰਚ ਯੂਨੀਵਰਸਿਟੀ 'ਚ ਐਕਸਰਸਾਈਜ਼ ਸਾਇੰਸ ਦੇ ਪ੍ਰੋਫੈਸਰ ਜਿਮ ਵਾਈਲਸ ਵੀ ਮੰਨਦੇ ਹਨ ਕਿ ਅਜਿਹੀਆਂ ਕਸਰਤਾਂ ਉਨ੍ਹਾਂ ਲੋਕਾਂ ਲਈ ਬੇਹੱਦ ਫਾਇਦੇਮੰਦ ਹਨ ਜਿਨ੍ਹਾਂ ਨੂੰ ਜੋੜਾਂ ਦਾ ਦਰਦ ਹੋਵੇ ਜਾਂ ਜਿਨ੍ਹਾਂ ਨੂੰ ਭਾਰੀ ਭਰਕਮ ਭਾਰ ਚੁੱਕਣ 'ਚ ਦਿੱਕਤ ਆਉਂਦੀ ਹੋਵੇ। ਇੱਕ ਆਈਸੋਮੀਟ੍ਰਿਕ ਵਾਲ ਸਕੁਐਟ, ਜੇਕਰ ਸਹੀ ਢੰਗ ਨਾਲ ਕੀਤਾ ਜਾਵੇ ਤਾਂ ਬਾਕੀ ਕਸਰਤਾਂ ਦੇ ਮੁਕਾਬਲੇ ਦਿਲ ਅਤੇ ਮਾਸਪੇਸ਼ੀਆਂ ਲਈ ਕਾਫ਼ੀ ਸੁਰੱਖਿਅਤ ਹੁੰਦਾ ਹੈ।"

ਜਦੋਂ ਤੁਸੀਂ ਕੋਈ ਆਈਸੋਮੀਟ੍ਰਿਕ ਕਸਰਤ ਕਰਦੇ ਹੋ ਤਾਂ ਤੁਸੀਂ ਇੱਕ ਜਾਂ ਕਈ ਮਾਸਪੇਸ਼ੀਆਂ 'ਤੇ ਸਥਿਰ ਅਵਸਥਾ 'ਚ ਰਹਿੰਦੇ ਹੋਏ ਖਿਚਾਅ ਪਾਉਂਦੇ ਹੋ। ਭਾਵ ਅਜਿਹਾ ਕਰਨ ਨਾਲ ਤੁਹਾਡੀ ਮਾਸਪੇਸ਼ੀ ਦੀ ਲੰਬਾਈ ਨਹੀਂ ਵੱਧਦੀ ਜੋ ਆਮ ਤੌਰ 'ਤੇ ਬਾਕੀ ਕਸਰਤਾਂ ਕਰਨ 'ਤੇ ਹੁੰਦਾ ਹੈ, ਜਿਨ੍ਹਾਂ 'ਚ ਜ਼ਿਆਦਾ ਹਲਚਲ ਹੁੰਦੀ ਹੈ।

ਅਜਿਹੀਆਂ ਸਥਿਰ ਪੋਜ਼ੀਸ਼ਨਾਂ ਖ਼ੂਨ ਦੀਆਂ ਨਲੀਆਂ 'ਤੇ ਦਬਾਅ ਪਾਉਂਦੀਆਂ ਹਨ, ਜਿਸ ਨਾਲ ਆਕਸੀਜਨ ਦੀ ਕਮੀ ਹੁੰਦੀ ਹੈ ਕਿ ਐਕਟਿਵ ਮਾਸਪੇਸ਼ੀਆਂ 'ਚ ਵੇਸਟ ਉਤਪਾਦ ਇਕੱਠੇ ਹੋਣ ਲੱਗਦੇ ਹਨ। ਅਜਿਹਾ ਹੋਣ ਨਾਲ ਦਿਮਾਗ ਕੋਲ ਉਸ ਜਗ੍ਹਾ ਵੱਲ ਵੱਧ ਆਕਸੀਜਨ ਭੇਜਣ ਦਾ ਸੰਕੇਤ ਜਾਂਦਾ ਹੈ ਪਰ ਰੁਕਾਵਟਾਂ ਕਾਰਨ ਬਲੱਡ ਪ੍ਰੈਸ਼ਰ ਵੱਧਦਾ ਹੈ। ਜਦੋਂ ਮਾਸਪੇਸ਼ੀ 'ਤੇ ਪੈ ਰਿਹਾ ਦਬਾਅ ਘੱਟਦਾ ਹੈ ਤਾਂ ਖ਼ੂਨ ਦੀ ਨਲੀ ਦਾ ਆਕਾਰ ਵੱਧਦਾ ਹੈ, ਜਿਸ ਨਾਲ ਉਸ ਏਰੀਆ 'ਚ ਖ਼ੂਨ ਦਾ ਪ੍ਰਵਾਹ ਵੱਧਦਾ ਹੈ ਅਤੇ ਬਲੱਡ ਪ੍ਰੈਸ਼ਰ ਅਸਥਾਈ ਤੌਰ 'ਤੇ ਘੱਟਦਾ ਹੈ। ਹੁਣ ਵਿਚਾਰ ਇਹ ਹੈ ਕਿ ਇਸ ਪੂਰੀ ਪ੍ਰਕਿਰਿਆ ਨੂੰ ਵਾਰ-ਵਾਰ ਦੁਹਰਾਉਣ ਨਾਲ ਲੰਬੇ ਸਮੇਂ ਲਈ ਬਲੱਡ ਪ੍ਰੈਸ਼ਰ ਨੂੰ ਸਥਾਈ ਤੌਰ 'ਤੇ ਘਟਾਉਣ 'ਚ ਮਦਦ ਮਿਲ ਸਕਦੀ ਹੈ। ਇਸਦੇ

(ਬਾਕੀ ਸਫ਼ਾ 14 'ਤੇ)

# 'ਸਾਡੀ ਚਮੜੀ ਹੌਲੀ-ਹੌਲੀ ਝੜ ਰਹੀ ਹੈ ਪਰ ਹੱਲ ਨਹੀਂ ਮਿਲ ਰਿਹਾ

ਬੈਥਨੀ ਗੈਂਬਲ ਨੂੰ ਦੋ ਸਾਲ ਦੀ ਉਮਰ ਤੋਂ ਹੀ ਸਟੇਰਾਇਡ ਕ੍ਰੀਮਾਂ ਦਿੱਤੀਆਂ ਜਾਣ ਲੱਗੀਆਂ ਸਨ, ਤਾਂ ਜੋ ਉਨ੍ਹਾਂ ਦੇ ਐਕਜ਼ੀਮਾ ਨੂੰ ਕਾਬੂ ਕੀਤਾ ਜਾ ਸਕੇ। ਇਹ ਕ੍ਰੀਮਾਂ ਕੰਮ ਵੀ ਕਰ ਰਹੀਆਂ ਸਨ। ਸਾਲਾਂ ਤੱਕ ਉਨ੍ਹਾਂ ਦੀ ਚਮੜੀ ਦੀ ਇਹ ਸਮੱਸਿਆ ਉਨ੍ਹਾਂ ਦੀ ਜ਼ਿੰਦਗੀ ਦਾ ਸਿਰਫ਼ ਇੱਕ ਛੋਟਾ ਜਿਹਾ ਹਿੱਸਾ ਸੀ। ਅਤੇ ਫਿਰ, ਅਚਾਨਕ ਸਭ ਕੁਝ ਬਦਲ ਗਿਆ।

18 ਸਾਲ ਦੀ ਉਮਰ ਵਿੱਚ ਬੈਥਨੀ ਨੂੰ ਮਹਿਸੂਸ ਹੋਣ ਲੱਗਿਆ ਕਿ ਕੁਝ ਤਾਂ ਗੜਬੜ ਹੈ। ਉਨ੍ਹਾਂ ਦੀਆਂ ਕੂਹਣੀਆਂ ਦੇ ਮੋੜ ਅਤੇ ਗੋਡਿਆਂ ਦੇ ਪਿੱਛੇ ਐਕਜ਼ੀਮਾ ਦੇ ਜੋ ਛੋਟੇ-ਛੋਟੇ ਚਕਤੇ ਸਨ, ਉਹ ਫੈਲਣ ਲੱਗ ਪਏ ਸਨ। ਉਨ੍ਹਾਂ ਦੱਸਿਆ, "ਮੇਰੀ ਚਮੜੀ ਬਹੁਤ ਗਰਮ ਹੋ ਗਈ ਸੀ, ਇਸ ਵਿੱਚ ਬਹੁਤ ਜ਼ਿਆਦਾ ਸੋਜਸ਼ ਅਤੇ ਲਾਲੀ ਸੀ। ਇਸ ਵਿੱਚ ਤਰੇੜਾਂ ਪੈਣ ਲੱਗੀਆਂ ਅਤੇ ਇਸ ਵਿੱਚੋਂ ਰਿਸਾਅ ਹੋਣ ਲੱਗਿਆ, ਖੁਰਕ ਇੰਨੀ ਜ਼ਿਆਦਾ ਹੁੰਦੀ ਸੀ ਕਿ ਹੱਡੀਆਂ ਤੱਕ ਮਹਿਸੂਸ ਹੁੰਦੀ ਸੀ। ਇਸਨੇ ਮੇਰੇ ਪੂਰੇ ਸਰੀਰ ਨੂੰ ਆਪਣੀ ਚਪੇਟ ਵਿੱਚ ਲੈ ਲਿਆ ਅਤੇ ਫਿਰ ਇਸਨੇ ਮੇਰੀ ਪੂਰੀ ਜ਼ਿੰਦਗੀ ਨੂੰ ਹੀ ਆਪਣੀ ਚਪੇਟ ਵਿੱਚ ਲੈਣਾ ਸ਼ੁਰੂ ਕਰ ਦਿੱਤਾ।" ਜਦੋਂ ਤੱਕ ਬੈਥਨੀ 20 ਸਾਲ ਦੇ ਹੋਏ, ਉਨ੍ਹਾਂ ਨੂੰ ਇੰਨਾ ਜ਼ਿਆਦਾ ਦਰਦ ਹੋ ਰਿਹਾ ਸੀ ਕਿ ਉਹ ਬਿਸਤਰੇ ਤੋਂ ਉੱਠ ਵੀ ਨਹੀਂ ਸਕਦੇ ਸੀ ਅਤੇ ਉਨ੍ਹਾਂ ਦੀ ਮਾਂ ਨੂੰ ਉਨ੍ਹਾਂ ਦੀ ਦੇਖਭਾਲ ਲਈ ਆਪਣੇ ਕੰਮ ਤੋਂ ਛੁੱਟੀ ਲੈਣੀ ਪਈ। ਉਹ ਆਪਣੇ ਆਪ ਖਾਣਾ ਵੀ ਨਹੀਂ ਖਾ ਸਕਦੇ ਸਨ। ਪਰ, ਉਹ ਕਹਿੰਦੇ ਹਨ ਕਿ ਇਸ ਸਭ ਵਿੱਚ ਸਭ ਤੋਂ ਮਾੜੀ ਗੱਲ ਇਹ ਸੀ ਕਿ ਕੋਈ ਉਨ੍ਹਾਂ ਦੀ ਗੱਲ 'ਤੇ ਵਿਸ਼ਵਾਸ ਹੀ ਨਹੀਂ ਕਰ ਰਿਹਾ ਸੀ।



ਬਰਮਿੰਘਮ ਦੇ ਰਹਿਣ ਵਾਲੇ 21 ਸਾਲ ਦੀ ਬੈਥਨੀ ਕਹਿੰਦੇ ਹਨ, "ਡਾਕਟਰ ਲਗਾਤਾਰ ਮੈਨੂੰ ਇਹ ਅਹਿਸਾਸ ਦਿਵਾਉਂਦੇ ਰਹੇ ਕਿ ਮੈਨੂੰ ਕੋਈ ਭਰਮ ਹੋ ਰਿਹਾ ਹੈ। ਉਹ ਮੈਨੂੰ ਵਾਰ-ਵਾਰ ਕਹਿੰਦੇ ਰਹੇ ਕਿ ਇਹ ਸਿਰਫ਼ ਮੇਰਾ ਐਕਜ਼ੀਮਾ ਹੈ ਅਤੇ ਮੈਨੂੰ ਹੋਰ ਜ਼ਿਆਦਾ ਸਟੇਰਾਇਡ ਦਿੰਦੇ ਰਹੇ।" "ਮੈਨੂੰ ਪੂਰੀ ਜ਼ਿੰਦਗੀ ਐਕਜ਼ੀਮਾ ਰਿਹਾ ਹੈ, ਪਰ ਇਹ ਕੁਝ ਵੱਖਰਾ ਸੀ।" ਬੈਥਨੀ ਉਨ੍ਹਾਂ ਲੋਕਾਂ ਵਿੱਚੋਂ ਇੱਕ ਹਨ, ਜਿਨ੍ਹਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ ਅਤੇ ਜੋ ਸੋਸ਼ਲ ਮੀਡੀਆ 'ਤੇ ਆਪਣੇ ਤਜਰਬੇ ਸਾਂਝੇ ਕਰ ਰਹੇ ਹਨ।

ਇਸਨੂੰ 'ਰੈਡ ਸਕਿਨ ਸਿੰਡਰੋਮ' (ਲਾਲ ਚਮੜੀ ਸਿੰਡਰੋਮ) ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ। ਟੀਐਸਡਬਲਯੂ 'ਤੇ ਅਜੇ ਵੀ ਇੰਨੀ ਘੱਟ ਖੋਜ ਹੋਈ ਹੈ ਕਿ ਕੁਝ ਡਾਕਟਰ (ਜਨਰਲ ਪ੍ਰੈਕਟੀਸ਼ਨਰ) ਅਤੇ ਚਮੜੀ ਦੇ ਮਾਹਿਰ (ਡਰਮੈਟੋਲੋਜਿਸਟ) ਵੀ ਇਸਦਾ ਸਹੀ ਪਤਾ ਲਗਾਉਣ ਜਾਂ ਇਸਦਾ ਇਲਾਜ ਕਰਨ ਵਿੱਚ ਮੁਸ਼ਕਲ ਮਹਿਸੂਸ ਕਰਦੇ ਹਨ। ਕੁਝ ਮਾਹਿਰਾਂ ਦਾ ਮੰਨਣਾ ਹੈ ਕਿ ਇਹ ਸਟੇਰਾਇਡ ਕ੍ਰੀਮ ਦੇ ਇਸਤੇਮਾਲ ਨਾਲ ਹੋਣ ਵਾਲੀ ਇੱਕ ਗੰਭੀਰ ਪ੍ਰਤੀਕਿਰਿਆ ਹੈ।

ਤੁਹਾਨੂੰ ਦੱਸ ਦੇਈਏ ਕਿ ਯੂਕੇ ਵਿੱਚ ਐਕਜ਼ੀਮਾ ਨਾਲ ਪੀੜਤ ਲਗਭਗ 80 ਲੱਖ ਲੋਕਾਂ ਲਈ ਸਟੇਰਾਇਡ ਕ੍ਰੀਮ ਹੀ ਪਹਿਲਾ ਅਤੇ ਮੁੱਖ ਇਲਾਜ ਮੰਨਿਆ ਜਾਂਦਾ ਹੈ। ਜਦਕਿ ਕੁਝ ਹੋਰ ਮਾਹਿਰਾਂ ਦਾ ਮੰਨਣਾ ਹੈ ਕਿ ਇਹ ਐਕਜ਼ੀਮਾ ਦਾ ਹੀ ਇੱਕ ਗੰਭੀਰ ਰੂਪ ਹੈ, ਜਾਂ ਫਿਰ ਚਮੜੀ ਨਾਲ ਜੁੜੀ ਕੋਈ ਹੋਰ ਖਾਸ ਸਮੱਸਿਆ ਹੈ। ਉਹ ਤਾਂ ਇੱਥੋਂ ਤੱਕ ਮੰਨਦੇ ਹਨ ਕਿ ਟੀਐਸਡਬਲਯੂ ਜਿਹੀ ਕੋਈ ਚੀਜ਼ ਅਸਲ ਵਿੱਚ ਹੈ ਹੀ ਨਹੀਂ। ਹਾਲਾਂਕਿ ਟੀਐਸਡਬਲਯੂ ਨੂੰ ਇੱਕ ਦੁਰਲੱਭ ਸਮੱਸਿਆ ਮੰਨਿਆ ਜਾਂਦਾ ਹੈ, ਪਰ ਸੋਸ਼ਲ ਮੀਡੀਆ 'ਤੇ ਲੋਕਾਂ ਦੀ ਵਧਦੀ ਗਿਣਤੀ ਜਿਸ ਤਰ੍ਹਾਂ ਆਪਣੇ ਪੂਰੇ ਸਰੀਰ 'ਤੇ ਲਾਲ, ਸੁੱਜੀ ਹੋਈ ਅਤੇ ਪਪੜੀਦਾਰ ਚਮੜੀ ਦੀਆਂ ਤਸਵੀਰਾਂ ਅਤੇ ਆਪਣੇ ਤਜਰਬੇ ਸਾਂਝੇ ਕਰ ਰਹੀ ਹੈ, ਉਸਨੂੰ ਦੇਖਦੇ ਹੋਏ ਯੂਕੇ ਵਿੱਚ ਇਸ ਸਬੰਧੀ ਸਬੰਧੀ ਪਹਿਲੀ ਖਾਸ ਰਿਸਰਚ ਸ਼ੁਰੂ ਕੀਤੀ ਗਈ ਹੈ।

### ਕਿਹੋ-ਜਿਹੇ ਹੁੰਦੇ ਹਨ ਲੱਛਣ

ਯੂਨੀਵਰਸਿਟੀ ਆਫ਼ ਈਡਨਬਰਗ ਵਿੱਚ ਕਨਸਲਟੈਂਟ ਡਰਮੈਟੋਲੋਜਿਸਟ ਪ੍ਰੋਫੈਸਰ ਸਾਰਾ ਬ੍ਰਾਊਨ 'ਤੇ ਮਰੀਜ਼ਾਂ ਵਿੱਚ ਨਜ਼ਰ ਆਉਣ ਵਾਲੇ "ਸਮਝ ਤੋਂ ਪਰੇ" ਲੱਛਣਾਂ ਅਤੇ ਸੋਸ਼ਲ ਮੀਡੀਆ ਫੀਡਜ਼ 'ਤੇ ਦਿੱਸਦੀਆਂ ਲੋਕਾਂ ਦੀ ਬੇਬਸੀ ਭਰੀਆਂ ਪੋਸਟਾਂ ਦਾ ਇੰਨਾ ਪ੍ਰਭਾਵ ਪਿਆ ਕਿ ਉਨ੍ਹਾਂ ਨੇ ਇਸ ਸਮੱਸਿਆ ਦੀ ਜੜ ਤੱਕ ਜਾਣ ਠਾਣ ਲਈ ਅਤੇ ਇਸਦੇ ਲਈ ਉਹ 'ਨੈਸ਼ਨਲ ਐਕਜ਼ੀਮਾ ਸੋਸਾਇਟੀ' ਤੋਂ ਫੰਡ ਹਾਸਲ ਕਰਨ ਵਿੱਚ ਵੀ ਸਫਲ ਹੋ ਗਏ ਹਨ। ਉਹ ਕਹਿੰਦੇ ਹਨ, "ਸਾਨੂੰ ਟੀਐਸਡਬਲਯੂ ਵਿੱਚ ਕੁਝ ਅਜਿਹੇ ਪੈਟਰਨ ਦੇਖਣ ਨੂੰ ਮਿਲ ਰਹੇ ਹਨ, ਜਿਨ੍ਹਾਂ ਨੂੰ ਐਕਜ਼ੀਮਾ ਬਾਰੇ ਹੁਣ ਤੱਕ ਮੌਜੂਦ ਜਾਣਕਾਰੀ ਦੇ ਆਧਾਰ 'ਤੇ ਸਮਝਾਇਆ ਨਹੀਂ ਜਾ ਸਕਦਾ।" ਉਹ ਅੱਗੇ ਦੱਸਦੇ ਹਨ, "ਇਨ੍ਹਾਂ ਲੱਛਣਾਂ ਵਿੱਚ ਚਮੜੀ ਦਾ ਮੋਟਾ ਅਤੇ ਢਿੱਲਾ ਹੋ ਜਾਣਾ (ਜਿਸਨੂੰ ਆਮ ਭਾਸ਼ਾ ਵਿੱਚ 'ਹਾਥੀ ਵਰਗੀ ਚਮੜੀ' ਜਾਂ 'ਐਲੀਫੈਂਟ ਸਕਿਨ' ਕਿਹਾ ਜਾਂਦਾ ਹੈ), ਚਮੜੀ ਦਾ ਬਹੁਤ ਜ਼ਿਆਦਾ ਝੜਨਾ, ਅਤੇ ਆਮ ਚਮੜੀ ਦੇ ਬਿਲਕੁਲ ਨੇੜੇ ਲਾਲ ਰੰਗ ਦੇ ਸਾਫ਼-ਸਾਫ਼ ਨਜ਼ਰ ਆਉਣ ਵਾਲੇ ਧੱਬੇ ਜਾਂ ਹਿੱਸੇ ਸ਼ਾਮਲ ਹਨ।"

ਉਨ੍ਹਾਂ ਅਤੇ ਉਨ੍ਹਾਂ ਦੇ ਸਹਿ-ਖੋਜਕਰਤਾ ਡਾਕਟਰ ਐਲਿਸ ਬਰਲੇ (ਜੋ ਟੀਐਸਡਬਲਯੂ ਮਰੀਜ਼ਾਂ ਦੇ ਇੱਕ ਸਮੂਹ 'Scratch That' (ਸਕ੍ਰੈਚ ਦੈਟ) ਨਾਲ ਜੁੜੇ ਹੋਏ ਹਨ, ਨੇ ਇਸ ਖੋਜ ਵਿੱਚ ਹਿੱਸਾ ਲੈਣ ਲਈ ਪੂਰੇ ਯੂਕੇ ਤੋਂ ਸੈਂਕੜਿਆਂ ਲੋਕਾਂ ਨੂੰ ਚੁਣਿਆ ਹੈ। ਉਹ ਇਨ੍ਹਾਂ ਲੋਕਾਂ ਦੇ ਲੱਛਣਾਂ, ਲਾਰ ਦੇ ਨਮੂਨਿਆਂ ਅਤੇ ਚਮੜੀ ਦੀ ਬਾਇਓਪਸੀ ਦੀ ਜਾਂਚ ਕਰ ਰਹੇ ਹਨ, ਤਾਂ ਜੋ ਇਹ ਪਤਾ ਲਗਾਇਆ ਜਾ ਸਕੇ ਕਿ ਕੁਝ ਲੋਕਾਂ ਨੂੰ ਟੀਐਸਡਬਲਯੂ ਦੀ ਸਮੱਸਿਆ ਕਿਉਂ ਹੁੰਦੀ ਹੈ, ਜਦਕਿ ਹੋਰਾਂ ਨੂੰ ਨਹੀਂ ਹੁੰਦੀ।

ਹਾਈ ਵਾਇਕੋਮਬ ਦੇ ਰਹਿਣ ਵਾਲੇ 22 ਸਾਲਾ ਹੈਨਰੀ ਜੋਨਸ ਵੀ ਇਸ ਖੋਜ ਵਿੱਚ ਹਿੱਸਾ ਲੈਣ ਵਾਲੇ ਲੋਕਾਂ ਵਿੱਚੋਂ ਇੱਕ ਹਨ। ਉਹ ਉਨ੍ਹਾਂ ਲੋਕਾਂ ਦੀ ਵਧਦੀ ਗਿਣਤੀ ਵਿੱਚ ਸ਼ਾਮਲ ਹਨ ਜੋ ਟੀਐਸਡਬਲਯੂ ਦੇ ਲੱਛਣਾਂ ਬਾਰੇ ਦੱਸ ਰਹੇ ਹਨ। ਉਹ ਆਪਣੇ ਆਪ ਨੂੰ ਇੱਕ "ਟੀਐਸਡਬਲਯੂ ਯੋਧਾ" ਦੱਸਦੇ ਹਨ, ਕਿਉਂਕਿ ਉਹ ਇਸ ਬਿਮਾਰੀ ਬਾਰੇ ਖੁੱਲ੍ਹ ਕੇ ਗੱਲ ਕਰਨ ਲਈ ਪੂਰੀ ਤਰ੍ਹਾਂ ਤਿਆਰ ਹਨ।

ਉਹ ਦੱਸਦੇ ਹਨ ਕਿ ਇੱਕ ਕਿਸ਼ੋਰ ਵਜੋਂ ਉਹ ਆਪਣੇ ਐਕਜ਼ੀਮਾ ਨੂੰ ਕੰਟਰੋਲ ਕਰਨ ਲਈ ਸਟੇਰਾਇਡ ਕ੍ਰੀਮ ਦਾ ਇਸਤੇਮਾਲ ਕਰਦੇ ਸਨ।

"ਕਦੇ-ਕਦੇ" ਅਜੇਹੇ ਭਿਆਨਕ ਲੱਛਣ ਮਹਿਸੂਸ ਹੋਣ ਕਾਰਨ ਉਨ੍ਹਾਂ ਨੂੰ ਯੂਨੀਵਰਸਿਟੀ ਛੱਡਣੀ ਪਈ। ਉਨ੍ਹਾਂ ਦੱਸਿਆ, "ਯੂਨੀਵਰਸਿਟੀ ਵਿੱਚ ਮੇਰੇ ਡਾਕਟਰ (ਜਨਰਲ ਪ੍ਰੈਕਟੀਸ਼ਨਰ) ਮੈਨੂੰ ਵਾਰ-ਵਾਰ ਕਹਿੰਦੇ ਰਹੇ ਕਿ ਇਹ ਸਿਰਫ਼ ਐਕਜ਼ੀਮਾ ਹੈ ਅਤੇ ਮੈਨੂੰ ਹੋਰ ਵੱਧ ਸਟੇਰਾਇਡ ਕ੍ਰੀਮ ਦਿੰਦੇ ਰਹੇ। ਪਰ ਮੈਨੂੰ ਕੁਝ ਠੀਕ ਨਹੀਂ ਲੱਗ ਰਿਹਾ ਸੀ।" ਹੈਨਰੀ ਕਹਿੰਦੇ ਹਨ ਕਿ ਜਿਵੇਂ-ਜਿਵੇਂ ਉਹ ਕ੍ਰੀਮ ਲਗਾਉਂਦੇ ਗਏ, ਉਨ੍ਹਾਂ ਦੀ ਹਾਲਤ ਹੋਰ ਖਰਾਬ ਹੁੰਦੀ ਗਈ। "ਮੇਰਾ ਸਰੀਰ ਪੂਰਾ ਲਾਲ ਹੋ ਜਾਂਦਾ ਸੀ, ਮੇਰੀ ਚਮੜੀ ਬਹੁਤ ਆਕੜ ਜਾਂਦੀ ਸੀ, ਫਿਰ ਉਸ ਵਿੱਚੋਂ ਪਪੜੀ ਨਿਕਲਣ ਲੱਗਦੀ ਸੀ, ਫਿਰ ਉਸ ਵਿੱਚੋਂ ਪਾਣੀ ਵਰਗਾ ਕੁਝ ਰਿਸਣ ਲੱਗਦਾ ਸੀ ਅਤੇ ਫਿਰ ਇਹ ਸਿਲਸਿਲਾ ਮੁੜ ਸ਼ੁਰੂ ਹੋ ਜਾਂਦਾ ਸੀ।" ਜਿਵੇਂ-ਜਿਵੇਂ ਐਕਜ਼ੀਮਾ ਦੇ ਚੱਕਤੇ ਉਨ੍ਹਾਂ ਦੇ ਪੂਰੇ ਸਰੀਰ 'ਤੇ ਫੈਲਦੇ ਗਏ, ਉਨ੍ਹਾਂ ਨੂੰ ਹਿਲਣ-ਡੁੱਲਣ ਵਿੱਚ ਵੀ ਦਿੱਕਤ ਹੋਣ ਲੱਗੀ ਅਤੇ ਉਹ ਹੁਣ ਬਾਹਰ ਨਹੀਂ ਜਾ ਸਕਦੇ ਸਨ, ਨਾ ਹੀ ਕਿਸੇ ਨਾਲ ਮਿਲ ਸਕਦੇ ਸਨ ਅਤੇ ਨਾ ਹੀ ਪੜ੍ਹਾਈ ਕਰ ਸਕਦੇ ਸਨ। ਉਹ ਕਹਿੰਦੇ ਹਨ ਕਿ ਕਈ ਵਾਰ ਤਾਂ ਉਨ੍ਹਾਂ ਦੇ ਮਨ ਵਿੱਚ ਖ਼ੁਦਕੁਸ਼ੀ ਦਾ ਵੀ ਖ਼ਿਆਲ ਆਇਆ। ਹੈਨਰੀ ਕਹਿੰਦੇ ਹਨ, "ਚਮੜੀ ਦੀ ਸਮੱਸਿਆ ਕਾਰਨ ਮੇਰੀ ਦੁਨੀਆਂ ਇੱਕ ਬਲੈਕ ਹੋਲ ਬਣ ਗਈ ਸੀ।"

ਚਮੜੀ ਨਾਲ ਜੁੜੀਆਂ ਕਈ ਹੋਰ ਸਮੱਸਿਆਵਾਂ ਵਾਂਗ, ਟੀਐਸਡਬਲਯੂ ਵੀ ਵੱਖ-ਵੱਖ ਰੰਗ ਦੀ ਚਮੜੀ 'ਤੇ ਵੱਖਰੇ ਤਰੀਕੇ ਨਾਲ ਦਿਖਾਈ ਦੇ ਸਕਦਾ ਹੈ। ਗੋਰੀ ਚਮੜੀ 'ਤੇ ਇਹ ਗੂੜ੍ਹੇ ਲਾਲ ਰੰਗ ਦਾ ਨਜ਼ਰ ਆਉਂਦਾ ਹੈ, ਪਰ ਸਿਆਹਫਾਮ ਜਾਂ ਕਣਕਭਿੰਨੀ ਚਮੜੀ 'ਤੇ ਇਹ ਅਕਸਰ ਗੂੜ੍ਹੇ ਬੈਂਗਣੀ, ਭੂਰੇ ਜਾਂ ਹਲਕੇ ਭੂਰੇ-ਸਲੇਟੀ ਰੰਗ ਦਾ ਦਿਖਾਈ ਦਿੰਦਾ ਹੈ, ਜਿਸ ਕਾਰਨ ਇਸਨੂੰ ਪਛਾਣਨਾ ਅਤੇ ਇਸਦਾ ਸਹੀ ਇਲਾਜ ਕਰਨਾ ਹੋਰ ਵੀ ਮੁਸ਼ਕਲ ਹੋ ਜਾਂਦਾ ਹੈ। ਕਰਿਸ਼ਮਾ ਦੱਸਦੇ ਹਨ ਕਿ ਉਨ੍ਹਾਂ ਨੂੰ ਇਹ ਸਮਝਣ ਵਿੱਚ ਕਾਫ਼ੀ ਸਮਾਂ ਲੱਗਾ ਕਿ ਉਨ੍ਹਾਂ ਵਿੱਚ ਟੀਐਸਡਬਲਯੂ ਦੇ ਲੱਛਣ ਦਿੱਸ ਰਹੇ ਹਨ, ਕਿਉਂਕਿ ਸਿਆਹਫਾਮ ਜਾਂ ਕਣਕਭਿੰਨੀ ਚਮੜੀ 'ਤੇ ਇਸਦੇ ਲੱਛਣ ਵੱਖਰੇ ਤਰੀਕੇ ਨਾਲ ਦਿੱਸਦੇ ਹਨ। ਕੇਂਟ ਦੇ ਰਹਿਣ ਵਾਲੇ ਕਰਿਸ਼ਮਾ ਲੇਕਰਾਜ ਦੱਸਦੇ ਹਨ ਕਿ ਉਨ੍ਹਾਂ ਨੇ ਕਈ ਸਾਲਾਂ ਤੱਕ ਇਸ ਗੱਲ ਨੂੰ ਮੰਨਣ ਤੋਂ ਹੀ ਇਨਕਾਰ ਕੀਤਾ। ਉਨ੍ਹਾਂ ਨੂੰ ਪੂਰਾ ਯਕੀਨ ਸੀ ਕਿ ਉਨ੍ਹਾਂ ਨਾਲ ਅਜਿਹਾ ਨਹੀਂ ਹੋ ਸਕਦਾ, ਕਿਉਂਕਿ ਸੋਸ਼ਲ ਮੀਡੀਆ 'ਤੇ ਉਨ੍ਹਾਂ ਨੇ ਗੋਰੇ ਲੋਕਾਂ ਦੀਆਂ ਜੋ ਤਸਵੀਰਾਂ ਦੇਖੀਆਂ ਸਨ, ਉਨ੍ਹਾਂ ਨਾਲ ਮੁਕਾਬਲੇ ਕਰਿਸ਼ਮਾ ਦੇ ਲੱਛਣ ਬਿਲਕੁਲ ਵੱਖਰੇ ਲੱਗ ਰਹੇ ਸਨ। ਉਹ ਦੱਸਦੇ ਹਨ, "ਟੀਐਸਡਬਲਯੂ ਨੇ ਮੇਰੇ ਤੋਂ ਮੇਰਾ ਸਭ ਕੁਝ ਖੋਹ ਲਿਆ। ਮੈਨੂੰ ਬਹੁਤ ਲੰਬੇ ਸਮੇਂ ਤੱਕ ਦੁਨੀਆ ਤੋਂ ਲੁਕ ਕੇ ਰਹਿਣਾ ਪਿਆ। ਮੇਰੀ ਚਮੜੀ ਇੰਨੀ ਜ਼ਿਆਦਾ ਖਰਾਬ ਹੋ ਗਈ ਸੀ ਕਿ ਮੈਨੂੰ ਬਹੁਤ ਦਰਦ ਹੁੰਦਾ ਸੀ। ਮੈਂ ਸੌਂ ਨਹੀਂ ਸਕਦੀ ਸੀ, ਮੈਂ ਤਾਂ ਆਪਣੇ ਆਪ ਨੂੰ ਪਛਾਣ ਵੀ ਨਹੀਂ ਸਕਦੀ ਸੀ।"

32 ਸਾਲ ਦੇ ਕਰਿਸ਼ਮਾ ਨੇ ਪੰਜ ਸਾਲ ਪਹਿਲਾਂ ਸਟੇਰਾਇਡ ਕ੍ਰੀਮ ਦਾ ਇਸਤੇਮਾਲ ਪੂਰੀ ਤਰ੍ਹਾਂ ਬੰਦ ਕਰਨ ਦਾ ਫ਼ੈਸਲਾ ਕੀਤਾ। ਉਹ ਦੱਸਦੇ ਹਨ ਕਿ ਉਸ ਤੋਂ ਬਾਅਦ ਉਨ੍ਹਾਂ ਦੀ ਚਮੜੀ ਕਾਫ਼ੀ ਹੱਦ ਤੱਕ ਠੀਕ ਹੋ ਚੁੱਕੀ ਹੈ, ਪਰ ਮਾਨਸਿਕ ਤੌਰ 'ਤੇ ਉਨ੍ਹਾਂ ਨੂੰ ਅਜੇ ਵੀ ਕਾਫ਼ੀ ਸੰਘਰਸ਼ ਕਰਨਾ ਪੈਂਦਾ ਹੈ। ਉਨ੍ਹਾਂ ਦੱਸਿਆ, "ਮੈਨੂੰ ਲੋਕਾਂ ਨਾਲ ਮਿਲਣ-ਜੁਲਣ ਵਿੱਚ ਬਹੁਤ ਜ਼ਿਆਦਾ ਘਬਰਾਹਟ ਹੁੰਦੀ ਹੈ।"

ਨੈਸ਼ਨਲ ਐਕਜ਼ੀਮਾ ਸੋਸਾਇਟੀ ਦੇ ਐਂਡਰਿਊ ਪ੍ਰੋਕਟਰ ਕਹਿੰਦੇ ਹਨ ਕਿ ਇੱਕ ਪਾਸੇ ਜਿੱਥੇ ਸਟੇਰਾਇਡ ਕ੍ਰੀਮਾਂ ਜ਼ਿਆਦਾਤਰ ਲੋਕਾਂ ਲਈ ਅਜੇ ਵੀ ਬਹੁਤ ਅਸਰਦਾਰ ਹੋ ਸਕਦੀਆਂ ਹਨ, ਉੱਥੇ ਹੀ ਮਰੀਜ਼ "ਦੋ ਮੁਸ਼ਕਲਾਂ ਵਿਚਕਾਰ ਫਸੇ ਹੋਏ ਹਨ"। "ਅਸੀਂ ਜਾਣਦੇ ਹਾਂ ਕਿ ਸਟੇਰਾਇਡ ਉਨ੍ਹਾਂ ਲੱਖਾਂ ਲੋਕਾਂ ਲਈ ਕੰਮ ਕਰਦੇ ਹਨ ਜੋ ਇਨ੍ਹਾਂ ਦਾ ਇਸਤੇਮਾਲ ਕਰਦੇ ਹਨ, ਪਰ ਸਾਡੇ ਸਾਹਮਣੇ ਇੱਕ ਅਜਿਹੀ ਸਥਿਤੀ ਵੀ ਹੈ ਜਿਸਨੂੰ ਫਿਲਹਾਲ ਸਮਝਾਇਆ ਨਹੀਂ ਜਾ ਸਕਦਾ।" "ਇਸ ਕਰਕੇ ਲੋਕਾਂ ਵਿੱਚ ਸੱਚਮੁੱਚ ਡਰ ਪੈਦਾ ਹੋ ਰਿਹਾ ਹੈ ਅਤੇ ਇਹ ਗੱਲ ਪੂਰੀ ਤਰ੍ਹਾਂ ਸਮਝ ਵਿੱਚ ਆਉਂਦੀ ਹੈ।

ਇਸ ਲਈ ਇਸ 'ਤੇ ਹੋਰ ਜ਼ਿਆਦਾ ਖੋਜ ਕਰਨ ਦੀ ਬਹੁਤ ਲੋੜ ਹੈ।" ਜਿਨ੍ਹਾਂ ਲੋਕਾਂ ਵਿੱਚ ਟੀਐਸਡਬਲਯੂ ਵਰਗੇ ਲੱਛਣ ਪਹਿਲਾਂ ਹੀ ਦਿੱਸ ਰਹੇ ਹਨ ਅਤੇ ਜੋ ਇਸ ਗੱਲ ਨੂੰ ਲੈ ਕੇ ਪਰੇਸ਼ਾਨ ਅਤੇ ਉਲਝਣ ਵਿੱਚ ਹਨ ਕਿ ਉਨ੍ਹਾਂ ਨੂੰ ਕਿਹੜੀ ਬਿਮਾਰੀ ਹੈ, ਉਨ੍ਹਾਂ ਲਈ ਇਲਾਜ ਪ੍ਰਾਪਤ ਕਰਨਾ ਇੱਕ ਹੋਰ ਵੱਡੀ ਰੁਕਾਵਟ ਬਣ ਸਕਦਾ ਹੈ। ਜਨਰਲ ਪ੍ਰੈਕਟੀਸ਼ਨਰ (ਡਾਕਟਰ) ਮਰੀਜ਼ਾਂ ਨੂੰ ਵਿਸ਼ੇਸ਼ ਇਲਾਜ ਲਈ ਡਰਮੈਟੋਲੋਜਿਸਟ ਕੋਲ ਭੇਜ ਸਕਦੇ ਹਨ, ਪਰ ਇਸ ਲਈ ਬਹੁਤ ਲੰਮਾ ਇੰਤਜ਼ਾਰ ਕਰਨਾ ਪੈਂਦਾ ਹੈ, ਅਕਸਰ ਇੱਕ ਸਾਲ ਤੋਂ ਵੀ ਵੱਧ। ਜ਼ਿਆਦਾਤਰ ਲੋਕਾਂ ਲਈ ਸਟੇਰਾਇਡ ਕ੍ਰੀਮ ਹੀ ਅਕਸਰ ਇਕੱਲਾ ਵਿਕਲਪ ਹੁੰਦਾ ਹੈ।


ਖਾਲਸਾ ਜੀ ਦੇ ਪ੍ਰਗਟ ਦਿਹਾੜੇ ਅਤੇ ਰੁੱਤ ਦੇ ਤਿਓਹਾਰ ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ

TANVIR Tour & Travels FRESNO
(559) 803-0055
Where journey don't cost the world
Cheap Fares For Airline Tickets all around the world
Best Deals to India England, Pakistan, Canada and Europe

Our Services
* Cheap Fares For Airline Tickets all around the world
* Best Deals to India, England, Pakistan, Canada and Europe
* Apply for USA Citizenship
* Indian Passport renewal and Visa
* OCI Card and Renunciation
* Family Petition, Work Permit
* Power of Attorney
* Green card renewal

B.R. Joshi, Prop.

5627 N. Figarden Dr. STE 114 Fresno, CA 93722
email: tanvirtravels@gmail.com, www.tanvirtravels.com


ਖਾਲਸਾ ਜੀ ਦੇ ਪ੍ਰਗਟ ਦਿਹਾੜੇ ਅਤੇ ਰੁੱਤ ਦੇ ਤਿਓਹਾਰ ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ


R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
IRS e-file
TAX-INDIVIDUAL FAMILY, BUSINESS, TRUCKING, BOOKKEEPING ACCOUNTS, PAYROLLS & INCORPORATION, INSURANCE LIFE Only-Agent. NOTARY, REAL ESTATE (SVA), EXPECTING REFUND : GET MONEY BACK FAST!
E.A.
Open 7 Days
Weekends/Evenings
(Year Round Service)
Resonalbe Rates
Call for Appointment
CTEC
CALL: R. PAL. SINGH EA- 510-750-3464
EA 00097224, CRTP A44237 Realtor#148514,
Insurance Life- Only Agent #0G76896
39111 Paseo Padre Pkwy , suite 201 C, Fremont, CA 94538
Email:singhrpal@sbeglobal.net Singhtax.com

# ਅਪਣਾ ਐਨ. ਆਰ. ਆਈ. ਫੁਟਬਾਲ ਕਲੱਬ- ਚੱਕ ਗੁਰੂ ਸਮੁੰਦੜਾਂ

ਹੇਵਰਡ- ਅਵਤਾਰ ਸਿੰਘ ਤਾਰੀ ਵੱਲੋਂ ਉਹਨਾਂ ਦੇ ਮਾਉਂਟੇਨ ਮਾਈਕ ਪੀਜ਼ਾ ਤੇ ਇਕ ਇਕੱਠ ਦਾ ਇੰਤਜ਼ਾਮ ਕੀਤਾ ਗਿਆ। ਮਾਰਚ 28, 2026 ਨੂੰ ਸ਼ਾਮੀ ਕਰੀਬ 60 ਦੇ ਕਰੀਬ ਖੇਡਾਂ ਦੇ ਸ਼ੌਕੀਨ ਜਾਂ ਖਿਡਾਰੀ ਇਕੱਠੇ ਹੋਏ। ਪਿਛਲੇ ਸਾਲ ਕਰਵਾਏ ਗਏ ਟੂਰਨਾਮੈਂਟ ਜੋ ਨਵੰਬਰ 2025 ’ਚ ਹੋਏ, ਦੀ ਕਾਮਯਾਬੀ ਦੀ ਗੱਲ ਕਰਨ ਲਈ ਸਾਰੇ ਸੱਜਣ-ਮਿੱਤਰ ਇਕੱਠੇ ਹੋਏ, ਬਹੁਤ ਸਮਾਂ ਚੰਗਾ ਲੰਘਾਇਆ ਤੇ ਚਾਹ-ਪਾਣੀ ਦੇ ਨਾਲ ਬਹੁਤ ਸਾਰੇ ਆਏ ਹੋਏ ਮਿੱਤਰਾਂ-ਦੋਸਤਾਂ ਨੇ ਆਪਣੇ-ਆਪਣੇ ਵਿਚਾਰ ਵੀ ਦਿੱਤੇ ਤੇ ਨਾਲ ਨਾਲ ਖੁਸ਼ੀ ਦੀ ਖਬਰ ਵੀ ਦਿੱਤੀ ਗਈ। ਤਿੰਨ ਸਾਲ ਟੂਰਨਾਮੈਂਟ ਕਰਵਾਏ ਗਏ ਤੇ ਆਪਣਾ ਐਨ. ਆਰ. ਆਈ. ਫੁਟਬਾਲ ਕਲੱਬ ਦੀ ਟੀਮ ਨੇ ਐਤਕੀ ਪੰਜਾਬ ਦੇ ਵੱਡੇ ਟੂਰਨਾਮੈਂਟ ’ਚ ਦੂਸਰੇ ਨੰਬਰ ਤੇ ਆ ਕੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ ਤੇ ਹੁਣ ਪੰਜਾਬ ਸਰਕਾਰ ਨੇ ਨੋਟਿਸ ਲੈ ਕੇ ਅਹਦੇਦਾਰਾਂ ਤੱਕ ਪਹੁੰਚ ਕਰਕੇ ਫੁਟਬਾਲ ਦੇ ਟ੍ਰਾਇਲ ਕਰਵਾ ਕੇ ਘੱਟੋ-ਘੱਟ 40 ਬੱਚੇ ਲਏ ਜਾਣ, ਜਿਹਨਾਂ ਵਿਚ 14-17 ਸਾਲ ਦੇ ਅਤੇ 17-19 ਸਾਲ ਦੇ ਬੱਚੇ ਲਏ ਗਏ। 20 ਬੱਚੇ ਛੋਟੇ ਕਲੱਬ ’ਚ ਖੇਡਣਾ ਸ਼ੁਰੂ ਕਰਨਗੇ।

ਇਸ ਫੁਟਬਾਲ ਕਲੱਬ ਨੂੰ ਹੁਣ "ਐਨ. ਆਰ. ਆਈ. ਅਪਣਾ ਪੰਜਾਬ ਫੁਟਬਾਲ ਅਕੈਡਮੀ" (NRI APNA Punjab Football acadamy) ਕਿਹਾ ਜਾਵੇਗਾ, ਜੋ ਵਿੰਗ ਬਣਾਵੇਗੀ।

ਇਸ ਸਾਲ 30-40 ਟੀਮਾਂ ਦਾ ਟੂਰਨਾਮੈਂਟ ਚੌਥੇ ਸਾਲ ’ਚ ਪਹੁੰਚ ਜਾਵੇਗਾ ਤੇ ਵਧੀਆ ਤੋਂ ਵਧੀਆ ਖੇਡ ਦਾ ਵਿਖਾਵਾ ਹੋਵੇਗਾ।

ਸ. ਮੋਹਨ ਸਿੰਘ ਮੱਲੀ ਇੰਡੀਆ ਵਿਚਲੇ ਵਿੰਗ ਦੇ ਪ੍ਰਧਾਨ ਹਨ ਤੇ ਉਥੇ ਜੋ ਕਮਰੇ ਹੁਣ ਖਿਡਾਰੀਆਂ ਲਈ ਬਣਨ ਜਾ ਰਹੇ ਹਨ, ਉਹਨਾਂ ਲਈ ਖਰਚਾ ਇਕੱਠਾ ਕਰਨ ਲਈ ਇਸ ਪ੍ਰੋਗਰਾਮ ’ਚ ਦੋਸਤਾਂ-ਮਿੱਤਰਾਂ ਨੂੰ ਆਉਣ ਦਾ ਸੱਦਾ ਦਿੱਤਾ ਗਿਆ।

ਅਮਰੀਕਾ ਦੇ ਕੈਲੇਫੋਰਨੀਆ ’ਚ ਕਸ਼ਮੀਰ ਸਿੰਘ ਧੁੱਗਾ ਪ੍ਰਧਾਨ ਹਨ ਤੇ ਉਹਨਾਂ ਨੇ ਸਭ ਨੂੰ ਜੀਓ ਆਇਆਂ ਕਿਹਾ ਤੇ ਫੰਡ ਇਕੱਠੇ ਕਰਨ ਦੀ ਬੇਨਤੀ ਕੀਤੀ ਤਾਂ ਕਿ ਪੰਜਾਬ ਦੇ ਸਟੇਡੀਅਮ ਲਾਗੇ ਕਮਰੇ ਬਣਾਉਣ ਦਾ ਕੰਮ ਸਿਰੇ ਚੜ੍ਹ ਸਕੇ।

ਅਵਤਾਰ ਸਿੰਘ ਤਾਰੀ ਵੱਲੋਂ ਵੀ ਸਭ ਨੂੰ ਬੇਨਤੀ ਕੀਤੀ ਗਈ ਕਿ 15 ਲੱਖ ਰੁਪਏ ਦਾ ਖਰਚਾ ਹੈ, ਆਏ ਹੋਏ ਹਰ ਸੱਜਣ ਨੂੰ ਸਹਿਯੋਗ ਕਰਨ ਦੀ ਗੱਲ ਕਹੀ ਗਈ।

ਬੁਲਾਰਿਆਂ ’ਚ ਮਨਜੀਤ ਵਿਰਕ ਨੇ ਜੀਓ ਆਇਆਂ ਕਿਹਾ। ਸ. ਮੋਹਣ ਸਿੰਘ ਮੱਲ੍ਹੀ, ਕਸ਼ਮੀਰ ਸਿੰਘ ਧੁੱਗਾ, ਸੁੱਚਾ ਰਾਮ ਭਾਰਟਾ, ਕੈਮ ਗਿੱਲ, ਪ੍ਰਿੰ. ਰਾਜਪਾਲ ਸਿੰਘ, ਪਰਮਪਾਲ ਸਿੰਘ, ਕੇਵਲ ਸਿੰਘ, ਕਵੀ ਰਾਜ਼ (ਫਿਲਮ ਐਕਟਰ, ਡਾਇਰੈਕਟਰ ਹਾਲੀਵੁੱਡ), ਡਾ. ਚਰਨਜੀਤ ਸਿੰਘ ਉਪਲ, ਅਵਨਿੰਦਰ ਸਿੰਘ, ਪ੍ਰਿੰ: ਰਾਜਪਾਲ ਸਿੰਘ, ਰਣਧੀਰ ਕੰਗ, ਬਲਬੀਰ ਸਿੰਘ ਐਮ. ਏ. ਨੇ ਆਪਣੇ ਵਿਚਾਰ ਪੇਸ਼ ਕੀਤੇ।

ਅਪਣਾ ਐਨ. ਆਰ. ਆਈ. ਫੁਟਬਾਲ ਕਲੱਬ
APNA NRI Football Club,
Chak Guru, Samundrha (PB)

*(ਹੋਰ ਤਸਵੀਰਾਂ ਅਗਲੇ ਸਫੇ ‘ਤੇ ਦੇਖੋ)*


















# ਅਪਣਾ ਐਨ. ਆਰ. ਆਈ. ਫੁਟਬਾਲ ਕਲੱਬ- ਚੱਕ ਗੁਰੂ ਸਮੁੰਦੜਾਂ









# ਵਧੀਆ ਕਰੀਅਰ ਅਤੇ ਤਨਖ਼ਾਹ ਦਿਵਾਉਣ ਵਾਲੇ ਆਰਟੀਫ਼ਿਸ਼ਲ ਇੰਟੈਲੀਜੈਂਸ ਦੇ ਕੋਰਸ

ਦਫ਼ਤਰ ਹੋਵੇ, ਘਰ ਹੋਵੇ ਜਾਂ ਫਿਰ ਦੋਸਤਾਂ ਦੀ ਬੈਠਕ, ਅੱਜਕੱਲ੍ਹ ਇੱਕ ਸਵਾਲ ਸਭ ਦੇ ਦਿਮਾਗ਼ ਵਿੱਚ ਘੁੰਮ ਰਿਹਾ ਹੈ। ਏਆਈ ਭਾਵ ਆਰਟੀਫ਼ਿਸ਼ਲ ਇੰਟੈਲੀਜੈਂਸ ਕੀ ਸਾਡੀਆਂ ਨੌਕਰੀਆਂ ਖਾ ਸਕਦਾ ਹੈ? ਅਤੇ ਇਹ ਚਿੰਤਾ ਸਿਰਫ਼ ਐਂਟਰੀ ਲੈਵਲ ਕਰਮਚਾਰੀਆਂ ਦੀ ਨਹੀਂ, ਸਗੋਂ ਉੱਚੇ ਅਹੁਦਿਆਂ 'ਤੇ ਬੈਠੇ ਸੀਨੀਅਰ ਲੋਕਾਂ ਨੂੰ ਵੀ ਪਰੇਸ਼ਾਨ ਕਰ ਰਹੀ ਹੈ। ਸਵਾਲ ਇਹ ਹੈ ਕਿ ਜੇ ਏਆਈ ਸਾਡਾ ਕੰਮ ਤੇਜ਼ੀ ਨਾਲ ਅਤੇ ਘੱਟ ਲਾਗਤ ਵਿੱਚ ਕਰ ਸਕਦਾ ਹੈ ਤਾਂ ਇਨਸਾਨਾਂ ਅਤੇ ਉਨ੍ਹਾਂ ਦੀਆਂ ਨੌਕਰੀਆਂ ਦਾ ਕੀ ਹੋਵੇਗਾ? ਇਸ ਸਵਾਲ ਦਾ ਸਪਸ਼ਟ ਜਵਾਬ ਇਸ ਵੇਲੇ ਕਿਸੇ ਕੋਲ ਨਹੀਂ ਹੈ। ਪਰ ਇੰਨਾ ਤੈਅ ਹੈ ਕਿ ਏਆਈ ਹੁਣ ਭਵਿੱਖ ਨਹੀਂ, ਸਗੋਂ ਵਰਤਮਾਨ ਹੈ। ਮੋਬਾਈਲ ਫੋਨ ਤੋਂ ਲੈ ਕੇ ਬੈਂਕਿੰਗ ਸਿਸਟਮ, ਆਨਲਾਈਨ ਖਰੀਦਦਾਰੀ, ਸੋਸ਼ਲ ਮੀਡੀਆ ਅਤੇ ਹੈਲਥਕੇਅਰ ਤੱਕ ਹਰ ਜਗ੍ਹਾ ਏਆਈ ਕੰਮ ਕਰ ਰਿਹਾ ਹੈ। ਮਾਹਰਾਂ ਦਾ ਕਹਿਣਾ ਹੈ ਕਿ ਏਆਈ ਸਿਰਫ਼ ਨੌਕਰੀਆਂ ਖ਼ਤਮ ਨਹੀਂ ਕਰੇਗਾ, ਸਗੋਂ ਨਵੀਆਂ ਨੌਕਰੀਆਂ ਵੀ ਪੈਦਾ ਕਰੇਗਾ। ਜਨਵਰੀ 2026 ਵਿੱਚ ਵਰਲਡ ਇਕਨਾਮਿਕ ਫੋਰਮ ਦੀ ਇਕ ਰਿਪੋਰਟ ਮੁਤਾਬਕ ਏਆਈ ਕਾਰਨ ਦੁਨੀਆ ਭਰ ਵਿੱਚ ਲੱਖਾਂ ਨਵੀਆਂ ਨੌਕਰੀਆਂ ਬਣੀਆਂ ਹਨ। 12ਵੀਂ ਪਾਸ ਕਰਨ ਤੋਂ ਬਾਅਦ ਜੇ ਕੋਈ ਏਆਈ ਖੇਤਰ ਵਿੱਚ ਕਰੀਅਰ ਬਣਾਉਣਾ ਚਾਹੇ ਤਾਂ ਸ਼ੁਰੂਆਤ ਸਹੀ ਕੋਰਸ ਚੁਣਨ ਨਾਲ ਹੁੰਦੀ ਹੈ। ਇਸ ਲੇਖ ਵਿੱਚ ਅਸੀਂ ਅਜਿਹੇ ਟਾਪ ਪੰਜ ਏਆਈ ਕੋਰਸ ਦੱਸਾਂਗੇ, ਜੋ ਮਜ਼ਬੂਤ ਕਰੀਅਰ ਅਤੇ ਵਧੀਆ ਤਨਖ਼ਾਹ ਵੱਲ ਲੈ ਕੇ ਜਾ ਸਕਦੇ ਹਨ।

### ਕੀ ਹੁੰਦਾ ਹੈ ਏਆਈ?

ਕੀ ਤੁਹਾਨੂੰ ਕਦੇ ਇਹ ਸੋਚ ਕੇ ਹੈਰਾਨੀ ਹੋਈ ਹੈ ਕਿ ਤੁਹਾਡਾ ਫ਼ੋਨ ਤੁਹਾਡਾ ਚਿਹਰਾ ਕਿਵੇਂ ਪਛਾਣ ਲੈਂਦਾ ਹੈ, ਕੋਈ ਸਟ੍ਰੀਮਿੰਗ ਸਰਵਿਸ ਕਿਵੇਂ ਸਮਝ ਲੈਂਦੀ ਹੈ ਕਿ ਤੁਹਾਨੂੰ ਕਿਹੜੀ ਫ਼ਿਲਮ ਪਸੰਦ ਆਏਗੀ ਜਾਂ ਫਿਰ ਕੋਈ ਕਾਰ ਬਿਨਾਂ ਡਰਾਈਵਰ ਦੇ ਕਿਵੇਂ ਚੱਲ ਸਕਦੀ ਹੈ? ਇਨ੍ਹਾਂ ਸਭ ਸਵਾਲਾਂ ਦਾ ਜਵਾਬ ਹੈ ਆਰਟੀਫ਼ਿਸ਼ਲ ਇੰਟੈਲੀਜੈਂਸ, ਭਾਵ ਏਆਈ। ਸ਼ਿਵ ਨਾਡਰ ਯੂਨੀਵਰਸਿਟੀ ਵਿੱਚ ਆਰਟੀਫ਼ਿਸ਼ਲ ਇੰਟੈਲੀਜੈਂਸ ਵਿਭਾਗ ਦੇ ਮੁਖੀ ਪ੍ਰੋਫ਼ੈਸਰ ਆਕਾਸ਼ ਸਿਨਹਾ ਏਆਈ ਨੂੰ ਆਸਾਨ ਭਾਸ਼ਾ ਵਿੱਚ ਸਮਝਾਉਂਦੇ ਹੋਏ ਕਹਿੰਦੇ ਹਨ,



"ਆਰਟੀਫ਼ਿਸ਼ਲ ਇੰਟੈਲੀਜੈਂਸ ਨੂੰ ਅਜਿਹਾ ਸਮਝੋ ਕਿ ਮਸ਼ੀਨ ਜਾਂ ਕੰਪਿਊਟਰ ਦੀ ਅਜਿਹੀ ਸਮਰੱਥਾ, ਜਿਸ ਨਾਲ ਲੱਗੇ ਕਿ ਉਹ ਇਨਸਾਨਾਂ ਵਾਂਗ ਸੋਚਣ-ਸਮਝਣ ਦੇ ਯੋਗ ਹੈ।" ਉਹ ਕਹਿੰਦੇ ਹਨ ਕਿ ਰੋਜ਼ਾਨਾ ਜੀਵਨ ਵਿੱਚ ਜਿੱਥੇ ਵੀ ਤੁਸੀਂ ਕੰਪਿਊਟਰ ਜਾਂ ਮੋਬਾਈਲ ਵਰਤ ਰਹੇ ਹੋ, ਉਸ ਦੇ ਪਿੱਛੇ ਆਰਟੀਫ਼ਿਸ਼ਲ ਇੰਟੈਲੀਜੈਂਸ ਕੰਮ ਕਰ ਰਿਹਾ ਹੁੰਦਾ ਹੈ। ਉਹ ਕਹਿੰਦੇ ਹਨ, "ਜਦੋਂ ਤੁਸੀਂ ਯੂਟਿਊਬ ਖੋਲ੍ਹਦੇ ਹੋ ਤਾਂ ਤੁਹਾਨੂੰ ਕਿਹੜੀ ਵੀਡੀ ਦਿਖਾਈ ਜਾਵੇਗੀ, ਇਹ ਕੋਈ ਵਿਅਕਤੀ ਬੈਠ ਕੇ ਤੈਅ ਨਹੀਂ ਕਰਦਾ। ਇਸ ਦੇ ਪਿੱਛੇ ਏਆਈ ਐਲਗੋਰਿਦਮ ਕੰਮ ਕਰਦਾ ਹੈ। ਫੇਸਬੁੱਕ 'ਤੇ ਕਿਹੜੀ ਪੋਸਟ ਦਿਖੇਗੀ, ਕਿਹੜਾ ਇਸ਼ਤਿਹਾਰ ਆਵੇਗਾ ਜਾਂ ਬੈਂਕਿੰਗ ਲੈਣ-ਦੇਣ ਵਿੱਚ ਧੋਖਾਧੜੀ ਕਿੱਥੇ ਹੋ ਸਕਦੀ ਹੈ, ਇਨ੍ਹਾਂ ਸਭ ਦਾ ਵਿਸ਼ਲੇਸ਼ਣ ਏਆਈ ਕਰਦਾ ਹੈ।" ਸਮੇਂ ਦੇ ਨਾਲ ਏਆਈ ਸਿਸਟਮ ਲਗਾਤਾਰ ਸਿੱਖਦੇ ਅਤੇ ਬਿਹਤਰ ਹੁੰਦੇ ਜਾਂਦੇ ਹਨ, ਬਿਲਕੁਲ ਉਸੇ ਤਰ੍ਹਾਂ ਜਿਵੇਂ ਇਨਸਾਨ ਤਜਰਬੇ ਤੋਂ ਸਿੱਖਦੇ ਹਨ। ਇਸੇ ਕਰਕੇ ਇਸਨੂੰ ਕਈ ਨੌਕਰੀਆਂ ਦੇ ਬਦਲ ਵਜੋਂ ਦੇਖਿਆ ਜਾ ਰਿਹਾ ਹੈ।

### ਏਆਈ ਦੇ ਪੰਜ ਟੌਪ ਕੋਰਸ

ਦਿੱਲੀ ਵਿੱਚ ਟੈਕ ਪਾਲਿਸੀ ਕੇਂਦ੍ਰਿਤ ਥਿੰਕਟੈਂਕ ਇਸੀਆ ਸੈਂਟਰ ਦੀ ਡਾਇਰੈਕਟਰ ਅਤੇ ਮਸ਼ਹੂਰ ਏਆਈ ਮਾਹਰ ਮੇਘਨਾ ਬਲ ਕਹਿੰਦੀ ਹਨ, "ਏਆਈ ਉਨ੍ਹਾਂ ਲੋਕਾਂ ਲਈ ਖ਼ਤਰਾ ਨਹੀਂ ਹੈ ਜੋ ਆਪਣੇ ਆਪ ਨੂੰ ਅਪਡੇਟ ਰੱਖਦੇ ਹਨ। ਸਗੋਂ ਇਹ ਉਨ੍ਹਾਂ ਲਈ ਮੌਕਾ ਹੈ ਜੋ ਟੈਕਨੋਲੋਜੀ ਨੂੰ ਸਮਝ ਕੇ ਉਸ ਨਾਲ ਕੰਮ ਕਰਨਾ ਸਿੱਖ ਲੈਂਦੇ ਹਨ।" ਮੇਘਨਾ ਬਲ ਕਹਿੰਦੀ ਹਨ ਕਿ ਕੁਝ ਬੇਸਿਕ ਪੱਧਰ ਦੇ ਕੋਰਸ ਹਰ ਕਿਸੇ ਨੂੰ ਕਰਨੇ ਚਾਹੀਦੇ ਹਨ। ਕਈ ਕੋਰਸ ਸਰਕਾਰ ਦੇ 'SWAYAM' ਪੋਰਟਲ ਰਾਹੀਂ ਮੁਫ਼ਤ ਵੀ ਕੀਤੇ ਜਾ ਸਕਦੇ ਹਨ। ਇਸ ਤੋਂ ਇਲਾਵਾ ਜੈਨਰੇਟਿਵ ਏਆਈ ਦੇ ਟੂਲ ਕਿਵੇਂ ਵਰਤਣੇ ਹਨ, ਇਸ ਦਾ ਬੁਨਿਆਦੀ ਕੋਰਸ ਵੀ ਸਭ ਨੂੰ ਕਰਨਾ ਚਾਹੀਦਾ ਹੈ। ਉਹ ਕਹਿੰਦੀ ਹਨ, "ਮਸ਼ੀਨ ਲਰਨਿੰਗ ਦੇ ਬੇਸਿਕ ਕਾਂਸੈਪਟ, ਐਪਲਾਇਡ ਮਸ਼ੀਨ ਲਰਨਿੰਗ ਦੇ ਬੇਸਿਕ ਕਾਂਸੈਪਟ ਨਾਲ ਜੁੜੇ ਕੋਰਸ ਕੀਤੇ ਜਾ ਸਕਦੇ ਹਨ, ਜੋ ਤੁਹਾਨੂੰ ਦੱਸਣਗੇ ਕਿ ਮਸ਼ੀਨਾਂ ਕਿਵੇਂ ਕੰਮ ਕਰਦੀਆਂ ਹਨ। ਏਆਈ ਐਪਲਾਇਡ ਆਨ ਬਿਜ਼ਨਸ ਐਂਡ ਡਾਟਾ ਐਨਾਲਿਟਿਕਸ ਵਰਗੇ ਕੋਰਸ ਵੀ ਕੀਤੇ ਜਾ ਸਕਦੇ ਹਨ।" "ਇਸ ਨਾਲ ਸਮਝ ਆਵੇਗੀ ਕਿ ਡਾਟਾ ਨੂੰ ਕਿਵੇਂ ਸੰਭਾਲਣਾ ਹੈ। ਏਆਈ ਰਿਲੇਟਿਡ ਟੂ ਪ੍ਰੋਡਕਟ ਐਂਡ ਸਟ੍ਰੈਟੇਜੀ ਮੈਨੇਜਮੈਂਟ ਵਰਗਾ ਕੋਰਸ ਵੀ ਹੋ ਸਕਦਾ ਹੈ, ਜੋ ਦੱਸਦਾ ਹੈ ਕਿ ਪ੍ਰੋਡਕਟ, ਰਣਨੀਤੀ ਅਤੇ ਮੈਨੇਜਮੈਂਟ ਨਾਲ ਜੁੜੇ ਫ਼ੈਸਲੇ ਕਿਵੇਂ ਲੈਣੇ ਹਨ ਅਤੇ ਉਨ੍ਹਾਂ ਵਿੱਚ ਏਆਈ ਕਿਵੇਂ ਵਰਤਿਆ ਜਾਵੇ। ਇਹ ਇਕ ਚੰਗਾ ਕੋਰਸ ਹੋ ਸਕਦਾ ਹੈ।" "ਏਆਈ ਸਾਈਬਰ ਸੁਰੱਖਿਆ ਨਾਲ ਕਿਵੇਂ ਜੁੜ ਸਕਦਾ ਹੈ, ਇਹ ਵੀ ਇਕ ਵਿਸ਼ੇਸ਼ ਕੋਰਸ ਹੈ, ਪਰ ਇਹ ਖ਼ਾਸ ਕਰਕੇ ਇੰਜੀਨੀਅਰਾਂ ਲਈ ਹੁੰਦਾ ਹੈ। ਸਾਈਬਰ ਸੁਰੱਖਿਆ ਅਤੇ ਰੋਬੋਟਿਕਸ ਵਰਗੇ ਕੋਰਸ ਇੰਜੀਨੀਅਰਿੰਗ ਵਿੱਚ ਕਰੀਅਰ ਨੂੰ ਅੱਗੇ ਵਧਾਉਣ ਦਾ ਵਧੀਆ ਮੌਕਾ ਦੇਣਗੇ।"

ਜੇ ਕੋਈ ਪੂਰੀ ਤਰ੍ਹਾਂ ਏਆਈ ਵਿੱਚ ਹੀ ਕਰੀਅਰ ਬਣਾਉਣਾ ਚਾਹੇ ਤਾਂ ਪ੍ਰੋਫ਼ੈਸਰ ਸਿਨਹਾ ਪੰਜ ਬਿਹਤਰੀਨ ਕੋਰਸਾਂ ਦੀ ਸਿਫ਼ਾਰਸ਼ ਕਰਦੇ ਹਨ, ਜੋ ਮਜ਼ਬੂਤ ਬਦਲ ਹੋ ਸਕਦੇ ਹਨ। ਐੱਮਬੀਏ/ਪੀਜੀ ਡਿਪਲੋਮਾ ਇਨ ਏਆਈ ਐਂਡ ਬਿਜ਼ਨਸ ਐਨਾਲਿਟਿਕਸ: ਇਹ ਕੋਰਸ ਉਨ੍ਹਾਂ ਲਈ ਹੈ ਜੋ ਬਿਜ਼ਨਸ, ਮੈਨੇਜਮੈਂਟ ਜਾਂ ਕਾਮਰਸ ਬੈਕਗਰਾਊਂਡ ਤੋਂ ਹਨ ਅਤੇ ਏਆਈ ਰਣਨੀਤੀ, ਐਨਾਲਿਟਿਕਸ ਅਤੇ ਪ੍ਰੋਡਕਟ ਮੈਨੇਜਮੈਂਟ ਵਿੱਚ ਜਾਣਾ ਚਾਹੁੰਦੇ ਹਨ। ਇੰਡੀਅਨ ਇੰਸਟੀਟਿਊਟ ਆਫ਼ ਮੈਨੇਜਮੈਂਟ (ਆਈਆਈਐੱਮਐੱਸ), ਇੰਡੀਅਨ ਸਕੂਲ ਆਫ਼ ਬਿਜ਼ਨਸ ਅਤੇ ਅਪਗ੍ਰੈਡ ਜਾਂ ਗ੍ਰੇਟ ਲਰਨਿੰਗ ਵਰਗੀਆਂ ਐਡੂਟੈਕ ਕੰਪਨੀਆਂ ਨਾਲ ਜੁੜ ਕੇ ਇਹ ਕੋਰਸ ਕੀਤਾ ਜਾ ਸਕਦਾ ਹੈ। ਫੀਸ ਲਗਭਗ ਢਾਈ ਤੋਂ ਸੱਤ ਲੱਖ ਰੁਪਏ ਤੱਕ ਹੋ ਸਕਦੀ ਹੈ, ਜੋ ਸੰਸਥਾ ਅਨੁਸਾਰ ਵੱਖਰੀ ਹੋ ਸਕਦੀ ਹੈ। ਕੋਰਸ ਤੋਂ ਬਾਅਦ ਸੰਭਾਵਿਤ ਤਨਖ਼ਾਹ ਛੇ ਤੋਂ ਵੀਹ ਲੱਖ ਰੁਪਏ ਸਾਲਾਨਾ ਹੋ ਸਕਦੀ ਹੈ, ਜੋ ਕੰਪਨੀ ਅਤੇ ਅਹੁਦੇ 'ਤੇ ਨਿਰਭਰ ਕਰਦੀ ਹੈ। ਏਆਈ ਸਰਟੀਫ਼ਿਕੇਟ ਪ੍ਰੋਗਰਾਮ (ਆਨਲਾਈਨ): ਇਹ Udaicty ਜਾਂ ਹੋਰ ਆਨਲਾਈਨ ਐਜੂਟੈਕ ਪਲੇਟਫ਼ਾਰਮਾਂ 'ਤੇ ਉਪਲਬਧ ਹੈ। ਪ੍ਰੋਫ਼ੈਸਰ ਸਿਨਹਾ ਕਹਿੰਦੇ ਹਨ ਕਿ ਇਸ ਦੀ ਫੀਸ ਲਗਭਗ ਡੇਢ ਲੱਖ ਰੁਪਏ ਹੈ।

# 25 ਸਾਲਾਂ ਤੋਂ ਤੰਗ ਕਰ ਰਹੀ ਹੈ ਕੀਟਨਾਸ਼ਕ ਨਾਲ ਜੁੜੀ ਇੱਕ ਤ੍ਰਾਸਦੀ

ਵਿਗੜੇ ਹੋਏ ਅੰਗਾਂ ਅਤੇ ਸੁੱਜੇ ਹੋਏ ਸਿਰ ਵਾਲੇ ਬੱਚਿਆਂ ਦੀ ਦਿਲ ਡਰਾ ਦੇਣ ਵਾਲੀਆਂ ਤਸਵੀਰਾਂ, ਕੋਚੀ-ਮੁਜ਼ਿਰਿਸ ਬੀਏਨਾਲੇ ਵਿੱਚ ਲੱਗੀਆਂ ਪ੍ਰਦਰਸ਼ਨੀਆਂ ਵਿੱਚੋਂ ਇੱਕ ਦਾ ਹਿੱਸਾ ਹਨ। ਸਮਕਾਲੀ ਕਲਾ ਦੀ ਇਹ ਪ੍ਰਦਰਸ਼ਨੀ ਹਰ ਸਾਲ ਦੱਖਣੀ ਭਾਰਤੀ ਸੂਬੇ ਕੇਰਲ ਵਿੱਚ ਆਯੋਜਿਤ ਕੀਤੀ ਜਾਂਦੀ ਹੈ। ਫੋਟੋ ਪੱਤਰਕਾਰ ਮਧੁਰਾਜ (ਜੋ ਸਿਰਫ਼ ਇੱਕ ਨਾਮ ਦਾ ਇਸਤੇਮਾਲ ਕਰਦੇ ਹਨ) ਵੱਲੋਂ ਖਿੱਚੀਆਂ ਗਈਆਂ ਇਹ ਤਸਵੀਰਾਂ 1990 ਅਤੇ 2000 ਦੇ ਦਹਾਕਿਆਂ ਵਿੱਚ ਕੇਰਲ ਦੇ ਕਾਸਰਗੋਡ ਜ਼ਿਲ੍ਹੇ ਵਿੱਚ ਸੈਂਕੜਿਆਂ ਬੱਚਿਆਂ ਦੀ ਸਿਹਤ 'ਤੇ ਐਂਡੋਸਲਫਾਨ ਕੀਟਨਾਸ਼ਕ ਦੇ ਮਾੜੇ ਪ੍ਰਭਾਵਾਂ ਨੂੰ ਦਰਸਾਉਂਦੀਆਂ ਹਨ, ਜੋ ਕਿ ਇੱਕ ਸਸਤਾ ਪਰ ਬਹੁਤ ਹੀ ਜ਼ਹਿਰੀਲਾ ਕੀਟਨਾਸ਼ਕ ਹੈ। 1970 ਦੇ ਦਹਾਕੇ ਤੋਂ ਸ਼ੁਰੂ ਹੋ ਕੇ 20 ਸਾਲ ਤੋਂ ਵੀ ਵੱਧ ਸਮੇਂ ਤੱਕ ਕੇਰਲ ਦੇ ਪਲਾਂਟੇਸ਼ਨ ਕਾਰਪੋਰੇਸ਼ਨ ਨੇ ਕਾਸਰਗੋਡ ਵਿੱਚ ਕਾਜੂ ਦੇ ਬਾਗਾਂ 'ਤੇ ਸਾਲ ਵਿੱਚ ਦੋ ਤੋਂ ਤਿੰਨ ਵਾਰ ਐਂਡੋਸਲਫਾਨ ਦਾ ਛਿੜਕਾਅ ਕੀਤਾ। ਬਾਅਦ ਵਿੱਚ, ਇਸ ਕੀਟਨਾਸ਼ਕ ਦਾ ਇਸਤੇਮਾਲ ਚਾਹ, ਚੌਲ ਅਤੇ ਅੰਬ ਵਰਗੀਆਂ ਫ਼ਸਲਾਂ 'ਤੇ ਵੀ ਕੀਤਾ ਗਿਆ।

1990 ਦੇ ਦਹਾਕੇ ਵਿੱਚ, ਸਥਾਨਕ ਨਿਵਾਸੀਆਂ ਨੇ ਜਾਨਵਰਾਂ ਅਤੇ ਬੱਚਿਆਂ ਵਿੱਚ ਜਨਮਜਾਤ ਵਿਗਾੜਾਂ ਦੀ ਸ਼ਿਕਾਇਤ ਕੀਤੀ, ਜਿਨ੍ਹਾਂ ਵਿੱਚ ਸੇਰੇਬਰਲ ਪਾਲਸੀ, ਮਿਰਗੀ ਅਤੇ ਹਾਈਡਰੋਸੇਫ਼ਲਸ (ਦਿਮਾਗ ਵਿੱਚ ਤਰਲ ਪਦਾਰਥ ਇਕੱਠਾ ਹੋਣਾ) ਵਰਗੀਆਂ ਸਰੀਰਕ ਅਤੇ ਨਰਵਸ ਸਿਸਟਮ ਨਾਲ ਸੰਬੰਧਿਤ ਸਮੱਸਿਆਵਾਂ ਸ਼ਾਮਲ ਸਨ। ਸਥਾਨਕ ਲੋਕਾਂ ਨੇ ਚਮੜੀ 'ਤੇ ਚਕਤੇ, ਹਾਰਮੋਨ ਨਾਲ ਸੰਬੰਧਿਤ ਸਮੱਸਿਆਵਾਂ, ਦਮਾ ਅਤੇ ਕੈਂਸਰ ਵਰਗੀਆਂ ਬਿਮਾਰੀਆਂ ਦੀ ਵੀ ਸ਼ਿਕਾਇਤ ਕੀਤੀ, ਅਜਿਹੀਆਂ ਬਿਮਾਰੀਆਂ ਜਿਨ੍ਹਾਂ ਨੂੰ ਬਾਅਦ ਵਿੱਚ ਕੁਝ ਵਾਤਾਵਰਨ ਸੰਸਥਾਵਾਂ ਅਤੇ ਕੇਰਲ ਸਰਕਾਰ ਨੇ ਐਂਡੋਸਲਫਾਨ ਜ਼ਹਿਰ ਨਾਲ ਜੋੜਿਆ। ਭਾਰਤ ਦੇ ਕੁਝ ਵਿਗਿਆਨੀਆਂ ਨੇ ਐਂਡੋਸਲਫਾਨ ਨੂੰ ਇਨ੍ਹਾਂ ਬਿਮਾਰੀਆਂ ਨਾਲ ਜੋੜਨ 'ਤੇ ਸਵਾਲ ਉਠਾਏ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਲਈ ਕਾਫ਼ੀ ਸਬੂਤ ਨਹੀਂ ਹਨ। ਪਰ 2004 ਵਿੱਚ ਕੇਰਲ ਦੇ ਪ੍ਰਦੂਸ਼ਣ ਨਿਯੰਤਰਣ ਬੋਰਡ ਨੇ ਇਸ ਕੀਟਨਾਸ਼ਕ ਦੇ ਇਸਤੇਮਾਲ 'ਤੇ ਰੋਕ ਲਗਾ ਦਿੱਤੀ। 2011 ਵਿੱਚ, ਸਟਾਕਹੋਮ ਕਨਵੇਂਸ਼ਨ ਆਨ ਪਰਸਿਸਟੈਂਟ ਆਰਗੈਨਿਕ ਪੋਲਿਊਟੈਂਟਸ' ਨੇ ਇਸ ਦੇ ਉਤਪਾਦਨ ਅਤੇ ਇਸਤੇਮਾਲ 'ਤੇ ਦੁਨੀਆ ਭਰ ਵਿੱਚ ਪਾਬੰਦੀ ਲਗਾ ਦਿੱਤੀ।

ਉਸੇ ਸਾਲ, ਭਾਰਤ ਦੇ ਸੁਪਰੀਮ ਕੋਰਟ ਨੇ ਪੂਰੇ ਦੇਸ਼ ਵਿੱਚ ਐਂਡੋਸਲਫਾਨ ਦੇ ਇਸਤੇਮਾਲ, ਵਿੱਕਰੀ, ਉਤਪਾਦਨ ਅਤੇ ਨਿਰਯਾਤ (ਬਰਾਮਦ) 'ਤੇ ਪਾਬੰਦੀ ਲਗਾਉਣ ਦਾ ਹੁਕਮ ਜਾਰੀ ਕੀਤਾ। ਸਾਲ 2017 ਵਿੱਚ ਸੁਪਰੀਮ ਕੋਰਟ ਨੇ ਕੇਰਲ ਸਰਕਾਰ ਨੂੰ ਹੁਕਮ ਦਿੱਤਾ ਕਿ ਉਹ 5,000 ਪੀੜਤਾਂ ਵਿੱਚੋਂ ਹਰੇਕ ਨੂੰ ਮੁਆਵਜ਼ੇ ਵਜੋਂ 500,000 ਰੁਪਏ ਦੀ ਅਦਾਇਗੀ ਕਰੇ। ਪਰ ਮਧੁਰਾਜ ਦਾ ਕਹਿਣਾ ਹੈ ਕਿ ਉਨ੍ਹਾਂ ਵਿੱਚੋਂ ਕੁਝ ਪੀੜਤਾਂ ਨੇ ਉਨ੍ਹਾਂ ਨੂੰ ਦੱਸਿਆ ਹੈ ਕਿ ਉਨ੍ਹਾਂ ਨੂੰ ਅਜੇ ਤੱਕ ਇਹ ਰਕਮ ਨਹੀਂ ਮਿਲੀ ਹੈ।



ਪੀੜਤਾਂ ਵਿੱਚੋਂ ਕਈ ਗਰੀਬ ਮਜ਼ਦੂਰ ਸਨ ਅਤੇ ਉਨ੍ਹਾਂ ਦੇ ਪਰਿਵਾਰ ਉਨ੍ਹਾਂ ਪੱਛੜੀਆਂ ਜਾਤੀਆਂ ਅਤੇ ਕਬਾਇਲੀ ਸਮੂਹਾਂ ਤੋਂ ਆਉਂਦੇ ਸਨ, ਜਿਨ੍ਹਾਂ ਨੂੰ ਠੀਕ ਪੋਸ਼ਣ ਅਤੇ ਸਿਹਤ ਸੇਵਾਵਾਂ ਬਹੁਤ ਘੱਟ ਮਿਲਦੀਆਂ ਸਨ। ਮਧੁਰਾਜ ਨੇ ਕਾਸਰਗੋਡ ਵਿੱਚ ਐਂਡੋਸਲਫਾਨ ਦੀ ਸਮੱਸਿਆ ਦਾ ਦੋ ਦਹਾਕਿਆਂ ਤੋਂ ਵੀ ਵੱਧ ਸਮੇਂ ਤੱਕ ਦਸਤਾਵੇਜ਼ੀਕਰਨ ਕੀਤਾ। ਉਨ੍ਹਾਂ ਨੇ ਇਸ ਕੀਟਨਾਸ਼ਕ ਨਾਲ ਪ੍ਰਭਾਵਿਤ ਮੰਨੇ ਜਾਣ ਵਾਲੇ ਲੋਕਾਂ ਦੇ ਘਰਾਂ ਵਿੱਚ ਕਈ ਵਾਰ ਜਾ ਕੇ, ਉਨ੍ਹਾਂ ਦੇ ਜੀਵਨ 'ਤੇ ਇਸ ਦੇ ਅਸਰ ਨੂੰ ਸਮਝਣ ਦੀ ਕੋਸ਼ਿਸ਼ ਕੀਤੀ।

ਮਧੁਰਾਜ ਨੇ ਦੱਸਿਆ, "ਮੈਂ ਪੀੜਤਾਂ 'ਤੇ ਪੈਣ ਵਾਲੇ ਕਮਜ਼ੋਰ ਕਰ ਦੇਣ ਵਾਲੇ ਪ੍ਰਭਾਵ ਨੂੰ ਆਪਣੀ ਅੱਖੀਂ ਦੇਖਿਆ ਹੈ ਅਤੇ ਇਹ ਵੀ ਦੇਖਿਆ ਹੈ ਕਿ ਕਿਵੇਂ ਇਸ ਕੀਟਨਾਸ਼ਕ ਨੇ ਪੂਰੇ ਦੇ ਪੂਰੇ ਪਰਿਵਾਰਾਂ ਨੂੰ ਤਬਾਹ ਕਰ ਦਿੱਤਾ ਹੈ।" ਉਹ ਅੱਗੇ ਕਹਿੰਦੇ ਹਨ, "ਕਈ ਘਰਾਂ ਵਿੱਚ, ਜੋੜਿਆਂ ਦੇ ਕਈ ਬੱਚੇ ਅਜਿਹੇ ਹਨ ਜੋ ਸਰੀਰਕ ਅਤੇ ਮਾਨਸਿਕ ਤੌਰ 'ਤੇ ਅਪਾਹਜ ਹਨ, ਜਿਸ ਕਾਰਨ ਉਨ੍ਹਾਂ ਦੀ ਦੇਖਭਾਲ ਕਰਨੀ ਬਹੁਤ ਮੁਸ਼ਕਲ ਹੋ ਜਾਂਦੀ ਹੈ। ਮੈਂ ਬਜ਼ੁਰਗ ਲੋਕਾਂ ਨੂੰ ਵੀ ਆਪਣੇ ਅਜਿਹੇ ਜੀਵਨ ਸਾਥੀ ਦੀ ਦੇਖਭਾਲ ਲਈ ਸੰਘਰਸ਼ ਕਰਦੇ ਦੇਖਿਆ ਹੈ, ਜਿਨ੍ਹਾਂ ਨੂੰ ਇਸ ਕੀਟਨਾਸ਼ਕ ਦੇ ਲੰਮੇ ਸਮੇਂ ਤੱਕ ਸੰਪਰਕ ਵਿੱਚ ਰਹਿਣ ਕਾਰਨ ਬਿਮਾਰੀਆਂ ਹੋ ਗਈਆਂ ਹਨ।" ਇਸ ਪ੍ਰਦਰਸ਼ਨੀ ਵਿੱਚ ਮਧੁਰਾਜ ਦੁਆਰਾ ਲਈਆਂ ਗਈਆਂ ਕੁਝ ਤਸਵੀਰਾਂ ਹਨ, ਜੋ ਪਿਛਲੇ ਢਾਈ ਦਹਾਕਿਆਂ ਵਿੱਚ ਖਿੱਚੀਆਂ ਗਈਆਂ ਹਨ।

1990 ਦੇ ਦਹਾਕੇ ਦੇ ਅੰਤ ਅਤੇ 2000 ਦੇ ਦਹਾਕੇ ਦੀ ਸ਼ੁਰੂਆਤ ਵਿੱਚ, ਸਿਵਲ ਸੋਸਾਇਟੀ ਸਮੂਹਾਂ, ਵਾਤਾਵਰਨ ਸੰਗਠਨਾਂ ਅਤੇ ਸਥਾਨਕ ਲੋਕਾਂ ਨੇ ਐਂਡੋਸਲਫਾਨ 'ਤੇ ਪਾਬੰਦੀ ਦੀ ਮੰਗ ਕਰਦੇ ਹੋਏ ਵੱਡੇ ਪੱਧਰ 'ਤੇ ਵਿਰੋਧ ਪ੍ਰਦਰਸ਼ਨ ਕੀਤੇ। ਕਈ ਸਾਲਾਂ ਤੱਕ, ਉਹ ਮਾਪੇ ਜਿਨ੍ਹਾਂ ਨੂੰ ਲੱਗਦਾ ਸੀ ਕਿ ਉਨ੍ਹਾਂ ਦੇ ਬੱਚੇ ਇਸ ਕੀਟਨਾਸ਼ਕ ਨਾਲ ਪ੍ਰਭਾਵਿਤ ਹੋਏ ਹਨ, ਆਪਣੇ ਬਿਮਾਰ ਬੱਚਿਆਂ ਨੂੰ ਨਾਲ ਲੈ ਕੇ ਵਿਰੋਧ ਪ੍ਰਦਰਸ਼ਨਾਂ ਵਿੱਚ ਸ਼ਾਮਲ ਹੁੰਦੇ ਰਹੇ, ਅਤੇ ਸਰਕਾਰ ਤੋਂ ਚਿਕਿਤਸਾ ਸਹਾਇਤਾ ਅਤੇ ਮੁਆਵਜ਼ੇ ਦੀ ਮੰਗ ਕਰਦੇ ਰਹੇ। ਮਧੁਰਾਜ ਕਹਿੰਦੇ ਹਨ ਕਿ ਇਨ੍ਹਾਂ ਮਾਪਿਆਂ ਨੇ ਨਿੱਜੀ ਅਤੇ ਜਨਤਕ, ਦੋਵੇਂ ਪੱਧਰਾਂ 'ਤੇ ਲੜਾਈ ਲੜੀ ਅਤੇ ਇਸ ਵਿੱਚ ਕਈ ਸਾਲ ਬਿਤਾ ਦਿੱਤੇ ਹਨ। ਅਤੇ ਇਸ ਵਿੱਚ ਸਭ ਤੋਂ ਮੁਸ਼ਕਲ ਲੜਾਈ ਆਪਣੇ ਬੱਚਿਆਂ ਨੂੰ ਜ਼ਿੰਦਾ ਰੱਖਣ ਦੀ ਰਹੀ ਹੈ।

ਮਧੁਰਾਜ ਕਹਿੰਦੇ ਹਨ, "ਪ੍ਰਭਾਵਿਤ ਇਲਾਕਿਆਂ ਵਿੱਚ ਮੈਂ ਜਿੰਨੀਆਂ ਵੀ ਯਾਤਰਾਵਾਂ ਕੀਤੀਆਂ ਹਨ, ਉਨ੍ਹਾਂ ਸਭ ਤੋਂ ਮੈਨੂੰ ਇਹ ਪੱਕਾ ਯਕੀਨ ਹੋ ਗਿਆ ਹੈ ਕਿ ਕੇਰਲ, ਜਿਸ ਨੇ ਸਿਹਤ ਦੇ ਖੇਤਰ ਵਿੱਚ ਬਹੁਤ ਤਰੱਕੀ ਕੀਤੀ ਹੈ, ਉਸ ਨੇ ਐਂਡੋਸਲਫਾਨ ਤ੍ਰਾਸਦੀ ਦੇ ਪੀੜਤਾਂ ਨਾਲ ਇਨਸਾਫ਼ ਨਹੀਂ ਕੀਤਾ ਹੈ।" ਵਿਮਲਾ ਅਤੇ ਉਨ੍ਹਾਂ ਦੀ ਧੀ ਰੇਸ਼ਮਾ ਦੀ ਦੁਖਦਾਈ ਕਹਾਣੀ ਐਂਡੋਸਲਫਾਨ ਤ੍ਰਾਸਦੀ ਦੇ ਦਿਲ ਦਹਲਾ ਦੇਣ ਵਾਲੇ ਰੂਪ ਨੂੰ ਉਜਾਗਰ ਕਰਦੀ ਹੈ। ਜਿਸ ਸਮੇਂ ਰੇਸ਼ਮਾ ਦੀ ਮੌਤ ਹੋਈ, ਉਹ 28 ਸਾਲ ਦੀ ਸੀ।

ਮੀਡੀਆ ਰਿਪੋਰਟਾਂ ਦੇ ਅਨੁਸਾਰ, ਰੇਸ਼ਮਾ ਜਨਮ ਤੋਂ ਹੀ ਮਾਨਸਿਕ ਤੌਰ 'ਤੇ ਅਪਹਾਜ ਸੀ ਅਤੇ ਉਸਦੀ ਦੇਖਭਾਲ ਉਸਦੀ ਦਾਦੀ ਕਰਦੀ ਸੀ, ਜਦਕਿ ਉਸ ਦੀ ਮਾਂ ਕੰਮ 'ਤੇ ਜਾਂਦੀ ਸੀ। ਜਦੋਂ ਰੇਸ਼ਮਾ ਛੋਟੀ ਸੀ, ਉਦੋਂ ਹੀ ਉਸ ਦੇ ਪਿਤਾ ਦੀ ਮੌਤ ਹੋ ਗਈ ਸੀ। 2014 ਵਿੱਚ ਉਸ ਦੀ ਦਾਦੀ ਦਾ ਵੀ ਦੇਹਾਂਤ ਹੋ ਗਿਆ। ਸਾਲ 2019 ਵਿੱਚ, ਕੋਵਿਡ-19 ਮਹਾਮਾਰੀ ਦੌਰਾਨ ਉਹ ਖਾਸ ਸਕੂਲ ਬੰਦ ਹੋ ਗਿਆ ਜਿੱਥੇ ਰੇਸ਼ਮਾ ਪੜ੍ਹਨ ਜਾਂਦੀ ਸੀ। ਪੁਲਿਸ ਨੇ ਦੱਸਿਆ ਕਿ 2022 ਵਿੱਚ ਵਿਮਲਾ ਨੇ ਕਥਿਤ ਤੌਰ 'ਤੇ ਆਪਣੀ ਧੀ ਦੀ ਹੱਤਿਆ ਕਰਨ ਤੋਂ ਬਾਅਦ ਖੁਦ ਵੀ ਆਪਣੀ ਜਾਨ ਦੇ ਦਿੱਤੀ। ਉਨ੍ਹਾਂ ਨੇ ਮੀਡੀਆ ਨੂੰ ਦੱਸਿਆ ਕਿ ਵਿਮਲਾ ਨੂੰ ਇੱਕਲੇ ਆਪਣੀ ਧੀ ਦੀ ਦੇਖਭਾਲ ਕਰਨ ਵਿੱਚ ਕਾਫ਼ੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਮਧੁਰਾਜ ਨੇ ਦੱਸਿਆ ਕਿ ਉਨ੍ਹਾਂ ਨੇ ਕੋਚੀ ਬੀਏਨਾਲੇ ਵਿੱਚ ਐਂਡੋਸਲਫਾਨ ਤ੍ਰਾਸਦੀ ਨਾਲ ਜੁੜੀਆਂ ਆਪਣੀਆਂ ਤਸਵੀਰਾਂ ਨੂੰ ਪ੍ਰਦਰਸ਼ਿਤ ਕਰਨ ਦਾ ਫ਼ੈਸਲਾ ਇਸ ਲਈ ਕੀਤਾ, ਕਿਉਂਕਿ ਉਹ ਚਾਹੁੰਦੇ ਸਨ ਕਿ ਇਸ ਮਸਲੇ 'ਤੇ ਲੋਕਾਂ ਦਾ ਧਿਆਨ ਵੱਧ ਤੋਂ ਵੱਧ ਜਾਵੇ। ਉਨ੍ਹਾਂ ਅੱਗੇ ਕਿਹਾ, "ਇਸ ਤਰ੍ਹਾਂ ਦੀਆਂ ਤ੍ਰਾਸਦੀਆਂ ਅਤੇ ਉਨ੍ਹਾਂ ਤੋਂ ਹੋਣ ਵਾਲੇ ਮਨੁੱਖੀ ਨੁਕਸਾਨ ਨੂੰ ਕਦੇ ਭੁੱਲਿਆ ਨਹੀਂ ਜਾਣਾ ਚਾਹੀਦਾ।"


ਖਾਲਸਾ ਜੀ ਦੇ ਪ੍ਰਗਟ ਦਿਹਾੜੇ ਅਤੇ ਰੁੱਤ ਦੇ ਤਿਓਹਾਰ ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ



Ranjit Kandola
Borker / Realter
916-917-2393, email-Kandola@macloans.net

ਖਾਲਸਾ ਜੀ ਦੇ ਪ੍ਰਗਟ ਦਿਹਾੜੇ ਅਤੇ ਰੁੱਤ ਦੇ ਤਿਓਹਾਰ ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ



Parampal Singh. Surinder Kaur
510-409-7006

ਖਾਲਸਾ ਜੀ ਦੇ ਪ੍ਰਗਟ ਦਿਹਾੜੇ ਅਤੇ ਰੁੱਤ ਦੇ ਤਿਓਹਾਰ ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ

**Padam Builders Inc.**

ਅਸੀਂ ਨਵੇਂ ਮਕਾਨ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟ੍ਰਕਸ਼ਨ ਦਾ ਕੰਮ ਫਾਊਂਡੇਸ਼ਨ ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।

Harpreet Singh Padam 510-695-6435
Gurpreet Singh Padam 510-962-2593
email: padambuilders@gmail.com
Licensed # 1019803


Gurpreet Singh Padam

ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ


Harpreet Singh Padam

3143 ARDEN ROAD, HAYWARD, CA- 94545

## ਖਾਲਸਾ ਜੀ ਦੇ ਪ੍ਰਗਟ ਦਿਹਾੜੇ ਅਤੇ ਰੁੱਤ ਦੇ ਤਿਓਹਾਰ ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ

**ਕਸ਼ਮੀਰ ਸਿੰਘ ਧੁੱਗਾ**

ਐਲਾਮੀਡਾ ਕਾਉਂਟੀ ਕਮਿਸ਼ਨਰ



**ਕੈਸ਼ ਫੈਬਰਿਕਸ**

29576 Mission Blvd Hayward. CA 94544

**510-538-1138**

## ਖਾਲਸਾ ਜੀ ਦੇ ਪ੍ਰਗਟ ਦਿਹਾੜੇ ਅਤੇ ਰੁੱਤ ਦੇ ਤਿਓਹਾਰ ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ



**ਸੁਖਵਿੰਦਰ ਸਿੰਘ (ਗੋਗੀ ਭੇਲਾ) ਅਤੇ ਪਰਿਵਾਰ**

**510 757 6775**

ਖਾਲਸਾ ਜੀ ਦੇ ਪ੍ਰਗਟ ਦਿਹਾੜੇ ਅਤੇ ਰੁੱਤ ਦੇ ਤਿਓਹਾਰ ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ

**Moon Indian Cuisine**

**510-780-9233**

ਰੈਸਟੋਰੈਂਟ ਤੋਂ ਖਾਣਾ ਪੈਕ ਕਰਵਾ ਕੇ ਵੀ ਲੈ ਜਾ ਸਕਦੇ ਹੋ,
ਕੇਟਰਿੰਗ ਵੇਲੇ ਤੰਦੂਰ ਦਾ ਇੰਤਜ਼ਾਮ ਹੈ, ਕੇਟਰਿੰਗ ਵਾਸਤੇ ਕਾਲ ਕਰੋ ਜੀ

* 100 ਬੰਦਿਆਂ ਤੋਂ ਲੈ ਕੇ ਵੱਡੀ ਤੋਂ ਵੱਡੀ ਪਾਰਟੀ ਤੱਕ
* ਗੁਰੂ ਘਰਾਂ ਵਿਚ ਕੇਟਰਿੰਗ ਲਈ 10 ਪ੍ਰਤੀਸ਼ਤ ਤੱਕ ਛੋਟ
* ਬਹੁਤ ਹੀ ਤਜ਼ਰਬੇਕਾਰ ਕੁੱਕ

**Fish Pakora**

ਮੱਛੀ ਪਕੌੜੇ ਬਣਾਉਣ ਦੇ ਮਾਹਿਰ
ਲੱਡੂ, ਜਲੇਬੀ, ਬਰਫੀ, ਗੁਲਾਬ ਜਾਮੁਨ ਤੇ ਵਿਆਹ ਸ਼ਾਦੀ ਮੌਕੇ ਸਭ ਤਰ੍ਹਾਂ ਦੀ ਮਠਿਆਈ ਤਿਆਰ ਕਰਦੇ ਹਨ। ਘੱਟ ਕੀਮਤ 'ਤੇ ਲੈ ਸਕਦੇ ਹੋ।


Paul 510-978-7170

Over 30 Years Experience in Restaurant & Catering Business

**ਮੂਨ ਇੰਡੀਅਨ ਕੁਜ਼ੀਨ (ਹੇਵਰਡ)**

600 West Harder Rd. Hayward, CA 94544
Phone (510)780-9233 Fax (510) 780-9812
www.moonindiancuisine.net

ਖਾਲਸਾ ਜੀ ਦੇ ਪ੍ਰਗਟ ਦਿਹਾੜੇ ਅਤੇ ਰੁੱਤ ਦੇ ਤਿਓਹਾਰ ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ

# KACEES EXPRESS WASH

ਕਾਰਾਂ ਧੋਣ ਲਈ ਸਭ ਤੋਂ ਸਸਤਾ ਕਾਰ ਵਾਸ਼ ਸਟੇਸ਼ਨ




## Car wash and Gas station with Beverages




ਇਲਾਕੇ ਵਿਚ ਹੱਥ ਨਾਲ ਕਾਰਾਂ ਧੁਆਉਣ ਵਾਸਤੇ ਇਕੋ-ਇਕ ਸਰਵਿਸ ਸਟੇਸ਼ਨ, ਜੋ ਬਹੁਤ ਹੀ ਸਸਤੇ ਰੇਟਾਂ ਤੇ ਬਿਨਾਂ ਇੰਤਜ਼ਾਰ ਕੀਤਿਆਂ ਤੁਹਾਡੀ ਕਿਸੇ ਵੀ ਪ੍ਰਕਾਰ ਦੀ ਕਾਰ ਧੋ ਸਕਦੇ ਹਨ।









**Surjit Sanger**

**707-291-2901**

**2900 Hilltop Mall Rd, Richmond, CA 94806**






# ਇਕ ਵਾਰ ਜ਼ਰੂਰ ਆ ਕੇ ਕਾਰ ਧੁਆਓ ਜੀ

# 'ਬੈਕਅਪ ਪਾਸਪੋਰਟ' ਕੀ ਹੈ, ਜਿਸ ਲਈ ਕਈ ਲੋਕ ਆਪਣੇ ਦਾਦਕਿਆਂ ਤੇ ਨਾਨਕਿਆਂ ਦੇ ਰਿਕਾਰਡ ਫਰੋਲ ਦਿੰਦੇ ਨੇ

ਦਸੰਬਰ 2025 ਵਿੱਚ ਕੈਨੇਡਾ ਵੱਲੋਂ ਵੰਸ਼ ਦੇ ਆਧਾਰ 'ਤੇ ਨਾਗਰਿਕਤਾ ਦੇ ਨਿਯਮਾਂ ਵਿੱਚ ਢਿੱਲ ਦੇਣ ਤੋਂ ਬਾਅਦ ਕਈ ਅਮਰੀਕੀਆਂ ਨੇ ਆਪਣੇ ਪਰਿਵਾਰਕ ਇਤਿਹਾਸ ਦੀ ਖੋਜ ਸ਼ੁਰੂ ਕਰ ਦਿੱਤੀ, ਤਾਂ ਜੋ ਉਹ ਕੈਨੇਡੀਆਈ ਨਾਗਰਿਕਤਾ ਦਾ ਦਾਅਵਾ ਕਰ ਸਕਣ।

ਕੁਝ ਲੋਕਾਂ ਦੇ ਮਨ ਵਿੱਚ ਇਹ ਵਿਚਾਰ ਆਇਆ: ਕੀ ਕੋਈ ਲੰਬੇ ਸਮੇਂ ਤੋਂ ਭੁਲਾ ਦਿੱਤੇ ਗਏ ਦਾਦਾ-ਦਾਦੀ/ਨਾਨਾ-ਨਾਨੀ ਦੂਜਾ ਪਾਸਪੋਰਟ ਦਿਵਾ ਸਕਦੇ ਹਨ? ਇਹ ਸਵਾਲ ਦੁਨੀਆਂ ਭਰ ਵਿੱਚ ਤੇਜ਼ੀ ਨਾਲ ਪੁੱਛਿਆ ਜਾ ਰਿਹਾ ਹੈ।

ਜਦੋਂ ਵਾਸ਼ਿੰਗਟਨ ਦੇ ਐਵਰੇਟ ਦੀ ਨਾਵਲਕਾਰ ਐਮਿਲੀ ਹਿਲ ਨੇ ਕੈਨੇਡਾ ਦੇ ਵੰਸ਼ ਆਧਾਰਿਤ ਨਾਗਰਿਕਤਾ ਨਿਯਮਾਂ ਵਿੱਚ ਹਾਲ ਹੀ ਵਿੱਚ ਹੋਈਆਂ ਤਬਦੀਲੀਆਂ ਬਾਰੇ ਸੁਣਿਆ, ਤਾਂ ਉਨ੍ਹਾਂ ਨੇ ਤੁਰੰਤ ਸੋਚਿਆ ਕਿ ਕੀ ਪਰਿਵਾਰਕ ਸਬੰਧ ਉਨ੍ਹਾਂ ਨੂੰ ਇਸ ਲਈ ਯੋਗ ਬਣਾ ਸਕਦੇ ਹਨ।

ਉਹ ਦੱਸਦੇ ਹਨ ਕਿ ਉਨ੍ਹਾਂ ਦੀ ਦਾਦੀ ਦਾ ਜਨਮ ਮੌਂਟਰਿਅਲ ਵਿੱਚ ਹੋਇਆ ਸੀ, "ਮੈਨੂੰ ਅਜਿਹਾ ਲੱਗਿਆ ਜਿਵੇਂ ਮੇਰੇ 'ਤੇ ਬਿਜਲੀ ਚਮਕ ਰਹੀ ਹੋਵੇ। ਇਹ ਸੰਭਾਵਨਾ 26 ਸਾਲ ਦਾ ਸੁਪਨਾ ਸੱਚ ਹੋਣ ਵਰਗਾ ਸੀ।"

ਇੱਕ ਹਫ਼ਤੇ ਦੇ ਅੰਦਰ ਹੀ ਉਨ੍ਹਾਂ ਨੇ ਸਾਰੇ ਦਸਤਾਵੇਜ਼ ਇਕੱਠੇ ਕਰ ਲਏ ਅਤੇ ਅਰਜ਼ੀ ਜਮ੍ਹਾ ਕਰਵਾ ਦਿੱਤੀ। ਮਨਜ਼ੂਰੀ ਮਿਲਣ 'ਤੇ, ਉਹ ਬ੍ਰਿਟਿਸ਼ ਕੋਲੰਬੀਆ ਵਿੱਚ ਸਥਾਈ ਰੂਪ ਨਾਲ ਵਸਣ ਦੀ ਉਮੀਦ ਕਰਦੇ ਹਨ।

ਹਿਲ ਕਹਿੰਦੇ ਹਨ, "ਮੈਂ 'ਘਰ' ਪਰਤਣਾ ਚਾਹੁੰਦੀ ਹਾਂ ਅਤੇ ਆਪਣੇ ਦਾਦਾ-ਦਾਦੀ ਦੀ ਧਰਤੀ 'ਤੇ ਆਪਣੀ ਊਰਜਾ ਲਗਾਉਣਾ ਚਾਹੁੰਦੀ ਹਾਂ।"

ਪਰ ਅਮਰੀਕੀ ਹੀ ਇਕੱਲੇ ਅਜਿਹੇ ਨਹੀਂ ਹਨ ਜੋ ਅਚਾਨਕ ਆਪਣੇ ਬਜ਼ੁਰਗਾਂ ਵੱਲ ਧਿਆਨ ਦੇ ਰਹੇ ਹਨ। ਦੁਨੀਆਂ ਭਰ ਵਿੱਚ ਲੋਕ ਪਰਿਵਾਰਕ ਰਿਕਾਰਡ, ਜਨਮ ਰਿਕਾਰਡ ਅਤੇ ਵੰਸ਼ਾਵਲੀ ਵੈੱਬਸਾਈਟਾਂ ਨੂੰ ਖੰਗਾਲ ਕੇ ਵਾਧੂ ਨਾਗਰਿਕਤਾ ਦੀ ਤਲਾਸ਼ ਕਰ ਰਹੇ ਹਨ।

### ਦੋਹਰੀ ਨਾਗਰਿਕਤਾ ਦਾ ਰੁਝਾਨ

ਦੋਹਰੀ ਨਾਗਰਿਕਤਾ ਵਿੱਚ ਵਧਦੀ ਰੁਚੀ ਰਾਸ਼ਟਰੀਅਤਾ ਦੇ ਬਾਰੇ ਲੋਕਾਂ ਦੀ ਸੋਚ ਵਿੱਚ ਆਈ ਵੱਡੀ ਤਬਦੀਲੀ ਨੂੰ ਦਰਸਾਉਂਦੀ ਹੈ। ਪੀੜ੍ਹੀਆਂ ਤੋਂ ਪਾਸਪੋਰਟ ਮੁੱਖ ਰੂਪ ਨਾਲ ਇਹ ਸੰਕੇਤ ਦਿੰਦੇ ਰਹੇ ਹਨ ਕਿ ਕੋਈ ਵਿਅਕਤੀ ਕਿੱਥੋਂ ਆਇਆ ਹੈ, ਅੱਜ ਉਹ ਇਹ ਵੀ ਤੈਅ ਕਰਦੇ ਹਨ ਕਿ ਲੋਕ ਕਿੱਥੋਂ ਯਾਤਰਾ ਕਰ ਸਕਦੇ ਹਨ, ਕੰਮ ਕਰ ਸਕਦੇ ਹਨ ਅਤੇ ਰਹਿ ਸਕਦੇ ਹਨ।

ਕੁਝ ਸਮਾਂ ਪਹਿਲਾਂ ਤੱਕ, ਕਈ ਦੇਸ਼ਾਂ ਨੇ ਦੋਹਰੀ ਨਾਗਰਿਕਤਾ ਨੂੰ ਸੀਮਤ ਜਾਂ ਵਰਜਿਤ ਕਰ ਰੱਖਿਆ ਸੀ, ਜਿਸ ਦੇ ਕਾਰਨ ਇੱਕ ਤੋਂ ਜ਼ਿਆਦਾ ਪਾਸਪੋਰਟ ਦਾ ਰਿਵਾਜ ਅੱਜ ਦੀ ਤੁਲਨਾ ਵਿੱਚ ਕਿਧਰੇ ਘੱਟ ਸੀ।

ਹਾਲਾਂਕਿ ਭੂ-ਰਾਜਨੀਤਕ ਤਣਾਅ, ਮਹਾਮਾਰੀ ਦੇ ਕਾਰਨ ਸੀਮਾਵਾਂ ਦਾ ਬੰਦ ਹੋਣਾ ਅਤੇ ਵੀਜ਼ਾ ਨਿਯਮਾਂ ਵਿੱਚ ਬਦਲਾਅ ਆਲਮੀ ਗਤੀਸ਼ੀਲਤਾ ਨੂੰ ਨਵਾਂ ਰੂਪ ਦੇ ਰਹੇ ਹਨ ਅਤੇ ਦੂਰ ਦੁਰਾਡੇ ਡਿਜੀਟਲ ਰਿਮੋਟ ਨਾਲ ਕੰਮ ਕਰਨ ਵਾਲੇ ਲੋਕਾਂ ਦੀ ਵਧਦੀ ਆਬਾਦੀ ਨੂੰ ਉਤਸ਼ਾਹ ਦੇ ਰਹੇ ਹਨ।

ਅਜਿਹੇ ਵਿੱਚ ਦੂਜੇ ਪਾਸਪੋਰਟ ਬਦਲ ਨੂੰ ਖੁੱਲ੍ਹਾ ਰੱਖਣ ਦੇ ਇੱਕ ਤਰੀਕੇ ਦੇ ਰੂਪ ਵਿੱਚ ਦੇਖਿਆ ਜਾ ਰਿਹਾ ਹੈ।

ਤੇਲ-ਅਵੀਵ ਯੂਨੀਵਰਸਿਟੀ ਵਿੱਚ ਸਮਾਜ-ਸ਼ਾਸਤਰ ਦੇ ਐਸੋਸੀਏਟ ਪ੍ਰੋਫੈਸਰ ਯੋਸੀ ਹਰਪਾਜ਼ ਜਿਨ੍ਹਾਂ ਦਾ ਅਧਿਐਨ ਨਾਗਰਿਕਤਾ, ਪਰਵਾਸ ਅਤੇ ਦੋਹਰੀ ਨਾਗਰਿਕਤਾ ਦੇ ਆਲਮੀ ਰੁਝਾਨਾਂ 'ਤੇ ਕੇਂਦਰਿਤ ਹੈ, ਦੱਸਦੇ ਹਨ, "ਦੂਜੀ ਨਾਗਰਿਕਤਾ ਹਾਸਲ ਕਰਨ ਦੇ ਦੋ ਮੁੱਖ ਕਾਰਨ ਗਤੀਸ਼ੀਲਤਾ ਅਤੇ ਸੁਰੱਖਿਆ ਹੈ। ਕੁਝ ਨਸਲੀ ਘੱਟਗਿਣਤੀਆਂ ਲਈ ਇਹ ਵਿਤਕਰਾ ਜਾਂ ਅੱਤਿਆਚਾਰ ਤੋਂ ਬਚਾਅ ਦਾ ਇੱਕ ਤਰੀਕਾ ਵੀ ਹੈ।"

ਲੰਡਨ ਸਕੂਲ ਆਫ ਇਕਨੋਮਿਕਸ ਵਿੱਚ



ਰਾਜਨੀਤਕ ਸਮਾਜਸ਼ਸਤਰ ਦੀ ਐਸੋਸੀਏਟ ਪ੍ਰੋਫੈਸਰ ਅਤੇ 'ਦਿ ਗੋਲਡਨ ਪਾਸਪੋਰਟ: ਗਲੋਬਲ ਮੋਬਿਲਿਟੀ ਫਾਰ ਮਿਲੇਨਿਯਰਜ' ਦੀ ਲੇਖਕਾ ਕ੍ਰਿਸਟਿਨ ਸੁਰਾਕ ਦਾ ਕਹਿਣਾ ਹੈ ਕਿ ਦੋਹਰੀ ਨਾਗਰਿਕਤਾ ਵਿੱਚ ਵਾਧਾ ਰਾਜਨੀਤਕ ਅਨਿਸ਼ਚਤਤਾ ਦੀ ਵਧਦੀ ਭਾਵਨਾ ਤੋਂ ਵੀ ਪ੍ਰੇਰਿਤ ਹੈ।

ਉਹ ਸਮਝਾਉਂਦੇ ਹਨ, "ਕਦੇ ਸਥਿਰ ਲੋਕਤੰਤਰ ਮੰਨੇ ਜਾਣ ਵਾਲੇ ਦੇਸ਼ ਕਈ ਲੋਕਾਂ ਨੂੰ ਓਨੇ ਸਥਿਰ ਨਹੀਂ ਲੱਗਦੇ।"

"ਬ੍ਰੈਕਜ਼ਿਟ ਦੇ ਚੱਲਦੇ ਕਈ ਬ੍ਰਿਟਿਸ਼ ਨਾਗਰਿਕਾਂ ਨੇ ਆਪਣੇ ਆਇਰਿਸ਼ ਦਾਦਾ-ਦਾਦੀ ਨੂੰ ਲੱਭ ਕੇ ਯੂਰਪੀ ਸੰਘ ਦੀ ਮੈਂਬਰਸ਼ਿਪ ਦੇ ਲਾਭ ਬਣਾਏ ਰੱਖਣ ਲਈ ਆਇਰਿਸ਼ ਨਾਗਰਿਕਤਾ ਲੈ ਲਈ। ਪਿਛਲੇ ਕੁਝ ਸਾਲਾਂ ਵਿੱਚ ਅਮਰੀਕੀ ਰਾਜਨੀਤੀ ਦੇ ਜ਼ਿਆਦਾ ਰਾਜਨੀਤੀਕਰਨ ਦਾ ਵੀ ਅਜਿਹਾ ਹੀ ਪ੍ਰਭਾਵ ਪਿਆ ਹੈ, ਜਿਸ ਨਾਲ ਲੋਕ ਯੂਰਪੀ ਸੰਘ ਤੋਂ ਬਾਹਰ ਨਿਕਲਣ ਦੇ ਬਦਲ ਤਲਾਸ਼ ਰਹੇ ਹਨ।"

ਸੁਰਾਕ ਅੱਗੇ ਕਹਿੰਦੇ ਹਨ ਕਿ ਬੇਸ਼ੱਕ ਉਹ ਤੁਰੰਤ ਜਾਂ ਬਿਲਕੁਲ ਵੀ ਅੱਗੇ ਨਾ ਵਧਣ, ਫਿਰ ਵੀ ਕਈ ਬਿਨੈਕਾਰ ਇਹ ਜਾਣ ਕੇ ਮਾਨਸਿਕ ਸ਼ਾਂਤੀ ਚਾਹੁੰਦੇ ਹਨ ਕਿ ਕੋਈ ਨਾ ਕੋਈ ਰਸਤਾ ਜ਼ਰੂਰ ਹੈ। ਉਹ ਕਹਿੰਦੇ ਹਨ, "ਇਹ ਨਾਗਰਿਕਤਾ ਇੱਕ ਬੀਮਾ ਪਾਲਿਸੀ ਦੀ ਤਰ੍ਹਾਂ ਹੈ।"

### ਫੈਮਿਲੀ ਟ੍ਰੀ ਵਿੱਚ ਛੁਪਿਆ ਹੋਇਆ ਪਾਸਪੋਰਟ

ਕਈ ਲੋਕਾਂ ਲਈ ਇਹ ਖੋਜ ਪਰਿਵਾਰਕ ਇਤਿਹਾਸ ਤੋਂ ਸ਼ੁਰੂ ਹੁੰਦੀ ਹੈ।

2016 ਵਿੱਚ ਬ੍ਰੈਕਜ਼ਿਟ ਜਨਮਤ ਸੰਗ੍ਰਹਿ ਦੇ ਬਾਅਦ, ਆਇਰਿਸ਼ ਪਾਸਪੋਰਟ ਲਈ ਬਿਨੈਕਾਰਾਂ ਵਿੱਚ ਭਾਰੀ ਵਾਧਾ ਹੋਇਆ ਕਿਉਂਕਿ ਬ੍ਰਿਟਿਸ਼ ਨਾਗਰਿਕ ਯੂਰਪ ਦੇ ਅੰਦਰ ਆਉਣ ਜਾਣ ਦੀ ਆਜ਼ਾਦੀ ਬਣਾਏ ਰੱਖਣ ਦੇ ਤਰੀਕੇ ਤਲਾਸ਼ ਰਹੇ ਸਨ।

ਆਇਰਲੈਂਡ ਵਿੱਚ ਪੈਦਾ ਹੋਏ ਆਇਰਿਸ਼ ਮਾਤਾ-ਪਿਤਾ ਜਾਂ ਦਾਦਾ-ਦਾਦੀ ਵਾਲੇ ਕਿਸੇ ਵੀ ਵਿਅਕਤੀ ਨੂੰ ਆਇਰਿਸ਼ ਨਾਗਰਿਕਤਾ ਦਾ ਅਧਿਕਾਰ ਹੈ ਅਤੇ ਯੂਕੇ ਦੋਹਰੀ ਨਾਗਰਿਕਤਾ ਦੀ ਆਗਿਆ ਦਿੰਦਾ ਹੈ।

ਆਇਰਲੈਂਡ ਦੇ ਵਿਦੇਸ਼ ਮਾਮਲਿਆਂ ਦੇ ਵਿਭਾਗ ਦੇ ਅਨੁਸਾਰ, 2017 ਅਤੇ 2020 ਦੇ ਵਿਚਕਾਰ ਗ੍ਰੇਟ ਬ੍ਰਿਟੇਨ ਵਿੱਚ ਰਹਿਣ ਵਾਲੇ ਲੋਕਾਂ ਨੂੰ 350,000 ਤੋਂ ਜ਼ਿਆਦਾ ਆਇਰਿਸ਼ ਪਾਸਪੋਰਟ ਜਾਰੀ ਕੀਤੇ ਗਏ। ਪਰਵਾਸ ਸਬੰਧੀ ਵਕੀਲ ਵੰਸ਼ ਆਧਾਰਿਤ ਨਾਗਰਿਕਤਾ ਵਿੱਚ ਇਸੇ ਤਰ੍ਹਾਂ ਦੀ ਰੁਚੀ ਦੇਖ ਰਹੇ ਹਨ।

ਇਤਾਲਵੀ ਨਾਗਰਿਕਤਾ ਸਹਾਇਤਾ ਦੇ ਸੰਸਥਾਪਕ ਅਤੇ ਸੀਈਓ, ਇਤਾਲਵੀ ਵਕੀਲ ਮਾਰਕੋ ਪਰਮੁਨਿਯਨ ਕਹਿੰਦੇ ਹਨ, "ਪਿਛਲੇ ਕੁਝ ਸਾਲਾਂ ਵਿੱਚ ਵਿਸ਼ੇਸ਼ ਰੂਪ ਨਾਲ ਇਸ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਹੈ।"

ਪਰਮੁਨਿਯਨ ਦਾ ਕਹਿਣਾ ਹੈ ਕਿ ਇਤਾਲਵੀ ਨਾਗਰਿਕਤਾ ਹਾਸਲ ਕਰਨ ਦੀ ਉਮੀਦ ਰੱਖਣ ਵਾਲੇ ਕਈ ਲੋਕ ਸ਼ੁਰੂ ਵਿੱਚ ਆਪਣੇ ਪਰਿਵਾਰ ਦੇ ਇਤਿਹਾਸ ਬਾਰੇ ਜ਼ਿਆਦਾ ਜਾਣਨ ਦੀ ਇੱਛਾ ਨਾਲ ਇਸ ਪ੍ਰਕਿਰਿਆ ਵਿੱਚ ਸ਼ਾਮਲ ਹੁੰਦੇ ਹਨ।

ਉਹ ਕਹਿੰਦੇ ਹਨ, "ਉਹ ਆਪਣੇ ਬਜ਼ੁਰਗਾਂ ਦੇ ਪਿਛੋਕੜ ਬਾਰੇ ਜਾਣਨ ਲਈ ਉਤਸੁਕ ਰਹਿੰਦੇ ਹਨ। ਉਹ ਕਿੱਥੋਂ ਆਏ ਸਨ ਅਤੇ ਉਹ ਸੱਭਿਆਚਰਕ ਅਤੇ ਭਾਸ਼ਾ ਜੋ ਉਨ੍ਹਾਂ ਦੇ ਪਰਿਵਾਰ ਦੀਆਂ ਜੜਾਂ ਦਾ ਨਿਰਮਾਣ ਕਰਦੀ ਹੈ।"

ਪਰ ਵਿਵਹਾਰਕ ਪਹਿਲੂ ਵੀ ਅਕਸਰ ਅਹਿਮ ਭੂਮਿਕਾ ਨਿਭਾਉਂਦੇ ਹਨ।

ਉਹ ਕਹਿੰਦੇ ਹਨ, "ਨਿਸ਼ਚਤ ਰੂਪ ਨਾਲ ਉਹ ਰਣਨੀਤਕ ਕਾਰਨਾਂ ਨਾਲ ਵੀ ਯੂਰਪੀ ਸੰਘ ਦੀ ਨਾਗਰਿਕਤਾ ਹਾਸਲ ਕਰਨਾ ਚਾਹੁੰਦੇ ਹਨ।"

"ਤੇਜ਼ੀ ਨਾਲ ਆਲਮੀ ਹੁੰਦੇ ਸਮਾਜ ਵਿੱਚ ਰਹਿਣ ਨਾਲ ਲੋਕਾਂ ਨੂੰ ਇਹ ਅਹਿਸਾਸ ਹੋਇਆ ਹੈ ਕਿ ਉਨ੍ਹਾਂ ਦੇ ਰਹਿਣ, ਕੰਮ ਕਰਨ ਅਤੇ ਯਾਤਰਾ ਕਰਨ ਦੇ ਬਦਲ ਹੁਣ ਓਨੇ ਸੀਮਤ ਨਹੀਂ ਹਨ ਜਿੰਨੇ ਪਹਿਲਾਂ ਹੋਇਆ ਕਰਦੇ ਸਨ।"

ਵਿਲਟਸ਼ਾਇਰ ਵਿੱਚ ਰਹਿਣ ਵਾਲੇ ਜੈਮੀ ਕਾਲਡਵੇਲ ਨੂੰ ਆਇਰਿਸ਼ ਨਾਗਰਿਕਤਾ ਲਈ ਆਪਣੀ ਯੋਗਤਾ ਦਾ ਅਹਿਸਾਸ ਉਦੋਂ ਹੋਇਆ ਜਦੋਂ ਉਨ੍ਹਾਂ ਦੇ ਇੱਕ ਦੋਸਤ ਨੇ ਦੱਸਿਆ ਕਿ ਉਹ ਅਰਜ਼ੀ ਦੇ ਰਹੇ ਹਨ। ਉਨ੍ਹਾਂ ਨੇ 2019 ਵਿੱਚ ਆਪਣੀ ਅਰਜ਼ੀ ਜਮਾ ਕੀਤੀ, ਜਦੋਂ ਬ੍ਰਿਟੇਨ ਯੂਰਪੀ ਸੰਘ ਤੋਂ ਬਾਹਰ ਨਿਕਲਣ ਦੀ ਤਿਆਰੀ ਕਰ ਰਿਹਾ ਸੀ।

ਉਹ ਕਹਿੰਦੇ ਹਨ, "ਮੈਨੂੰ ਇਹ ਖਿਆਲ ਵੀ ਨਹੀਂ ਆਇਆ ਸੀ ਕਿ ਮੈਂ ਪਾਤਰ ਹੋ ਸਕਦਾ ਹਾਂ। ਮੈਂ ਮੁੱਖ ਰੂਪ ਨਾਲ ਆਪਣੇ ਬੱਚਿਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਅਰਜ਼ੀ ਦਿੱਤੀ ਸੀ।" ਜਦੋਂ ਆਖਿਰਕਾਰ ਪਾਸਪੋਰਟ ਆ ਗਏ ਤਾਂ ਕਾਲਡਵੇਲ ਨੇ ਉਸ ਪਲ ਨੂੰ ਇੱਕ ਛੋਟੇ ਜਿਹੇ ਪਰਿਵਾਰਕ ਜਸ਼ਨ ਵਿੱਚ ਬਦਲ ਦਿੱਤਾ।

ਉਹ ਕਹਿੰਦੇ ਹਨ, "ਮੈਂ ਗਿਨੀਜ਼ ਬੀਅਰ ਲਿਆਇਆ, ਕੁਝ ਸੇਲਟਿਕ ਸੰਗੀਤ ਵਜਾਇਆ ਅਤੇ ਪਾਸਪੋਰਟ ਪੇਸ਼ ਕੀਤੇ। ਉਹ ਅਸਲ ਵਿੱਚ ਸਿਰਫ਼ ਗਿਨੀਜ਼ ਵਿੱਚ ਹੀ ਰੁਚੀ ਰੱਖਦੇ ਸਨ।"

ਉਦੋਂ ਤੋਂ ਉਨ੍ਹਾਂ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਤਿੰਨੋਂ ਬੱਚਿਆਂ ਨੂੰ ਮੌਕਿਆਂ ਦੀ ਅਹਿਮੀਅਤ ਦਾ ਕਿਧਰੇ ਜ਼ਿਆਦਾ ਅਹਿਸਾਸ ਹੋ ਗਿਆ ਹੈ। ਦੋ ਬੱਚੇ ਪਹਿਲਾਂ ਹੀ ਨੀਦਰਲੈਂਡਜ਼ ਵਿੱਚ ਕੰਮ ਕਰ ਚੁੱਕੇ ਹਨ ਅਤੇ ਇੱਕ ਦੂਜਾ ਬੱਚਾ ਯੂਨੀਵਰਸਿਟੀ ਵਿੱਚ ਭਾਸ਼ਾ ਦੀ ਡਿਗਰੀ ਹਾਸਲ ਕਰਨ ਲਈ ਵਿਦੇਸ਼ ਵਿੱਚ ਪੜ੍ਹਾਈ ਕਰਨ ਦੀ ਯੋਜਨਾ ਬਣਾ ਰਿਹਾ ਹੈ।

ਕਾਲਡਵੇਲ ਕਹਿੰਦੇ ਹਨ, "ਮੈਂ ਚਾਹੁੰਦੀ ਹਾਂ ਕਿ ਮੇਰੇ ਬੱਚੇ ਦੂਜੇ ਦੇਸ਼ਾਂ ਵਿੱਚ ਰਹਿਣ ਅਤੇ ਕੰਮ ਕਰਨ ਦਾ ਅਨੁਭਵ ਕਰਨ। ਯੂਰਪੀ ਪਾਸਪੋਰਟ ਹੋਣ ਨਾਲ ਇਹ ਬਹੁਤ ਆਸਾਨ ਹੋ ਜਾਂਦਾ ਹੈ।"

### ਕੈਨੇਡੀਆਈ ਨਾਗਰਿਕਤਾ ਲਈ ਨਵੀਂ ਹੋੜ

15 ਦਸੰਬਰ 2025 ਨੂੰ ਪਾਸ ਕੀਤੇ ਕੈਨੇਡਾ ਦੇ ਵੰਸ਼ ਆਧਾਰਿਤ ਨਾਗਰਿਕਤਾ ਨਿਯਮਾਂ ਲਈ ਕੀਤੇ ਗਏ ਪਰਿਵਰਤਨਾਂ ਨੇ ਵੰਸ਼ ਦੇ ਆਧਾਰ 'ਤੇ ਨਾਗਰਿਕਤਾ ਹਾਸਲ ਕਰਨ ਦੀ ਪ੍ਰਵਿਰਤੀ ਨੂੰ ਨਵੀਂ ਗਤੀ ਪ੍ਰਦਾਨ ਕੀਤੀ ਹੈ।

ਇਹ ਪਰਿਵਰਤਨ ਉਨ੍ਹਾਂ ਪਹਿਲੇ ਨਿਯਮਾਂ ਦੀਆਂ ਕਮੀਆਂ ਨੂੰ ਦੂਰ ਕਰਦੇ ਹਨ ਜਿਨ੍ਹਾਂ ਕਾਰਨ ਵਿਦੇਸ਼ ਵਿੱਚ ਪੈਦਾ ਹੋਏ ਕੁਝ ਕੈਨੇਡੀਆਈ ਨਾਗਰਿਕ ਆਪਣੇ ਬੱਚਿਆਂ ਨੂੰ ਨਾਗਰਿਕਤਾ ਪ੍ਰਦਾਨ ਕਰਨ ਵਿੱਚ ਅਸਮਰੱਥ ਸਨ।

ਇਹ ਬਦਲਾਅ ਦੇਸ਼ ਦੇ ਬਾਹਰ ਰਹਿਣ ਵਾਲੇ ਹਜ਼ਾਰਾਂ ਵੰਸ਼ਜ਼ਾਂ ਲਈ ਯੋਗਤਾ ਦਾ ਘੇਰਾ ਵਧਾ ਸਕੇ।

ਕੈਲਗਰੀ ਸਥਿਤ ਅੱਕਾ ਬਿਜ਼ਨਸ ਇਮੀਗ੍ਰੇਸ਼ਨ ਲਾਅ ਦੀ ਸੰਸਥਾਪਕ ਐਵਲਿਨ ਅੱਕਾ ਕਹਿੰਦੀ ਹੈ, "ਅਸੀਂ

(ਬਾਕੀ ਸਫਾ 15 'ਤੇ)

# ਬਲੱਡ ਪ੍ਰੈਸ਼ਰ ਨਾਲ ਪੀੜਤ ਲੋਕਾਂ ਲਈ ਆਈਸੋਮੀਟ੍ਰਿਕ ਕਸਰਤਾਂ ਕਿਵੇਂ ਫਾਇਦੇਮੰਦ

(ਸਫਾ 7 ਦੀ ਬਾਕੀ)

ਲਾਭ ਸਿਰਫ਼ ਬਲੱਡ ਪ੍ਰੈਸ਼ਰ ਤੱਕ ਹੀ ਸੀਮਿਤ ਨਹੀਂ ਹਨ। ਖ਼ੂਨ ਦੀਆਂ ਨਲੀਆਂ ਨੂੰ ਉਤੇਜਿਤ ਕਰਕੇ, ਆਈਸੋਮੀਟ੍ਰਿਕ ਕਸਰਤਾਂ ਧਮਨੀਆਂ ਦੀ ਕਠੋਰਤਾ ਨੂੰ ਘਟਾਉਂਦੀ ਹੈ ਅਤੇ ਹਾਲੀਆ ਅਧਿਐਨ ਮੁਤਾਬਕ ਇਸ ਨਾਲ ਦਿਲ ਦੀ ਕਾਰਗੁਜ਼ਾਰੀ 'ਚ ਵੀ ਕਾਫੀ ਹੱਦ ਤੱਕ ਸੁਧਾਰ ਹੁੰਦਾ ਹੈ।

ਆਈਸੋਮੀਟ੍ਰਿਕ ਕਸਰਤਾਂ ਮਾਸਪੇਸ਼ੀਆਂ ਦੀ ਤਾਕਤ ਵੀ ਵਧਾਉਂਦੀਆਂ ਹਨ। ਕਿਉਂਕਿ ਇਹ ਸਾਨੂੰ ਵੱਧ ਤਾਕਤ ਪੈਦਾ ਕਰਨ ਵਿੱਚ ਮਦਦ ਕਰਦੀਆਂ ਹਨ। ਇਹ ਦਿਮਾਗ ਅਤੇ ਰੀੜ੍ਹ ਦੀ ਹੱਡੀ ਦੇ ਨਿਊਰੋਨਸ ਨੂੰ ਐਕਟਿਵ ਕਰਦੀ ਹੈ, ਜੋ "ਮੋਟਰ ਯੂਨਿਟਸ" (ਮਾਸਪੇਸ਼ੀ ਨਾਲ ਜੁੜੀਆਂ ਨਰਵਸ ਦੇ ਸਮੂਹ) ਨੂੰ ਚਾਲੂ ਕਰਦੇ ਹਨ ਅਤੇ ਮਾਸਪੇਸ਼ੀ ਨੂੰ ਸਿਮਟਣ ਲਈ ਪ੍ਰੇਰਿਤ ਕਰਦੇ ਹਨ।

ਯੂਕੇ ਦੀ ਐਂਗਲੀਆ ਰਸਕਿਨ ਯੂਨੀਵਰਸਿਟੀ ਦੀ ਐਕਸਰਸਾਈਜ਼ ਫਿਜ਼ਿਓਲੋਜੀ ਪ੍ਰੋਫੈਸਰ ਡੈਨ ਗੋਰਡਨ ਸਮਝਾਉਂਦੇ ਹਨ, "ਜਦੋਂ ਤੁਸੀਂ ਮਾਸਪੇਸ਼ੀ ਨੂੰ ਸਥਿਰ ਰੱਖਦੇ ਹੋ ਤਾਂ ਇਹ ਸਿਰਫ਼ 'ਮੋਟਰ ਯੂਨਿਟਸ' ਨੂੰ ਐਕਟਿਵ ਕਰਦੀ ਹੈ।" ਉਹ ਕਹਿੰਦੇ ਹਨ ਕਿ ਇਸ ਨਾਲ ਐਥਲੈਟਿਕਸ ਪਰਫਾਰਮੈਂਸ 'ਚ ਕਾਫੀ ਸੁਧਾਰ ਹੁੰਦਾ ਹੈ। ਗੋਰਡਨ, ਜੋ ਇੱਕ ਵਿਸ਼ਵ ਪੱਧਰੀ ਰਿਕਾਰਡ ਧਾਰਕ ਟਰੈਕ-ਸਾਈਕਲਿਸਟ ਹਨ, ਨੂੰ ਇਸਦਾ ਨਿੱਜੀ ਤਜ਼ਰਬਾ ਹੈ। ਗ੍ਰੇਟ ਬ੍ਰਿਟੇਨ ਲਈ ਮੈਨਚੈਸਟਰ ਦੇ ਵੇਲੋਡ੍ਰੋਮ ਵਿੱਚ ਟ੍ਰੇਨਿੰਗ ਕਰਦਿਆਂ, ਉਹ ਸਾਈਕਲਿੰਗ ਤੋਂ ਪਹਿਲਾਂ ਕਰੀਬ 150 ਕਿਲੋਗ੍ਰਾਮ ਭਾਰੀ ਵਜ਼ਨ ਸਕੁਐਟ ਪੋਜ਼ੀਸ਼ਨ 'ਚ ਚੁੱਕਦੇ ਸਨ। ਉਹ ਦੱਸਦੇ ਹਨ, "ਫਿਰ ਕੋਈ ਵਜ਼ਨ ਹਟਾਉਂਦਾ ਸੀ ਅਤੇ ਮੈਂ ਸਾਈਕਲ 'ਤੇ ਚੜ੍ਹ ਜਾਂਦਾ ਸੀ। ਕਿਉਂਕਿ ਮੇਰੇ ਸਾਰੇ ਮੋਟਰ ਯੂਨਿਟਸ ਐਕਟਿਵ ਹੋ ਗਏ ਹੁੰਦੇ ਸਨ, ਇਸ ਲਈ ਮੈਂ ਹੋਰ ਤੇਜ਼ੀ ਨਾਲ ਸਾਈਕਲ ਚਲਾ ਪਾਉਂਦਾ ਸੀ।" ਗੋਰਡਨ ਕਹਿੰਦੇ ਹਨ ਕਿ ਇਹ ਸਿਰਫ਼ ਖਿਡਾਰੀਆਂ ਲਈ ਹੀ ਫਾਇਦੇਮੰਦ ਨਹੀਂ। ਉਦਾਹਰਨ ਦੇ ਤੌਰ 'ਤੇ ਬਜ਼ੁਰਗ ਲੋਕ ਜਿਨ੍ਹਾਂ ਨੂੰ ਕੁਰਸੀ ਤੋਂ ਉੱਠਣ 'ਚ ਤਕਲੀਫ ਹੁੰਦੀ ਹੈ ਉਹ ਪਹਿਲਾਂ ਕੁਝ ਸਮੇਂ ਲਈ ਕੁਰਸੀ ਦੇ ਹੱਥਾਂ 'ਤੇ ਦਬਾਅ ਪਾ ਸਕਦੇ ਹਨ ਅਤੇ ਫਿਰ ਖੜ੍ਹੇ ਹੋ ਸਕਦੇ ਹਨ। ਇਸ ਤਰ੍ਹਾਂ ਉਹ ਮੋਟਰ ਯੂਨਿਟਸ ਨੂੰ ਐਕਟਿਵ ਕਰਕੇ ਆਪਣੀ ਹਰਕਤ ਨੂੰ ਆਸਾਨ ਬਣਾ ਸਕਦੇ ਹਨ। ਜੇ ਤੁਸੀਂ ਹਾਲੇ ਤੱਕ ਜ਼ਿਆਦਾ ਸਰੀਰਕ ਕਿਰਿਆਵਾਂ ਨਹੀਂ ਕਰਦੇ ਤਾਂ ਕਸਰਤ ਸ਼ੁਰੂ ਕਰਨ ਲਈ ਆਈਸੋਮੀਟ੍ਰਿਕ ਟ੍ਰੇਨਿੰਗ ਬਿਹਤਰੀਨ ਤਰੀਕਾ ਹੋ ਸਕਦੀ ਹੈ। ਪਰ ਜੇਕਰ ਤੁਸੀਂ ਪਹਿਲਾਂ ਤੋਂ ਹੀ ਕਾਫ਼ੀ ਐਕਟਿਵ ਹੋ ਤਾਂ ਜਿਮ ਵਾਈਲਜ਼ ਸੁਝਾਉਂਦੇ ਹਨ ਕਿ ਤੁਹਾਨੂੰ ਆਪਣੀ ਮੌਜੂਦਾ ਰੁਟੀਨ ਨੂੰ ਪੂਰੀ ਤਰ੍ਹਾਂ ਨਹੀਂ ਬਦਲਣਾ ਚਾਹੀਦਾ ਕਿਉਂਕਿ ਬਾਕੀ ਕਸਰਤਾਂ ਦੇ ਆਪਣੇ ਵੱਖਰੇ ਲਾਭ ਹੁੰਦੇ ਹਨ। ਉਦਾਹਰਣ ਵਜੋਂ, ਕਾਰਡੀਓ ਕਸਰਤ ਵਜ਼ਨ ਘਟਾਉਣ ਅਤੇ ਸਰੀਰ ਦੀ ਵੱਧ ਤੋਂ ਵੱਧ ਆਕਸੀਜਨ ਲੈਣ ਦੀ ਸਮਰੱਥਾ ਵਧਾਉਣ ਲਈ ਕਾਫ਼ੀ ਪ੍ਰਭਾਵਸ਼ਾਲੀ ਹੈ, ਜੋ ਸਰੀਰਕ ਸਮਰੱਥਾ ਅਤੇ ਦਿਲ ਦੀ ਸਿਹਤ ਨੂੰ ਸੁਧਾਰਦਾ ਹੈ। ਪਰ ਜੇਕਰ ਤੁਹਾਡਾ ਮੁੱਖ ਧਿਆਨ ਬਲੱਡ ਪ੍ਰੈਸ਼ਰ ਘਟਾਉਣ 'ਤੇ ਹੈ ਤਾਂ ਤੁਸੀਂ ਆਪਣੀ ਰੂਟੀਨ ਵਿੱਚ ਆਈਸੋਮੀਟ੍ਰਿਕ ਕਸਰਤਾਂ ਜਿਵੇਂ ਕਿ ਸਟੈਟਿਕ ਸਕੁਐਟ ਸ਼ਾਮਿਲ ਕਰ ਸਕਦੇ ਹੋ। ਮੇਟਾ-ਐਨਾਲਿਸਿਸ 'ਚ ਸਿਰਫ਼ ਤਿੰਨ ਤਰ੍ਹਾਂ ਦੀਆਂ ਖਾਸ ਕਸਰਤਾਂ 'ਤੇ ਹੀ ਫੋਕਸ ਕੀਤਾ ਗਿਆ ਸੀ, ਇਸ ਲਈ ਅਸੀਂ ਇਹ ਨਹੀਂ ਕਹਿ ਸਕਦੇ ਕਿ ਹੋਰ ਕਸਰਤਾਂ, ਜਿਵੇਂ ਕਿ ਪਲੈਂਕ, ਵੀ ਠੀਕ ਉਹੀ ਪ੍ਰਭਾਵ ਦੇਣਗੀਆਂ ਹਾਲਾਂਕਿ ਜਿਮ ਵਾਈਲਸ ਦਾ ਮੰਨਣਾ ਹੈ ਕਿ ਇਹ "ਸ਼ਾਇਦ" ਕੰਮ ਕਰ ਸਕਦੀਆਂ ਹਨ। 2025 ਵਿੱਚ 12 ਨੌਜਵਾਨਾਂ 'ਤੇ ਕੀਤੇ ਇੱਕ ਸੀਮਿਤ ਟ੍ਰਾਇਲ 'ਚ ਇਹ ਪਾਇਆ ਗਿਆ ਕਿ ਦੋ ਮਿੰਟ ਲਈ ਚਾਰ ਵਾਰ ਕੀਤੇ ਪਲੈਂਕ ਦੇ ਇੱਕ ਸੈਸ਼ਨ ਦੇ 24 ਘੰਟਿਆਂ ਬਾਅਦ ਉਨ੍ਹਾਂ ਦਾ ਬਲੱਡ ਪ੍ਰੈਸ਼ਰ ਘਟਿਆ ਸੀ। ਹਾਲਾਂਕਿ ਅਧਿਐਨ ਦੇ ਲੇਖਕ ਖੁਦ ਕਹਿੰਦੇ ਹਨ ਕਿ ਇਸ ਦੀ ਪੁਸ਼ਟੀ ਲਈ ਵੱਡੇ ਪੱਧਰ 'ਤੇ ਹੋਰ ਅਧਿਐਨ ਕਰਨ ਦੀ ਲੋੜ ਹੈ।

ਹਾਲਾਂਕਿ ਇਹ ਲੁਭਾਉਣਾ ਲੱਗ ਸਕਦਾ ਹੈ ਕਿ ਤੁਸੀਂ 2 ਮਿੰਟ ਤੋਂ ਘੱਟ ਸਮੇਂ ਨਾਲ ਕਸਰਤ ਦੀ ਸ਼ੁਰੂਆਤ ਕਰੋ ਅਤੇ ਹੌਲੀ-ਹੌਲੀ ਸਮਾਂ ਵਧਾਓ ਪਰ ਬਲੱਡ ਪ੍ਰੈਸ਼ਰ ਨਾਲ ਸੰਬੰਧਿਤ ਜ਼ਿਆਦਾਤਰ ਸਬੂਤ 2 ਮਿੰਟ ਦੀ ਪੂਰੀ ਮਿਆਦ 'ਤੇ ਹੀ ਆਧਾਰਿਤ ਹਨ। ਇਸ ਲਈ ਵਾਈਲਸ ਦੀ ਸਲਾਹ ਹੈ ਕਿ ਸਮਾਂ ਘਟਾਉਣ ਦੀ ਬਜਾਏ ਤੀਬਰਤਾ ਨੂੰ ਘੱਟ ਰੱਖਦੇ ਹੋਏ ਸ਼ੁਰੂਆਤ ਕਰਨੀ ਚਾਹੀਦੀ ਹੈ। ਉਦਾਹਰਨ ਵੱਜੋਂ ਜ਼ਿਆਦਾਤਰ ਲੋਕ 90 ਡਿਗਰੀ ਦੇ ਐਂਗਲ 'ਤੇ ਵਾਲ ਸਕੁਐਟ ਨਹੀਂ ਕਰ ਪਾਉਂਦੇ। ਇਸ ਲਈ ਉਹ ਸੁਝਾਅ ਦਿੰਦੇ ਹਨ ਕਿ ਸ਼ੁਰੂਆਤ 'ਚ 110 ਜਾਂ 130 ਡਿਗਰੀ ਦੇ ਐਂਗਲ 'ਤੇ ਸਕੁਐਟ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਇਹ ਜ਼ਰੂਰ ਸੰਭਵ ਹੋ ਸਕਦਾ ਹੈ ਕਿ ਹਰੇਕ ਕਸਰਤ ਦਾ ਸਮਾਂ ਘਟਾਉਣ ਨਾਲ ਵੀ ਮੁਨਾਸਿਬ ਅਸਰ ਹੁੰਦਾ ਹੋਵੇ ਪਰ ਸਾਡੇ ਕੋਲ ਅਜਿਹੇ ਇਸਦੀ ਪੁਸ਼ਟੀ ਲਈ ਕੋਈ ਸਬੂਤ ਨਹੀਂ ਹਨ।

ਗੋਰਡਨ ਕਹਿੰਦੇ ਹਨ, "ਸਾਨੂੰ ਨਹੀਂ ਪਤਾ ਕਿ ਦੋ ਮਿੰਟ ਵਾਲੀ ਇਹ ਥਿਓਰੀ ਕਿੱਥੋਂ ਆਈ ਹੈ।" ਉਹ ਕਹਿੰਦੇ ਹਨ, "ਹੋ ਸਕਦਾ ਹੈ ਕਿ 40 ਫੀਸਦ ਭਾਰ ਨਾਲ ਦੋ ਮਿੰਟ ਲਈ ਕੀਤੀ ਕਸਰਤ ਦਾ ਅਸਰ 100 ਫੀਸਦ ਭਾਰ ਨਾਲ 10 ਸੈਕਿੰਡ ਲਈ ਕੀਤੀ ਕਸਰਤ ਦੇ ਬਰਾਬਰ ਹੋਵੇ।" ਕਈ ਹੋਰ ਸਵਾਲ ਵੀ ਹਨ, ਉਦਾਹਰਨ ਵੱਜੋਂ ਅਜਿਹੇ ਲੋਕ ਜੋ ਹਾਈਪਰਟੈਂਸ਼ਨ ਦੀਆਂ ਦਵਾਈਆਂ ਲੈ ਰਹੇ ਹਨ, ਉਨ੍ਹਾਂ ਲਈ ਅਜਿਹੀਆਂ ਕਸਰਤਾਂ ਕਿੰਨੀਆਂ ਲਾਭਦਾਇਕ ਹਨ ਅਤੇ ਕਿੰਨੇ ਮਹੀਨੇ ਜਾਂ ਸਾਲਾਂ ਤੱਕ ਲਾਭ ਦੇ ਸਕਦੀਆਂ ਹਨ।

ਸ਼ਾਇਦ ਇਨ੍ਹਾਂ ਸਵਾਲਾਂ ਦੇ ਜਵਾਬ ਜਲਦ ਮਿਲ ਜਾਣ। ਵਾਈਲਸ, ਰੀਸ ਰੋਬਰਟਸ ਅਤੇ ਉਨ੍ਹਾਂ ਦੇ ਕਈ ਹੋਰ ਸਾਥੀ ਇਸ ਸਮੇਂ ਇੱਕ ਵੱਡੇ ਵੱਖ-ਵੱਖ ਵਰਗਾਂ ਦੇ ਸਮੂਹ 'ਤੇ ਕੰਟ੍ਰੋਲਡ ਟ੍ਰਾਇਲ ਕਰ ਰਹੇ ਹਨ। ਹੁਣ ਤੱਕ ਉਹ 700 ਤੋਂ ਵੱਧ ਲੋਕਾਂ ਨੂੰ ਇਸ 'ਚ ਸ਼ਾਮਿਲ ਕਰ ਚੁੱਕੇ ਹਨ ਅਤੇ ਇਹ ਸਾਰੇ ਉੱਚ ਬਲੱਡ ਪ੍ਰੈਸ਼ਰ ਤੋਂ ਪੀੜਤ ਹਨ। ਇਸ ਟ੍ਰਾਇਲ ਦਾ ਹਿੱਸਾ ਬਣਨ ਵਾਲੇ ਲੋਕ, ਜਿਨ੍ਹਾਂ ਚੋਂ ਕਈ ਦਵਾਈਆਂ ਵੀ ਲੈ ਰਹੇ ਹਨ, ਆਪਣੇ ਘਰ 'ਚ ਵਾਲ ਸਕੁਐਟ ਕਰਨਗੇ ਅਤੇ ਇਨ੍ਹਾਂ ਸਾਰਿਆਂ ਦੀ ਤਕਰੀਬਨ ਛੇ ਮਹੀਨਿਆਂ ਤੱਕ ਨਜ਼ਰਸਾਨੀ ਕੀਤੀ ਜਾਵੇਗੀ ਤਾਂ ਜੋ ਆਈਸੋਮੀਟ੍ਰਿਕ ਕਸਰਤਾਂ ਦੇ ਲੰਬੇ ਸਮੇਂ ਤੱਕ ਮਿਲਣ ਵਾਲੇ ਨਤੀਜਿਆਂ ਦਾ ਪਤਾ ਲਾਇਆ ਜਾ ਸਕੇ। ਇਹ ਨਤੀਜੇ ਸਾਨੂੰ ਇਨ੍ਹਾਂ ਕਸਰਤਾਂ ਦੇ ਫਾਇਦਿਆਂ ਬਾਰੇ ਹੋਰ ਸਪੱਸ਼ਟ ਜਾਣਕਾਰੀ ਦੇਣਗੇ ਅਤੇ ਵੱਖ-ਵੱਖ ਫਿਟਨੈੱਸ ਲੈਵਲਸ ਲਈ ਕਸਰਤਾਂ ਨੂੰ ਹੋਰ ਬਿਹਤਰ ਬਣਾਉਣ 'ਚ ਮਦਦ ਕਰਨਗੇ। ਹਾਲਾਂਕਿ ਹੁਣ ਤੱਕ ਦੇ ਸਬੂਤਾਂ ਦੇ ਆਧਾਰ 'ਤੇ ਇੱਕ ਬੇਸਿਕ ਰੂਟੀਨ ਸ਼ੁਰੂ ਕਰਨ ਲਈ ਇਹ ਸਬੂਤ ਕਾਫੀ ਹਨ। ਭਾਵੇਂ ਤੁਸੀਂ ਕਾਊਚ ਪੋਟੈਟੋ (ਸੋਫੇ 'ਤੇ ਬੈਠੇ ਰਹਿਣ ਵਾਲੇ) ਹੋਵੋ ਜਾਂ ਜਿਮ ਬੰਨੀ (ਕਸਰਤ ਕਰਨ ਵਾਲੇ), ਆਪਣੀ ਰੂਟੀਨ 'ਚ ਹੈਂਡਗ੍ਰਿਪ, ਵਾਲ ਸਕੁਐਟ ਅਤੇ ਲੈੱਗ ਐਕਸਟੇਂਸ਼ਨ ਵਰਗੀਆਂ ਕਸਰਤਾਂ ਸ਼ਾਮਿਲ ਕਰਨ ਨਾਲ ਤੁਸੀਂ ਇੱਕ ਸਿਹਤਮੰਦ ਭਵਿੱਖ ਵੱਲ ਹੀ ਕਦਮ ਪੁੱਟੋਗੇ।

ਖਾਲਸਾ ਜੀ ਦੇ ਪ੍ਰਗਟ ਦਿਹਾੜੇ ਅਤੇ ਰੁੱਤ ਦੇ
ਤਿਓਹਾਰ ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ

Charanjit S Uppal
D.D.S.
UPPAL DENTAL CARE



1191 W Tennyson Rd. # 4,
Hayward. (CA) 94544
510-786-1780

1750 CLEAR LAKE AVE
Milpitas, CA 95035
408-942-4400

ਖਾਲਸਾ ਜੀ ਦੇ ਪ੍ਰਗਟ ਦਿਹਾੜੇ ਅਤੇ ਰੁੱਤ ਦੇ
ਤਿਓਹਾਰ ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ



ਕਮਲਜੀਤ
ਸਿੰਘ
ਅਟਵਾਲ
510 750 4303

ਖਾਲਸਾ ਜੀ ਦੇ ਪ੍ਰਗਟ ਦਿਹਾੜੇ ਅਤੇ ਰੁੱਤ ਦੇ
ਤਿਓਹਾਰ ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ



ਕਵੀ ਰਾਜ਼
ਹਾਲੀਵੁੱਡ ਅਤੇ ਪੰਜਾਬੀ ਐਕਟਰ ਅਤੇ ਡਾਇਰੈਕਟਰ

ਖਾਲਸਾ ਜੀ ਦੇ ਪ੍ਰਗਟ ਦਿਹਾੜੇ ਅਤੇ ਰੁੱਤ ਦੇ
ਤਿਓਹਾਰ ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ



ਜਸਵੰਤ ਸਿੰਘ ਹੋਠੀ
SANJOSE

# ਸਾਊਦੀ ਅਰਬ, ਕਤਰ ਅਤੇ ਕੁਵੈਤ ਵਰਗੇ ਦੇਸ਼ਾਂ ਕੋਲ ਕਿੰਨੀ ਫੌਜੀ ਤਾਕਤ

ਅਮਰੀਕਾ ਅਤੇ ਇਜ਼ਰਾਇਲ ਦੇ ਹਮਲਿਆਂ ਤੋਂ ਬਾਅਦ ਤੋਂ ਹੀ ਈਰਾਨ ਨੇ ਉਨ੍ਹਾਂ ਖਾੜੀ ਮੁਲਕਾਂ ਨੂੰ ਨਿਸ਼ਾਨਾ ਬਣਾਉਣਾ ਸ਼ੁਰੂ ਕਰ ਦਿੱਤਾ ਸੀ, ਜਿੱਥੇ ਅਮਰੀਕੀ ਫੌਜੀ ਟਿਕਾਣੇ ਹਨ। ਈਰਾਨ ਨੇ ਜਿਨ੍ਹਾਂ ਮੁਲਕਾਂ 'ਚ ਅਮਰੀਕੀ ਟਿਕਾਣਿਆਂ 'ਤੇ ਹਮਲੇ ਕੀਤੇ ਹਨ, ਉਨ੍ਹਾਂ ਕੋਲ ਵੀ ਮਜਬੂਤ ਫੌਜੀ ਤਾਕਤ ਹੈ। ਹਾਲਾਂਕਿ ਇਨ੍ਹਾਂ ਮੁਲਕਾਂ ਨੇ ਅਜੇ ਤੱਕ ਈਰਾਨ 'ਤੇ ਹਮਲਾ ਨਹੀਂ ਕੀਤਾ ਹੈ। ਖਾੜੀ ਦੇ ਜਿਨ੍ਹਾਂ ਮੁਲਕਾਂ 'ਤੇ ਈਰਾਨ ਮਿਜ਼ਾਇਲਾਂ ਦਾਗ ਰਿਹਾ ਹੈ, ਉਨ੍ਹਾਂ 'ਚੋਂ ਸਭ ਤੋਂ ਵੱਡੀ ਫੌਜ ਸਾਊਦੀ ਅਰਬ ਕੋਲ ਹੈ। 2024 'ਚ ਸਾਊਦੀ ਅਰਬ ਦਾ ਸਾਲਾਨਾ ਰੱਖਿਆ ਬਜਟ 80.30 ਅਰਬ ਡਾਲਰ ਸੀ। ਆਪਣੀ ਮਜਬੂਤ ਫੌਜੀ ਸਮਰੱਥਾ ਅਤੇ ਵੱਡੇ ਰੱਖਿਆ ਬਜਟ ਦੇ ਦਮ 'ਤੇ ਸਾਊਦੀ ਅਰਬ ਮੱਧ ਪੂਰਬ 'ਚ ਇੱਕ ਤਾਕਤ ਵੱਜੋਂ ਉਭਰਿਆ ਹੈ। ਸਾਊਦੀ ਅਰਬ ਫੌਜ ਦੀ ਸਭ ਤੋਂ ਵੱਡੀ ਤਾਕਤ ਉਸਦੀ ਏਅਰਫੋਰਸ ਮੰਨੀ ਜਾਂਦੀ ਹੈ।

**ਸਾਊਦੀ ਅਰਬ**

ਰੋਇਲ ਸਾਊਦੀ ਏਅਰਫੋਰਸ ਕੋਲ 300 ਤੋਂ ਵੱਧ ਐਫ-15 ਸਟ੍ਰਾਈਕ ਈਗਲ ਅਤੇ ਯੂਰੋਫਾਈਟਰ ਟਾਈਫੂਨ ਵਰਗੇ ਆਧੁਨਿਕ ਲੜਾਕੂ ਜਹਾਜ਼ ਹਨ ਜੋ ਇਸਨੂੰ ਆਪਣੇ ਆਸ-ਪਾਸ ਦੇ ਮੁਲਕਾਂ ਦੇ ਮੁਕਾਬਲੇ ਮਜ਼ਬੂਤ ਸਥਿਤੀ 'ਚ ਰੱਖਦੇ ਹਨ। ਇਸ ਤੋਂ ਇਲਾਵਾ ਸਾਊਦ ਅਰਬ ਦੇ ਕੋਲ ਐਡਵਾਂਸ ਏਅਰ ਡਿਫੈਂਸ ਸਿਸਟਮ 'ਪੀਸ ਸ਼ੀਲਡ' ਹੈ। ਸਾਊਦੀ ਅਰਬ ਕੋਲ ਮਿਜ਼ਾਇਲਾਂ ਅਤੇ ਐਡਵਾਂਸ ਡ੍ਰੋਨ ਵੀ ਹਨ। ਸਾਊਦੀ ਅਰਬ ਦੀ ਥਲ ਸੈਨਾ ਵੀ ਮਜਬੂਤ ਮੰਨੀ ਜਾਂਦੀ ਹੈ। ਇਸ ਕੋਲ ਅਮਰੀਕੀ ਅਬਰਾਮ ਟੈਂਕ ਅਤੇ ਅਤਿ-ਆਧੁਨਿਕ ਬਖ਼ਤਰਬੰਦ ਗੱਡੀਆਂ ਹਨ। ਸਾਊਦੀ ਅਰਬ ਆਪਣੀ ਨੇਵੀ ਨੂੰ ਵੀ ਮਜਬੂਤ ਕਰ ਰਿਹ ਹੈ ਤਾਂ ਜੋ ਉਹ ਆਪਣੇ ਸਮੁੰਦਰੀ ਮਾਰਗਾਂ ਅਤੇ ਊਰਜਾ ਟਿਕਾਣਿਆਂ ਦੀ ਸੁਰੱਖਿਆ ਕਰ ਸਕੇ। ਹਾਲਾਂਕਿ ਇੰਨੇ ਵੱਡੇ ਰੱਖਿਆ ਬਜਟ ਦੇ ਬਾਵਜੂਦ ਸਾਊਦੀ ਅਰਬ ਦੀ ਫੌਜ ਕਾਫੀ ਹੱਦ ਤੱਕ ਵਿਦੇਸ਼ੀ ਹਥਿਆਰਾਂ ਅਤੇ ਤਕਨੀਕ 'ਤੇ ਨਿਰਭਰ ਹੈ। ਉਹ ਆਪਣੇ ਜ਼ਿਆਦਾਤਰ ਹਥਿਆਰ ਅਤੇ ਫੌਜੀ ਸਾਜੋ-ਸਮਾਨ ਅਮਰੀਕਾ, ਬ੍ਰਿਟੇਨ ਅਤੇ ਫਰਾਂਸ ਤੋਂ ਲੈਂਦਾ ਹੈ। ਸਾਲਾਨਾ ਫਾਇਰ ਪਾਵਰ ਰਿਵਿਊ ਮੁਤਾਬਕ 2026 'ਚ 145 ਦੇਸ਼ਾਂ 'ਚ ਸਾਊਦੀ ਅਰਬ ਦੀ ਰੈਂਕਿੰਗ 25 ਹੈ। ਇਸ ਦਾ ਫਾਇਰ ਪਾਵਰ ਇੰਡੈਕਸ ਸਕੋਰ 0.4473 ਹੈ। ਗਲੋਬਲ ਫਾਇਰਪਾਵਰ ਇੰਡੈਕਸ ਇੱਕ ਸਾਲਾਨਾ ਡਾਟਾ-ਅਧਾਰਿਤ ਰੈਂਕਿੰਗ ਹੈ ਜੋ ਦੇਸ਼ਾਂ ਦੀ ਰਵਾਇਤੀ ਫੌਜੀ ਤਾਕਤ ਦਾ ਮੁਲਾਂਕਣ ਕਰਦੀ ਹੈ।

ਇਸ 'ਚ ਫੌਜੀਆਂ ਦੀ ਗਿਣਤੀ, ਆਰਮੀ, ਏਅਰਫੋਰਸ ਅਤੇ ਨੇਵੀ ਦੀ ਸਮਰੱਥਾ, ਲੌਜਿਸਟਿਕਸ ਅਤੇ ਆਰਥਿਕ ਸਰੋਤਾਂ ਨੂੰ ਸ਼ਾਮਿਲ ਕੀਤਾ ਜਾਂਦਾ ਹੈ। ਇਨ੍ਹਾਂ ਸਾਰਿਆਂ ਦੇ ਆਧਾਰ 'ਤੇ 'ਪਾਵਰਇੰਡੈਕਸ' ਸਕੋਰ ਤੈਅ ਕੀਤਾ ਜਾਂਦਾ ਹੈ। ਇਸ 'ਚ ਘੱਟ ਸਕੋਰ ਦਾ ਮਤਲਬ ਵੱਧ ਮਜਬੂਤ ਰਵਾਇਤੀ ਫੌਜੀ ਤਾਕਤ ਹੁੰਦਾ ਹੈ। ਗਲੋਬਲ ਫਾਇਰਪਾਵਰ ਇੰਡੈਕਸ 'ਚ ਘੱਟ ਸਕੋਰ ਨੂੰ ਬਿਹਤਰ ਮੰਨਿਆ ਜਾਂਦਾ ਹੈ। ਸਿਧਾਂਤਕ ਤੌਰ 'ਤੇ ਇਸ ਦਾ ਇੱਕ ਪਰਫੈਕਟ ਸਕੋਰ 0।0000 ਹੈ। ਹਾਲਾਂਕਿ ਕੋਈ ਵੀ ਦੇਸ਼ ਅਜੇ ਤੱਕ ਇਸ ਪੱਧਰ ਤੱਕ ਨਹੀਂ ਪਹੁੰਚ ਸਕਿਆ ਹੈ। ਅਮਰੀਕਾ ਇਸ ਸੂਚੀ 'ਚ 0.0857 ਸਕੋਰ ਦੇ ਨਾਲ ਪਹਿਲੇ ਸਥਾਨ 'ਤੇ ਹਨ। ਦੂਜੇ ਸਥਾਨ 'ਤੇ ਰੂਸ ਅਤੇ ਤੀਜੇ 'ਤੇ ਚੀਨ ਹੈ। ਭਾਰਤ ਇਸ ਇੰਡੈਕਸ 'ਚ ਚੌਥੇ ਅਤੇ ਪਾਕਿਸਤਾਨ 14ਵੇਂ ਨੰਬਰ 'ਤੇ ਹੈ। ਖਾੜੀ ਮੁਲਕਾਂ 'ਚ ਇੱਕ ਹੋਰ ਦੇਸ਼ ਹੈ ਜੋ ਵੱਡੀ ਫੌਜੀ ਤਾਕਤ ਦੇ ਤੌਰ 'ਤੇ ਉਭਰ ਰਿਹਾ ਹੈ।

**ਕੁਵੈਤ**



ਖਾੜੀ ਖੇਤਰ ਦੇ ਅਹਿਮ ਦੇਸ਼ ਕੁਵੈਤ ਨੇ ਆਪਣੀ ਮਜਬੂਤ ਅਰਥਵਿਵਸਥਾ ਅਤੇ ਰਣਨੀਤਕ ਸਾਂਝੇਦਾਰੀਆਂ ਦੇ ਦਮ 'ਤੇ ਇੱਕ ਤਾਕਤਵਰ ਫੌਜ ਖੜੀ ਕਰ ਲਈ ਹੈ। ਸਾਲ 2024 'ਚ ਕੁਵੈਤ ਦਾ ਰੱਖਿਆ ਬਜਟ 7.79 ਅਰਬ ਡਾਲਰ ਦਾ ਸੀ। ਕੁਵੈਤ ਗਲੋਬਰ ਫਾਇਰਪਾਵਰ ਇੰਡੈਕਸ 'ਚ 76ਵੇਂ ਨੰਬਰ 'ਤੇ ਹੈ ਅਤੇ ਇਸ ਦਾ ਪਾਵਰ ਇੰਡੈਕਸ ਸਕੋਰ 1.716 ਹੈ। ਕੁਵੈਤ 'ਚ 18 ਤੋਂ 35 ਸਾਲ ਦੇ ਪੁਰਸ਼ਾਂ ਲਈ ਲਾਜ਼ਮੀ ਫੌਜੀ ਸੇਵਾ ਲਾਗੂ ਹੈ। ਕੁਵੈਤ ਦੀ ਥਲ ਸੈਨਾ ਕੋਲ ਕਰੀਬ 367 ਬੈਟਲ ਬੈਂਕ ਹਨ। ਏਅਰਫੋਰਸ 'ਚ 131 ਜਹਾਜ਼ ਸ਼ਾਮਿਲ ਹਨ। ਇਨ੍ਹਾਂ 'ਚ 50 ਲੜਾਕੂ ਜਹਾਜ਼ ਹਨ। ਖੇਤਰ 'ਚ ਵੱਧਦੇ ਡ੍ਰੋਨ ਅਤੇ ਮਿਜ਼ਾਇਲ ਖਤਰੇ ਨੂੰ ਦੇਖਦਿਆਂ ਕੁਵੈਤ ਲਗਾਤਾਰ ਆਪਣੇ ਏਅਰ ਡਿਫੈਂਸ ਸਿਸਟਮ ਅਤੇ ਹਵਾਈ ਫੌਜ ਨੂੰ ਆਧੁਨਿਕ ਬਣਾ ਰਿਹਾ ਹੈ। ਉਸਦੇ ਕੋਲ ਐਫਏ-18 ਹੋਰਨੇਟ ਵਰਗੇ ਲੜਾਕੂ ਜਹਾਜ਼ ਹਨ। ਰਣਨੀਤਕ ਤੌਰ 'ਤੇ ਕੁਵੈਤ ਨੇ ਪੱਛਮੀ ਮੁਲਕਾਂ, ਖਾਸ ਤੌਰ 'ਤੇ ਅਮਰੀਕਾ ਅਤੇ ਬ੍ਰਿਟੇਨ ਨਾਲ ਮਜਬੂਤ ਰੱਖਿਆ ਸਾਂਝੇਦਾਰੀ ਬਣਾ ਕੇ ਰੱਖੀ ਹੋਈ ਹੈ, ਜੋ ਟ੍ਰੇਨਿੰਗ, ਤਕਨੀਕ ਅਤੇ ਸੁਰੱਖਿਆ ਸਹਿਯੋਗ 'ਚ ਅਹਿਮ ਭੂਮਿਕਾ ਨਿਭਾਉਂਦੀ ਹੈ।

**ਸੰਯੁਕਤ ਅਰਬ ਅਮੀਰਾਤ**

ਸੰਯੁਕਤ ਅਰਬ ਅਮੀਰਾਤ ਮੱਧ ਪੂਰਬ ਦੀ ਸਭ ਤੋਂ ਆਧੁਨਿਕ ਅਤੇ ਮਜਬੂਤ ਫੌਜੀ ਤਾਕਤਾਂ 'ਚੋਂ ਇੱਕ ਹੈ। ਈਰਾਨ ਨੇ ਸੰਯੁਕਤ ਅਰਬ 'ਚ ਦੁਬਈ 'ਤੇ ਕਈ ਹਮਲੇ ਕੀਤੇ ਹਨ ਅਤੇ ਇਸ ਨਾਲ ਉੱਥੇ ਕਾਫੀ ਨੁਕਸਾਨ ਵੀ ਪਹੁੰਚਿਆ ਹੈ। ਉਸ ਨੇ ਕਈ ਇਰਾਨੀ ਮਿਜ਼ਾਇਲਾਂ ਨੂੰ ਇੰਟਰਸੈਪਟ ਕੀਤਾ ਹੈ ਪਰ ਅਜੇ ਤੱਕ ਜਵਾਬੀ ਹਮਲਾ ਨਹੀਂ ਕੀਤਾ ਹੈ। ਯੂਏਈ ਕੋਲ ਤਕਨੀਕ ਅਤੇ ਸਟੀਕ ਹਮਲਿਆਂ ਦੀ ਸਮਰੱਥਾ ਹੈ। 2024 'ਚ ਯੂਏਈ ਦਾ ਸਾਲਾਨਾ ਰੱਖਿਆ ਬਜਟ 22.75 ਅਰਬ ਡਾਲਰ ਦਾ ਸੀ। ਗਲੋਬਲ ਫਾਇਰਪਾਵਰ ਇੰਡੈਕਸ 'ਚ ਇਹ 54ਵੇਂ ਨੰਬਰ 'ਤੇ ਹੈ ਅਤੇ ਇਸ ਦਾ ਪਾਵਰ ਇੰਡੈਕਸ 1.0188 ਹੈ। ਰੱਖਿਆ ਮਾਹਰਾਂ ਮੁਤਾਬਕ ਯੂਏਈ ਡਿਫੈਂਸਿਵ ਨਹੀਂ ਬਲਿਕ ਸਰਗਰਮ ਫੌਜ



ਸ਼ਕਤੀ ਬਣ ਚੁੱਕਿਆ ਹੈ। ਯੂਏਈ ਨੇ ਯਮਨ ਅਤੇ ਲੀਬੀਆ ਦੇ ਫੌਜੀ ਅਭਿਆਨਾਂ 'ਚ ਹਿੱਸਾ ਲਿਆ ਹੈ। ਇਸਲਾਮਿਕ ਸਟੇਟ ਦੇ ਖਿਲਾਫ ਕੌਮਾਂਤਰੀ ਅਭਿਆਨਾਂ ਦਾ ਵੀ ਉਸ ਨੇ ਸਮਰਥਨ ਕੀਤਾ ਹੈ। ਏਅਰਫੋਰਸ ਯੂਏਈ ਦੀ ਸਭ ਤੋਂ ਵੱਡੀ ਤਾਕਤ ਹੈ, ਜਿਸ 'ਚ ਐਫ-16 ਅਤੇ ਮਿਰਾਜ 2000 ਵਰਗੇ ਲੜਾਕੂ ਜਹਾਜ਼ ਸ਼ਾਮਿਲ ਹਨ। ਯੂਏਈ ਕੋਲ ਪੈਟ੍ਰੀਏਟ ਅਤੇ ਥਾਡ ਵਰਗੇ ਐਡਵਾਂਸ ਏਅਰ ਡਿਫੈਂਸ ਸਿਸਟਮ ਹਨ। ਯੂਏਈ ਆਪਣੀ ਫੌਜ ਦੇ ਆਧੁਨਿਕੀਕਰਨ 'ਤੇ ਲਗਾਤਾਰ ਨਿਵੇਸ਼ ਕਰ ਰਿਹਾ ਹੈ ਅਤੇ ਅਮਰੀਕਾ, ਫਰਾਂਸ ਅਤੇ ਬ੍ਰਿਟੇਨ ਵਰਗੇ ਦੇਸ਼ਾਂ ਨਾਲ ਮਜਬੂਤ ਰੱਖਿਆ ਸਾਂਝੇਦਾਰੀ ਬਣਾਈ ਹੋਈ ਹੈ।

**ਬਹਿਰੀਨ**

ਖਾੜੀ 'ਚ ਆਪਣੀ ਰਣਨੀਤਕ ਅਹਿਮੀਅਤ ਕਾਰਨ ਬਹਿਰੀਨ ਦੀ ਫੌਜ ਖੁਦ ਨੂੰ ਮਜਬੂਤ ਕਰਨ 'ਚ ਜੁਟੀ ਹੈ। ਬਹਿਰੀਨ ਦੀ ਫੌਜ ਨੂੰ 'ਬਹਿਰੀਨ ਡਿਫੈਂਸ ਫੋਰਸ' ਕਿਹਾ ਜਾਂਦਾ ਹੈ। ਇਹ ਫੌਜ ਐਡਵਾਂਸ ਅਤੇ ਤਕਨੀਕੀ ਤੌਰ 'ਤੇ ਮਜਬੂਤ ਮੰਨੀ ਜਾਂਦੀ ਹੈ। ਬਹਿਰੀਨ ਦੀ ਏਅਰਫੋਰਸ ਵੀ ਇਸ ਦੀ ਸਭ ਤੋਂ ਮਜਬੂਤ ਯੂਨਿਟ ਮੰਨੀ ਜਾਂਦੀ ਹੈ। 2026 ਦੀ ਗਲੋਬਲ ਫਾਇਰਪਾਵਰ ਰੈਂਕਿੰਗ 'ਚ ਇਹ 75ਵੇਂ ਸਥਾਨ 'ਤੇ ਹੈ। ਬਹਿਰੀਨ ਨੇ ਖਾੜੀ ਮੁਲਕਾਂ 'ਚ ਸ਼ੁਰੂਆਤੀ ਦੌਰ 'ਚ ਐਫ-16 ਫਾਈਟਿੰਗ ਫਾਲਕਨ ਨੂੰ ਸ਼ਾਮਿਲ ਕੀਤਾ ਸੀ। ਖਾਸ ਤੌਰ 'ਤੇ ਆਧੁਨਿਕ ਬਲਾਕ 70 ਵੈਰੀਏਂਟਸ ਇਸ ਦੀ ਫੌਜ ਨੂੰ ਹੋਰ ਮਜਬੂਤੀ ਦਿੰਦਾ ਹੈ। ਸਮੁੰਦਰੀ ਸੁਰੱਖਿਆ ਦੇ ਲਿਹਾਜ਼ ਨਾਲ ਰੋਇਲ ਬਹਿਰੀਨੀ ਨੇਵਲ ਫੋਰਸ ਕੋਲ ਅਮਰੀਕੀ ਮੂਲ ਦਾ ਓਲੀਵਰ ਹਜਾਰਡ-ਪੇਰੀ ਕਲਾਸ ਦਾ ਜੰਗੀ ਬੇੜਾ ਹੈ। ਉਧਰ ਥਲ ਸੈਨਾ ਕੋਲ ਐਮ60ਏ3 ਟੈਂਕ ਹਨ। ਬਹਿਰੀਨ ਦਾ ਰੱਖਿਆ ਬਜਟ ਕਰੀਬ 1.75 ਅਰਬ ਡਾਲਰ ਹੈ, ਜਿਸ 'ਚ ਖੇਤਰੀ ਤਣਾਅ ਕਾਰਨ ਲਗਾਤਾਰ ਵਾਧਾ ਹੋ ਰਿਹਾ ਹੈ। ਹਾਲਾਂਕਿ ਫੌਜ ਦਾ ਵੱਡਾ ਹਿਸਾ ਵਿਦੇਸ਼ੀ ਕੰਟਰੈਕਟ ਫੌਜੀਆਂ 'ਤੇ ਨਿਰਭਰ ਹੈ ਜੋ ਇਸ ਦੀ ਇੱਕ ਪ੍ਰਮੁੱਖ ਕਮਜ਼ੋਰੀ ਮੰਨੀ ਜਾਂਦੀ ਹੈ। ਰਣਨੀਤਕ ਤੌਰ 'ਤੇ ਬਹਿਰੀਨ ਦੀ ਸਭ ਤੋਂ ਵੱਡੀ ਤਾਕਤ ਉਸਦਾ ਕੌਮਾਂਤਰੀ ਸਹਿਯੋਗ ਹੈ। ਦੇਸ਼ 'ਚ ਅਮਰੀਕਾ ਦਾ ਪੰਜਵਾਂ ਬੇੜਾ ਹੈ। ਅਮਰੀਕੀ ਜਲ ਸੈਨਾ ਕਮਾਨ ਦੀ ਮੌਜੂਦਗੀ ਇਸਨੂੰ ਮੱਧ ਪੂਰਬ 'ਚ ਅਮਰੀਕਾ ਦਾ ਪ੍ਰਮੁੱਖ ਫੌਜੀ ਕੇਂਦਰ ਬਣਾਉਂਦੀ ਹੈ।

**ਕਤਰ**

ਖਾੜੀ ਖੇਤਰ ਦਾ ਛੋਟਾ ਪਰ ਖੁਸ਼ਹਾਲ ਦੇਸ਼ ਕਤਲ ਆਪਣੀ ਸੀਮਿਤ ਆਬਾਦੀ ਦੇ ਬਾਵਜੂਦ ਆਧੁਨਿਕ ਫੌਜੀ ਤਾਕਤ ਜ਼ਰੀਏ ਕੌਮਾਂਤਰੀ ਧਿਆਨ ਖਿੱਚ ਰਿਹਾ ਹੈ। ਕਤਰ ਦੁਨੀਆ ਦੇ ਸਭ ਤੋਂ ਵੱਡੇ ਗੈਸ ਉਤਪਾਦਕ ਦੇਸ਼ਾਂ 'ਚੋਂ ਇੱਕ ਹੈ। ਈਰਾਨ ਨੇ ਹਾਲ ਹੀ 'ਚ ਕਤਰ ਦੀ ਇੱਕ ਅਹਿਮ ਗੈਸ ਫੈਸਿਲਟੀ 'ਤੇ ਹਮਲਾ ਕੀਤਾ ਸੀ। ਕਤਰ ਦੀ ਫੌਜ ਆਕਾਰ 'ਚ ਭਾਵੇਂ ਛੋਟੀ ਹੋਵੇ ਪਰ ਤਕਨੀਕ ਅਤੇ ਆਧੁਨਿਕ ਹਥਿਆਰਾਂ ਦੇ ਮਾਮਲੇ 'ਚ ਇਹ ਕਾਫੀ ਅੱਗੇ ਹੈ। ਗਲੋਬਲ ਫਾਇਰਪਾਵਰ ਇੰਡੈਕਸ 'ਚ ਇਹ 71ਵੇਂ ਨੰਬਰ 'ਤੇ ਹੈ। ਇਸ ਦਾ ਪਾਵਰ ਇੰਡੈਕਸ ਸਕੋਰ 1.409 ਹੈ। 2024 'ਚ ਇਸ ਦਾ ਰੱਖਿਆ ਬਜਟ 15.41 ਅਰਬ ਡਾਲਰ ਦਾ ਸੀ। ਕਤਰ ਦੀ ਏਅਰਫੋਰਸ ਉਸ ਦੀ ਵੱਡੀ ਤਾਕਤ ਮੰਨੀ ਜਾਂਦੀ ਹੈ। ਕਤਰ ਕੋਲ ਯੂਰੋ ਫਾਈਟਰ ਟਾਈਫੂਨ ਅਤੇ ਰਫਾਲ ਵਰਗੇ ਆਧੁਨਿਕ ਫਾਈਟਰ ਪਲੇਨ ਹਨ। ਕਤਰ ਦੀ ਨੇਵੀ ਛੋਟੀ ਹੈ ਪਰ ਉਸ ਕੋਲ ਅਤਿ-ਆਧੁਨਿਕ ਪੈਟ੍ਰੋਲਿੰਗ ਜਹਾਜ਼ ਹਨ ਜੋ ਉਸਦੀ ਸਮੁੰਦਰੀ ਸੁਰੱਖਿਆ ਦੀ ਨਿਗਰਾਨੀ ਕਰਦੇ ਹਨ। ਹਾਲਾਂਕਿ ਕਤਰ ਦੀ ਸਭ ਤੋਂ ਵੱਡੀ ਚੁਣੌਤੀ ਉਸਦੀ ਘੱਟ ਸਥਾਨਕ ਆਬਾਦੀ ਹੈ। ਕਰੀਬ 3 ਲੱਖ ਨਾਗਰਿਕਾਂ ਵਾਲੇ ਇਸ ਮੁਲਕ ਦੀ ਕੁੱਲ ਆਬਾਦੀ 'ਚ ਵਿਦੇਸ਼ੀ ਨਾਗਰਿਕਾਂ ਦੀ ਹਿੱਸੇਦਾਰੀ 80 ਫੀਸਦ ਹੈ। ਇਸ ਦਾ ਅਸਰ ਫੌਜ 'ਤੇ ਵੀ ਨਜ਼ਰ ਆਉਂਦਾ ਹੈ। ਕਤਰ ਆਪਣੀਆਂ ਫੌਜੀ ਜ਼ਰੂਰਤਾਂ ਲਈ ਵਿਦੇਸ਼ੀ ਮਾਹਰਾਂ ਅਤੇ ਕੰਟਰੈਕਟ ਫੌਜੀਆਂ 'ਤੇ ਕਾਫੀ ਹੱਦ ਤੱਕ ਨਿਰਭਰ ਹੈ। ਰਣਨੀਤਕ ਤੌਰ 'ਤੇ ਕਤਰ ਦੀ ਫੌਜ ਹਮਲਾਵਰ ਨਹੀਂ ਬਲਕਿ ਰੱਖਿਆਤਮਕ ਭੂਮਿਕਾ 'ਚ ਤਿਆਰ ਕੀਤੀ ਗਈ ਹੈ, ਜਿਸ ਦਾ ਮੁੱਖ ਉਦੇਸ਼ ਸਰਹੱਦਾਂ ਅਤੇ ਊਰਜਾ ਸਰੋਤਾਂ ਦੀ ਸੁਰੱਖਿਆ ਹੈ। ਇਸ ਦੇ ਨਾਲ ਹੀ, ਕਤਰ ਦੀ ਸੁਰੱਖਿਆ ਰਣਨੀਤੀ 'ਚ ਕੌਮਾਂਤਰੀ ਸਹਿਯੋਗ ਦੀ ਵੱਡੀ ਭੂਮਿਕਾ ਹੈ। ਦੇਸ਼ 'ਚ ਸਥਿਤ ਅਲ ਉਦੈਦ ਏਅਰਬੇਸ ਅਮਰੀਕਾ ਦਾ ਸਭ ਤੋਂ ਵੱਡਾ ਫੌਜੀ ਟਿਕਾਣਾ ਹੈ ਜੋ ਕਤਰ ਨੂੰ ਸੁਰੱਖਿਆ ਦਿੰਦਾ ਹੈ। ਅਮਰੀਕਾ ਅਤੇ ਇਜ਼ਰਾਇਲ ਦੇ ਹਮਲੇ ਦੇ ਜਵਾਬ 'ਚ ਈਰਾਨ ਨੇ ਅਲ ਉਦੈਦ 'ਤੇ ਹਮਲਾ ਕੀਤਾ ਸੀ।

# 'ਬੈਕਅਪ ਪਾਸਪੋਰਟ' ਕੀ ਹੈ, ਜਿਸ ਲਈ ਕਈ ਲੋਕ ਆਪਣੇ ਦਾਦਕਿਆਂ ਤੇ ਨਾਨਕਿਆਂ ਦੇ ਰਿਕਾਰਡ ਫਰੋਲ ਦਿੰਦੇ ਨੇ

**(ਸਫਾ 14 ਦੀ ਬਾਕੀ)**

ਨਿਸ਼ਚਤ ਰੂਪ ਨਾਲ ਕੈਨੇਡਾ ਦੀ ਨਾਗਰਿਕਤਾ ਬਾਰੇ ਪੁੱਛਗਿੱਛ ਕਰਨ ਵਾਲੇ ਅਮਰੀਕੀਆਂ ਦੀ ਗਿਣਤੀ ਵਿੱਚ ਵਾਧਾ ਦੇਖਿਆ ਹੈ।"

"ਅਮਰੀਕੀ ਆਪਣੇ ਪਰਿਵਾਰਕ ਇਤਿਹਾਸ ਦੀ ਜਾਂਚ ਕਰ ਰਹੇ ਹਨ ਤਾਂ ਕਿ ਪਤਾ ਲੱਗ ਸਕੇ ਕਿ ਕੀ ਉਨ੍ਹਾਂ ਦੇ ਕੋਈ ਕੈਨੇਡੀਆਈ ਮੂਲ ਹਨ। ਅਸੀਂ ਲੋਕਾਂ ਨੂੰ ਇਹ ਸਮਝਾਉਣ ਲਈ ਕਈ ਸਲਾਹ ਸੈਸ਼ਨ ਕਰ ਰਹੇ ਹਾਂ ਕਿ ਉਨ੍ਹਾਂ ਨੂੰ ਪਾਤਰਤਾ ਹਾਸਲ ਕਰਨ ਲਈ ਕੀ-ਕੀ ਜਾਣਕਾਰੀ ਦੇਣੀ ਹੋਵੇਗੀ।"

ਹਾਲਾਂਕਿ ਅੱਕਾ ਦੇ ਕਈ ਗਾਹਕ ਨਾਗਰਿਕਤਾ ਨੂੰ ਸਿਰਫ਼ ਇੱਕ ਸੁਰੱਖਿਆ ਕਵਚ ਦੇ ਰੂਪ ਵਿੱਚ ਦੇਖਦੇ ਹਨ, ਉੱਥੇ ਹੀ ਕੁਝ ਹੋਰ ਲੋਕ ਜਲਦੀ ਕੈਨੇਡਾ ਵਿੱਚ ਵੱਸਣ ਦੀ ਯੋਜਨਾ ਬਣਾ ਰਹੇ ਹਨ।

ਉਹ ਅੱਗੇ ਕਹਿੰਦੇ ਹਨ, "ਕੁਝ ਲੋਕ ਕੈਨੇਡਾ ਵਿੱਚ ਸੇਵਾਮੁਕਤ ਹੋਣ ਵਿੱਚ ਵੀ ਰੁਚੀ ਰੱਖਦੇ ਹਨ ਕਿਉਂਕਿ ਉੱਥੇ ਨਾਗਰਿਕਾਂ ਨੂੰ ਸਿਹਤ ਸਬੰਧੀ ਕਈ ਲਾਭ ਮਿਲਦੇ ਹਨ।"

ਸ਼ਿਕਾਗੋ ਵਿੱਚ ਰਹਿਣ ਵਾਲੇ ਸਾਫਟਵੇਅਰ ਇੰਜੀਨੀਅਰ ਜਾਰਜ ਐਮ ਨੂੰ ਪਿਛਲੇ ਹਫ਼ਤੇ ਉਦੋਂ ਪਤਾ ਲੱਗਿਆ ਉਹ ਇਸ ਕਾਨੂੰਨ ਲਈ ਪਾਤਰ ਹੋ ਸਕਦੇ ਹਨ, ਜਦੋਂ ਉਨ੍ਹਾਂ ਨੇ ਇਸ ਬਾਰੇ ਇੱਕ ਆਨਲਾਈਨ ਚਰਚਾ ਦੇਖੀ।

ਕੁਝ ਹੀ ਦਿਨਾਂ ਵਿੱਚ ਉਨ੍ਹਾਂ ਨੇ ਆਪਣੇ ਪਰਿਵਾਰ ਦੀ ਵੰਸ਼ਾਵਲੀ ਨੂੰ ਆਪਣੀ ਦਾਦੀ ਦੇ ਪਿਤਾ ਤੱਕ ਪਹੁੰਚਾਉਣ ਵਾਲੇ ਦਸਤਾਵੇਜ਼ ਇਕੱਠੇ ਕਰਨੇ ਸ਼ੁਰੂ ਕਰ ਦਿੱਤੇ, ਜਿਨ੍ਹਾਂ ਦਾ ਜਨਮ ਕੈਨੇਡਾ ਵਿੱਚ ਹੋਇਆ ਸੀ।

ਉਹ ਕਹਿੰਦੇ ਹਨ, "ਕੈਨੇਡਾ ਦਾ ਪਾਸਪੋਰਟ ਹਾਸਲ ਕਰਨਾ ਤਾਂ ਬਹੁਤ ਹੀ ਆਸਾਨ ਲੱਗਦਾ ਹੈ। ਜੇਕਰ ਮੌਕਾ ਹੋਵੇ ਤਾਂ ਉਸ ਨੂੰ ਖੁੱਲ੍ਹਾ ਰੱਖਣਾ ਸਮਝਦਾਰੀ ਨਹੀਂ ਹੈ।"

ਜਦੋਂ ਨਾਗਰਿਕਤਾ ਇੱਕ ਬਚਾਅ ਦੀ ਯੋਜਨਾ ਬਣ ਜਾਂਦੀ ਹੈ। ਸਥਿਰ ਲੋਕਤੰਤਰਾਂ ਵਿੱਚ ਕਈ ਬਿਨੈਕਾਰ ਦੂਜੀ ਨਾਗਰਿਕਤਾ ਨੂੰ ਐਮਰਜੈਂਸੀ ਯੋਜਨਾ ਦੇ ਰੂਪ ਵਿੱਚ ਦੇਖਦੇ ਹਨ, ਪਰ ਦੁਨੀਆਂ ਦੇ ਹੋਰ ਹਿੱਸਿਆਂ ਵਿੱਚ ਇਹ ਕਿਧਰੇ ਜ਼ਰੂਰੀ ਹੋ ਸਕਦੀ ਹੈ।

ਪਿਛਲੇ ਇੱਕ ਦਹਾਕੇ ਵਿੱਚ ਕਈ ਵੈਨੇਜ਼ੁਏਲਾ ਵਾਸੀਆਂ ਨੇ ਸਪੈਨਿਸ਼ ਜਾਂ ਇਤਾਲਵੀ ਨਾਗਰਿਕਤਾ ਲਈ ਅਰਜ਼ੀ ਦਿੱਤੀ ਹੈ, ਜਿਸ ਦਾ ਆਧਾਰ ਉਨ੍ਹਾਂ ਦੇ ਪਰਿਵਾਰਕ ਸਬੰਧ ਹਨ ਜੋ 19ਵੀਂ ਸਦੀ ਦੇ ਉਤਰਾਅ ਅਤੇ 20ਵੀਂ ਸਦੀ ਦੀ ਸ਼ੁਰੂਆਤ ਵਿੱਚ ਦੱਖਣ ਅਮਰੀਕਾ ਵਿੱਚ ਹੋਏ ਯੂਰਪੀ ਪਰਵਾਸ ਦੀਆਂ ਲਹਿਰਾਂ ਨਾਲ ਜੁੜੇ ਹਨ।

ਇਹ ਇਤਿਹਾਸਕ ਸਬੰਧ ਹੁਣ ਉਨ੍ਹਾਂ ਦੇ ਕੁਝ ਵੰਸ਼ਜਾਂ ਲਈ ਦੂਜੀ ਨਾਗਰਿਕਤਾ ਹਾਸਲ ਕਰਨ ਦਾ ਕਾਨੂੰਨੀ ਮਾਰਗ ਪ੍ਰਦਾਨ ਕਰਦੇ ਹਨ।

ਹਰਪਾਜ਼ ਦੇ ਅਨੁਸਾਰ, ਦੂਜੇ ਪਾਸਪੋਰਟ ਅਕਸਰ ਕਈ ਸਾਲਾਂ ਤੱਕ ਸੁਸਤ ਹੀ ਪਏ ਰਹਿੰਦੇ ਹਨ ਅਤੇ ਦੋਹਰੀ ਨਾਗਰਿਕਤਾ ਵਾਲੇ ਲੋਕ ਸਿਰਫ਼ ਗੰਭੀਰ ਸੰਕਟਾਂ ਦੇ ਦੌਰਾਨ ਹੀ ਵੱਡੀ ਗਿਣਤੀ ਵਿੱਚ ਦੇਸ਼ ਛੱਡਦੇ ਹਨ, ਜਿਵੇਂ ਕਿ 2019-2020 ਵਿੱਚ ਹਾਂਗਕਾਂਗ 'ਤੇ ਚੀਨ ਦੇ ਕੰਟਰੋਲ ਦਾ ਸਖ਼ਤ ਹੋਣਾ ਅਤੇ 2000 ਦੇ ਦਹਾਕੇ ਦੀ ਸ਼ੁਰੂਆਤ ਵਿੱਚ ਅਰਜਨਟੀਨਾ ਦਾ ਆਰਥਿਕ ਪਤਨ।

ਵੈਨੇਜ਼ੁਏਲਾ ਦੇ ਆਰਥਿਕ ਅਤੇ ਰਾਜਨੀਤਕ ਸੰਕਟ ਦੇ ਗਹਿਰਾਉਣ ਦੇ ਨਾਲ ਹੀ ਵੰਸ਼ਜ ਸਬੰਧ ਪਰਵਾਸ ਦਾ ਇੱਕ ਮਹੱਤਵਪੂਰਨ ਮਾਰਗ ਬਣ ਗਏ ਹਨ।

ਸਪੇਨ ਦੇ ਰਾਸ਼ਟਰੀ ਅੰਕੜਾ ਸੰਸਥਾਨ ਦੇ ਅਨੁਸਾਰ ਇਕੱਲੇ ਸਪੇਨ ਵਿੱਚ ਹੀ 2024 ਵਿੱਚ 35,000 ਤੋਂ ਜ਼ਿਆਦਾ ਵੈਨੇਜ਼ੁਏਲਾ ਵਾਸੀਆਂ ਨੇ ਨਾਗਰਿਕਤਾ ਹਾਸਲ ਕੀਤੀ, ਜਿਸ ਨਾਲ ਉਹ ਉਸ ਸਾਲ ਨਾਗਰਿਕਤਾ ਹਾਸਲ ਕਰਨ ਵਾਲੇ ਸਭ ਤੋਂ ਵੱਡੇ ਸਮੂਹਾਂ ਵਿੱਚੋਂ ਇੱਕ ਬਣ ਗਏ।

ਵੈਨੇਜ਼ੁਏਲਾ ਵਾਸੀ ਹੁਣ ਸਪੇਨ ਵਿੱਚ ਸਭ ਤੋਂ ਵੱਡੇ ਪਰਵਾਸੀ ਸਮੂਹਾਂ ਵਿੱਚੋਂ ਹਨ, ਜਿਨ੍ਹਾਂ ਦੀ ਪਰਵਾਸੀ ਆਬਾਦੀ ਲਗਭਗ 700,000 ਹੈ।

**ਲਗਜ਼ਰੀ ਪਾਸਪੋਰਟ ਬਾਜ਼ਾਰ**

ਦੂਜੇ ਪਾਸੇ, ਕੁਝ ਲੋਕ ਤਾਂ ਸਿੱਧੇ-ਸਿੱਧੇ ਦੂਜਾ ਪਾਸਪੋਰਟ ਖਰੀਦ ਰਹੇ ਹਨ।

ਦਸਬੰਰ ਵਿੱਚ ਅਮਰੀਕਾ ਨੇ ਟਰੰਪ ਗੋਲਡ ਕਾਰਡ ਲਾਂਚ ਕੀਤਾ, ਜਿਸ ਤਹਿਤ ਵਿਦੇਸ਼ੀ ਨਾਗਰਿਕ 15,000 ਡਾਲਰ ਦੀ ਪ੍ਰੋਸੈਸਿੰਗ ਫੀਸ ਅਤੇ ਅਮਰੀਕੀ ਸਰਕਾਰ ਨੂੰ 10 ਲੱਖ ਡਾਲਰ ਦਾ ਯੋਗਦਾਨ ਦੇ ਕੇ ਅਮਰੀਕੀ ਨਿਵਾਸ ਅਤੇ ਨਾਗਰਿਕਤਾ ਹਾਸਲ ਕਰ ਸਕਦੇ ਹਨ।

ਕਈ ਛੋਟੇ ਦੇਸ਼, ਵਿਸ਼ੇਸ਼ ਰੂਪ ਨਾਲ ਕੈਰੇਬਿਆਈ ਅਤੇ ਯੂਰਪ ਦੇ ਕੁਝ ਹਿੱਸਿਆਂ ਵਿੱਚ ਨਿਵੇਸ਼ ਦੇ ਜ਼ਰੀਏ ਨਾਗਰਿਕਤਾ ਪ੍ਰੋਗਰਾਮ ਚਲਾ ਰਹੇ ਹਨ, ਜੋ ਉਨ੍ਹਾਂ ਵਿਦੇਸ਼ੀਆਂ ਨੂੰ ਨਾਗਰਿਕਤਾ ਪ੍ਰਦਾਨ ਕਰਦੇ ਹਨ ਜੋ ਸਰਕਾਰੀ ਵਿਕਾਸ ਯੋਜਨਾਵਾਂ ਜਾਂ ਜਾਇਦਾਦਾਂ ਬਾਜ਼ਾਰਾਂ ਵਿੱਚ ਮਹੱਤਵਪੂਰਨ ਧਨ ਰਾਸ਼ੀ ਦਾ ਯੋਗਦਾਨ ਪਾਉਂਦੇ ਹਨ।

ਸਮਰਥਕਾਂ ਦਾ ਕਹਿਣਾ ਹੈ ਕਿ ਇਹ ਪ੍ਰੋਗਰਾਮ ਛੋਟੀਆਂ ਅਰਥਵਿਵਸਥਾਵਾਂ ਲਈ ਬੇਹੱਦ ਜ਼ਰੂਰੀ ਮਾਲੀਆ ਪੈਦਾ ਕਰਦੇ ਹਨ। ਫਿਰ ਵੀ ਜ਼ਿਆਦਾਤਰ ਪਾਸਪੋਰਟਾਂ ਦੇ ਵਧਦੇ ਵਪਾਰ ਨਾਲ ਆਲਮੀ ਗਤੀਸ਼ੀਲਤਾ ਵਿੱਚ ਮੌਜੂਦ ਗਹਿਰੀਆਂ ਅਸਮਾਨਤਾਵਾਂ ਵੀ ਉਜਾਗਰ ਹੁੰਦੀਆਂ ਹਨ। ਸੁਰਾਕ ਕਹਿੰਦੇ ਹਨ, "ਇਹ ਬਾਜ਼ਾਰ ਦੇਸ਼ਾਂ ਦੇ ਵਿਚਕਾਰ ਅਸਮਾਨਤਾ ਯਾਨੀ ਕਿਸੇ ਵਿਅਕਤੀ ਦੀ ਨਾਗਰਿਕਤਾ ਅਤੇ ਪਾਸਪੋਰਟ ਤੋਂ ਉਸ ਨੂੰ ਕੀ ਮਿਲਦਾ ਹੈ ਅਤੇ ਦੇਸ਼ਾਂ ਦੇ ਅੰਦਰ ਅਸਮਾਨਤਾ, ਯਾਨੀ ਅਜਿਹੇ ਪ੍ਰੋਗਰਾਮਾਂ ਦਾ ਖਰਚ ਉਠਾਉਣ ਵਿੱਚ ਸਮਰੱਥ ਲੋਕਾਂ ਅਤੇ ਅਸਮਰੱਥ ਲੋਕਾਂ ਵਿਚਕਾਰ ਅਸਮਾਨਤਾ ਦੇ ਚੌਰਾਹੇ 'ਤੇ ਉੱਭਰਿਆ ਹੈ।" ਦਿਲਚਸਪ ਗੱਲ ਇਹ ਹੈ ਕਿ ਪਿਛਲੇ ਕੁਝ ਸਾਲਾਂ ਵਿੱਚ ਨਿਵੇਸ਼ ਜ਼ਰੀਏ ਨਾਗਰਿਕਤਾ ਹਾਸਲ ਕਰਨ ਦੇ ਬਾਜ਼ਾਰ ਵਿੱਚ ਤੁਰਕੀ ਇੱਕ ਪ੍ਰਮੁੱਖ ਖਿਡਾਰੀ ਦੇ ਰੂਪ ਵਿੱਚ ਉੱਭਰਿਆ ਹੈ।

ਸੁਰਾਕ ਦੇ ਅਨੁਸਾਰ, ਆਲਮੀ ਪੱਧਰ 'ਤੇ ਨਿਵੇਸ਼ ਜ਼ਰੀਏ ਨਾਗਰਿਕਤਾ ਲਈ ਸਵੀਕਾਰ ਅਰਜ਼ੀਆਂ ਵਿੱਚੋਂ ਲਗਭਗ ਅੱਧੀਆਂ ਅਰਜ਼ੀਆਂ ਤੁਰਕੀ ਦੀਆਂ ਹਨ।

ਉਹ ਕਹਿੰਦੇ ਹਨ, "ਛੋਟੇ ਦੀਪਾਂ 'ਤੇ ਆਧਾਰਿਤ ਪ੍ਰੋਗਰਾਮਾਂ ਦੇ ਉਲਟ, ਤੁਰਕੀ ਇੱਕ ਵੱਡਾ ਖੇਤਰੀ ਕੇਂਦਰ ਹੈ ਅਤੇ ਇਸ ਲਈ ਯੋਗਤਾ ਹਾਸਲ ਕਰਨਾ ਮੁਕਾਬਲਤਨ ਆਸਾਨ ਹੈ।"

ਬਿਨੈਕਾਰਾਂ ਨੂੰ ਘੱਟ ਤੋਂ ਘੱਟ 400,000 ਡਾਲਰ ਮੁੱਲ ਦੀ ਜਾਇਦਾਦਾਂ ਖਰੀਦਣੀ ਹੁੰਦੀ ਹੈ ਅਤੇ ਉਸ ਨੂੰ ਤਿੰਨ ਸਾਲ ਤੱਕ ਆਪਣੇ ਕੋਲ ਰੱਖਣਾ ਹੁੰਦਾ ਹੈ। ਸੁਰਾਕ ਦੱਸਦੇ ਹਨ ਕਿ ਇਹ ਪ੍ਰੋਗਰਾਮ ਇਰਾਕ, ਈਰਾਨ, ਪਾਕਿਸਤਾਨ ਅਤੇ ਸੀਰੀਆ ਵਰਗੇ ਸੀਮਤ ਪਰਵਾਸ ਵਾਲੇ ਦੇਸ਼ਾਂ ਵਿੱਚ ਬਿਨੈਕਾਰਾਂ ਲਈ ਵਿਸ਼ੇਸ਼ ਰੂਪ ਨਾਲ ਆਕਰਸ਼ਕ ਸਾਬਤ ਹੋਇਆ ਹੈ। "ਬੇਸ਼ੱਕ ਇੱਕ ਆਮ ਤੁਰਕੀ ਪਾਸਪੋਰਟ ਨਾਲ ਯੂਰਪੀ ਸੰਘ ਵਿੱਚ ਬਿਨਾਂ ਵੀਜ਼ੇ ਦੇ ਪ੍ਰਵੇਸ਼ ਨਾ ਮਿਲੇ, ਫਿਰ ਵੀ ਇਹ ਕਈ ਹੋਰ ਪਾਸਪੋਰਟਾਂ ਤੋਂ ਬਿਹਤਰ ਹੈ।"

ਇਹ ਅਪੀਲ ਦੁਨੀਆਂ ਭਰ ਦੇ ਪਾਸਪੋਰਟਾਂ ਦੁਆਰਾ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਵਿੱਚ ਮੌਜੂਦ ਵਿਆਪਕ ਅੰਤਰ ਨੂੰ ਦਰਸਾਉਂਦੀ ਹੈ। ਹੇਨਲੀ ਪਾਸਪੋਰਟ ਇੰਡੈਕਸ ਦੇ ਅਨੁਸਾਰ, 2026 ਵਿੱਚ ਦੁਨੀਆਂ ਦਾ ਸਭ ਤੋਂ ਸ਼ਕਤੀਸ਼ਾਲੀ ਪਾਸਪੋਰਟ ਸਿੰਗਾਪੁਰ-192 ਠਿਕਾਣਿਆਂ ਲਈ ਬਿਨਾ ਵੀਜ਼ੇ ਦੇ ਯਾਤਰਾ ਦੀ ਆਗਿਆ ਦਿੰਦਾ ਹੈ, ਜਦੋਂਕਿ ਸਭ ਤੋਂ ਘੱਟ ਰੈਂਕਿੰਗ ਵਾਲਾ ਪਾਸਪੋਰਟ ਅਫ਼ਗਾਨਿਸਤਾਨ, ਸਿਰਫ਼ 24 ਟਿਕਾਣਿਆਂ ਤੱਕ ਹੀ ਪਹੁੰਚ ਪ੍ਰਦਾਨ ਕਰਦਾ ਹੈ। ਜਿਵੇਂ ਜਿਵੇਂ ਆਉਣ-ਜਾਣ ਦਾ ਮਹੱਤਵ ਵਧਦਾ ਜਾ ਰਿਹਾ ਹੈ, ਅਜਿਹਾ ਲੱਗਦਾ ਹੈ ਕਿ ਨਾਗਰਿਕਤਾ ਨੂੰ ਹੀ ਇੱਕ ਰਣਨੀਤਕ ਸੰਪਤੀ ਦੇ ਰੂਪ ਵਿੱਚ ਦੇਖਿਆ ਜਾ ਰਿਹਾ ਹੈ। ਜ਼ਿਆਦਾਤਰ ਲੋਕਾਂ ਲਈ ਡੈਸਕ ਦੀ ਦਰਾਜ ਵਿੱਚ ਰੱਖਿਆ ਪਾਸਪੋਰਟ ਹੁਣ ਸਿਰਫ਼ ਪਛਾਣ ਪੱਤਰ ਨਹੀਂ, ਬਲਕਿ ਇੱਕ ਪ੍ਰਕਾਰ ਦਾ ਬੀਮਾ ਬਣ ਗਿਆ ਹੈ-ਇੱਕ ਅਨਿਸ਼ਚਤ ਦੁਨੀਆਂ ਵਿੱਚ ਇੱਕ ਬੈਕਅਪ ਯੋਜਨਾ।

# ਈਰਾਨ ਜੰਗ ਕਾਰਨ ਮਹਿੰਗਾਈ ਦਾ ਡਰ



ਅਮਰੀਕਾ ਅਤੇ ਇਜ਼ਰਾਇਲ ਵੱਲੋਂ ਈਰਾਨ ਦੇ ਖ਼ਿਲਾਫ਼ ਜੰਗ ਸ਼ੁਰੂ ਕੀਤੇ ਮਹੀਨੇ ਤੋਂ ਵੱਧ ਦਿਨ ਹੋ ਚੁੱਕੇ ਹਨ। ਇਸ ਟਕਰਾਅ ਦਾ ਅਸਰ ਹੁਣ ਦੁਨੀਆ ਦੀ ਅਰਥਵਿਵਸਥਾ 'ਤੇ ਸਾਫ਼ ਦਿਖਾਈ ਦੇਣ ਲੱਗ ਪਿਆ ਹੈ। ਲੰਘੀ 9 ਮਾਰਚ ਨੂੰ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਕੱਚੇ ਤੇਲ ਦੇ ਮਾਪਦੰਡ ਮੰਨੇ ਜਾਣ ਵਾਲੇ ਬ੍ਰੈਂਟ ਅਤੇ ਡਬਲਯੂਟੀਆਈ ਕਰੂਡ ਦੀਆਂ ਕੀਮਤਾਂ ਪਹਿਲੀ ਵਾਰ 2022 ਤੋਂ ਬਾਅਦ 100 ਡਾਲਰ ਪ੍ਰਤੀ ਬੈਰਲ ਤੋਂ ਉੱਪਰ ਚਲੀਆਂ ਗਈਆਂ ਸਨ। ਹਾਲਾਂਕਿ ਉਸੇ ਦਿਨ ਇਹ ਕੀਮਤਾਂ ਘੱਟ ਕੇ 95 ਡਾਲਰ ਤੋਂ ਹੇਠਾਂ ਆ ਗਈਆਂ ਸਨ। ਪਰ ਬੀਤੇ ਕੁਝ ਦਿਨਾਂ ਵਿੱਚ ਤੇਲ ਟੈਂਕਰਾਂ 'ਤੇ ਕੀਤੇ ਗਏ ਨਵੇਂ ਹਮਲਿਆਂ ਤੋਂ ਬਾਅਦ ਕੱਚੇ ਤੇਲ ਦੀ ਕੀਮਤ ਇੱਕ ਵਾਰ ਫਿਰ 100 ਡਾਲਰ ਪ੍ਰਤੀ ਬੈਰਲ ਦੇ ਨੇੜੇ-ਤੇੜੇ ਚੱਲ ਰਹੀ ਹੈ।

27 ਫ਼ਰਵਰੀ ਨੂੰ, ਭਾਵ ਸੰਘਰਸ਼ ਸ਼ੁਰੂ ਹੋਣ ਤੋਂ ਇੱਕ ਦਿਨ ਪਹਿਲਾਂ, ਬ੍ਰੈਂਟ ਅਤੇ ਡਬਲਯੂਟੀਆਈ ਕਰੂਡ ਦੀਆਂ ਕੀਮਤਾਂ ਲਗਭਗ 70 ਡਾਲਰ ਪ੍ਰਤੀ ਬੈਰਲ ਦੇ ਨੇੜੇ-ਤੇੜੇ ਸਨ। ਇੰਧਨ ਦੀਆਂ ਕੀਮਤਾਂ ਵਿੱਚ ਆਏ ਇਸ ਤੇਜ਼ ਵਾਧੇ ਦਾ ਸਭ ਤੋਂ ਵੱਡਾ ਕਾਰਨ ਹੈ ਹੋਰਮੁਜ਼ ਸਟ੍ਰੇਟ ਤੋਂ ਸਮੁੰਦਰੀ ਆਵਾਜਾਈ ਦਾ ਲਗਭਗ ਠੱਪ ਹੋ ਜਾਣਾ। ਈਰਾਨ ਸਰਕਾਰ ਨੇ ਦੁਸ਼ਮਣ ਦੇਸ਼ਾਂ ਦੇ ਜਹਾਜ਼ਾਂ ਨੂੰ ਇਸ ਸਮੁੰਦਰੀ ਰਸਤੇ ਤੋਂ ਨਾ ਲੰਘਣ ਦੀ ਚੇਤਾਵਨੀ ਦਿੱਤੀ ਹੈ। ਹੋਰਮੁਜ਼ ਸਟ੍ਰੇਟ ਉਹੀ ਰਸਤਾ ਹੈ, ਜਿਸ ਰਾਹੀਂ ਦੁਨੀਆ ਦੇ ਕਰੀਬ 20 ਫ਼ੀਸਦੀ ਤੇਲ ਅਤੇ ਗੈਸ ਦੀ ਸਪਲਾਈ ਹੁੰਦੀ ਹੈ। ਈਰਾਨ ਨਾਲ ਜੰਗ ਅਤੇ ਹੋਰਮੁਜ਼ ਸਟ੍ਰੇਟ ਦੇ ਰਾਹ ਵਿੱਚ ਰੁਕਾਵਟਾਂ ਕਾਰਨ ਤੇਲ ਅਤੇ ਗੈਸ ਦੀਆਂ ਕੀਮਤਾਂ ਵਧਣ ਦਾ ਅੰਦਾਜ਼ਾ ਪਹਿਲਾਂ ਹੀ ਲਗਾ ਲਿਆ ਗਿਆ ਸੀ। ਪਰ ਮਾਹਿਰਾਂ ਦਾ ਮੰਨਣਾ ਹੈ ਕਿ ਇਸ ਦਾ ਅਸਰ ਸਿਰਫ਼ ਇੱਥੋਂ ਤੱਕ ਸੀਮਿਤ ਨਹੀਂ ਰਹੇਗਾ। ਆਉਣ ਵਾਲੇ ਸਮੇਂ ਵਿੱਚ ਇਸ ਦੇ ਝਟਕੇ ਅਰਥਵਿਵਸਥਾ ਦੇ ਹੋਰ ਖੇਤਰਾਂ ਵਿੱਚ ਵੀ ਮਹਿਸੂਸ ਕੀਤੇ ਜਾਣਗੇ ਅਤੇ ਇਸ ਦਾ ਅਸਰ ਪੂਰੀ ਦੁਨੀਆ 'ਤੇ ਹੋਵੇਗਾ।

### ਖਾਣਾ-ਪੀਣਾ ਕਾਫ਼ੀ ਮਹਿੰਗਾ ਹੋ ਜਾਵੇਗਾ

ਮੌਜੂਦਾ ਸੰਘਰਸ਼ ਦਾ ਅਸਰ ਉਨ੍ਹਾਂ ਦੇਸ਼ਾਂ 'ਤੇ ਵੀ ਪੈ ਰਿਹਾ ਹੈ ਜੋ ਦੁਨੀਆ ਦੇ ਵੱਡੇ ਖਾਦ ਨਿਰਯਾਤਕ (ਬਰਾਮਦ ਕਰਨ ਵਾਲੇ) ਹਨ। ਇਕਨਾਮਿਕ ਕਾਮਪਲੇਕਸਿਟੀ ਆਬਜ਼ਰਵੇਟਰੀ ਦੇ ਅੰਕੜਿਆਂ ਮੁਤਾਬਕ, ਓਮਾਨ, ਕਤਰ, ਸਾਊਦੀ ਅਰਬ ਅਤੇ ਸੰਯੁਕਤ ਅਰਬ ਅਮੀਰਾਤ ਨਾਈਟ੍ਰੋਜਨ ਆਧਾਰਿਤ ਖਾਦਾਂ ਦੇ ਦੁਨੀਆ ਦੇ ਚਾਰ ਸਭ ਤੋਂ ਵੱਡੇ ਨਿਰਯਾਤਕ ਹਨ। ਇਹ ਖਾਦਾਂ ਕੁਦਰਤੀ ਗੈਸ ਤੋਂ ਪੈਦਾ ਕੀਤੀਆਂ ਜਾਂਦੀਆਂ ਹਨ ਅਤੇ ਉਨ੍ਹਾਂ ਫਸਲਾਂ ਲਈ ਵਰਤੀਆਂ ਜਾਂਦੀਆਂ ਹਨ ਜਿਨ੍ਹਾਂ ਨਾਲ ਦੁਨੀਆ ਦੇ ਅੱਧੇ ਭੋਜਨ ਪਦਾਰਥ ਪੈਦਾ ਹੁੰਦੇ ਹਨ। ਹਾਲਾਂਕਿ ਜੰਗ ਦੇ ਬਾਵਜੂਦ ਇਸ ਖੇਤਰ ਦੀਆਂ ਜ਼ਿਆਦਾਤਰ ਖਾਦ ਕੰਪਨੀਆਂ ਹੁਣ ਤੱਕ ਕੰਮ ਕਰ ਰਹੀਆਂ ਹਨ, ਪਰ ਕਤਰ ਐਨਰਜੀ ਨੂੰ ਆਪਣਾ ਉਤਪਾਦਨ ਰੋਕਣਾ ਪਿਆ ਸੀ। ਇਹ ਯੂਰੀਆ ਬਣਾਉਣ ਵਾਲੀਆਂ ਪ੍ਰਮੁੱਖ ਕੰਪਨੀਆਂ ਵਿੱਚੋਂ ਇੱਕ ਹੈ। ਅਸਲ ਵਿੱਚ ਈਰਾਨ ਦੇ ਡਰੋਨ ਅਤੇ ਮਿਜ਼ਾਈਲ ਹਮਲਿਆਂ ਕਰਕੇ ਗੈਸ ਦੀ ਸਪਲਾਈ ਵਿੱਚ ਰੁਕਾਵਟ ਆ ਗਈ ਸੀ। ਦੂਜੇ ਪਾਸੇ, ਭਾਵੇਂ ਕੁਝ ਕੰਪਨੀਆਂ ਨੇ ਉਤਪਾਦਨ ਜਾਰੀ ਰੱਖਿਆ ਹੋਇਆ ਹੈ, ਪਰ ਉਨ੍ਹਾਂ ਨੂੰ ਇਸ ਦਾ ਪੂਰਾ ਲਾਭ ਨਹੀਂ ਮਿਲ ਪਾ ਰਿਹਾ ਹੈ। ਹੋਰਮੁਜ਼ ਸਟ੍ਰੇਟ ਲਗਭਗ ਬੰਦ ਹੋਣ ਕਰਕੇ ਇਹ ਕੰਪਨੀਆਂ ਖਾਦਾਂ (ਫਰਟਿਲਾਈਜ਼ਰ) ਨਿਰਯਾਤ ਨਹੀਂ ਕਰ ਪਾ ਰਹੀਆਂ ਹਨ। ਬਲੂਮਬਰਗ ਦੇ ਮੁਤਾਬਕ, ਦੁਨੀਆ ਦੀ ਕੁੱਲ ਫਰਟਿਲਾਈਜ਼ਰ ਸਪਲਾਈ ਦਾ ਲਗਭਗ ਇੱਕ-ਤਿਹਾਈ ਹਿੱਸਾ ਇਸੇ ਰਸਤੇ ਰਾਹੀਂ ਜਾਂਦਾ ਹੈ।

ਇਸ ਸਥਿਤੀ ਨੂੰ ਇਹ ਤੱਥ ਹੋਰ ਵੀ ਗੰਭੀਰ ਬਣਾਉਂਦਾ ਹੈ ਕਿ ਈਰਾਨ ਖੁਦ ਵੀ ਫਰਟਿਲਾਈਜ਼ਰ ਦਾ ਨਿਰਯਾਤਕ ਹੈ। ਚੀਨ ਨੇ 2025 ਦੇ ਅੰਤ ਵਿੱਚ ਇਹ ਫ਼ੈਸਲਾ ਕੀਤਾ ਸੀ ਕਿ ਉਹ ਫਾਸਫੇਟ ਖਾਦਾਂ ਦਾ ਨਿਰਯਾਤ (ਬਰਾਮਦ) ਪੂਰੀ ਤਰ੍ਹਾਂ ਰੋਕ ਦੇਵੇਗਾ ਅਤੇ ਅਗਸਤ 2026 ਤੱਕ ਯੂਰੀਆ ਦੇ ਨਿਰਯਾਤ 'ਤੇ ਸਖ਼ਤ ਪਾਬੰਦੀਆਂ ਲਗਾਏਗਾ ਤਾਂ ਜੋ ਆਪਣੇ ਦੇਸ਼ ਦੇ ਕਿਸਾਨਾਂ ਲਈ ਲੋੜੀਂਦੀ ਸਪਲਾਈ ਯਕੀਨੀ ਬਣਾਈ ਜਾ ਸਕੇ। ਇਕਨਾਮਿਕ ਕਾਮਪਲੇਕਸਿਟੀ ਆਬਜ਼ਰਵੇਟਰੀ ਦੇ ਅਨੁਸਾਰ, ਚੀਨ ਇਸ ਵੇਲੇ ਦੁਨੀਆ ਦਾ ਸਭ ਤੋਂ ਵੱਡਾ ਨਾਈਟ੍ਰੋਜਨ ਖਾਦ ਨਿਰਯਾਤਕ ਹੈ। ਇਨ੍ਹਾਂ ਸਾਰੇ ਕਾਰਨਾਂ ਦਾ ਨਤੀਜਾ ਇਹ ਹੈ ਕਿ ਖਾਦਾਂ ਦੀਆਂ ਕੀਮਤਾਂ ਹੁਣ ਤੇਜ਼ੀ ਨਾਲ ਵਧਣ ਲੱਗੀਆਂ ਹਨ। ਅਮਰੀਕਾ ਵਿੱਚ ਖਾਦਾਂ ਦੇ ਸਭ ਤੋਂ ਵੱਡਾ ਪ੍ਰਵੇਸ਼ ਦੁਆਰ ਮੰਨੀ ਜਾਣ ਵਾਲੀ ਨਿਊ ਔਰਲੀਅਨਜ਼ ਬੰਦਰਗਾਹ 'ਤੇ, ਜੰਗ ਦੇ ਪਹਿਲੇ ਹੀ ਹਫ਼ਤੇ ਵਿੱਚ ਖਾਦਾਂ ਦੀ ਕੀਮਤ 516 ਡਾਲਰ ਪ੍ਰਤੀ ਟਨ ਤੋਂ ਵਧ ਕੇ 683 ਡਾਲਰ ਪ੍ਰਤੀ ਟਨ ਤੱਕ ਪਹੁੰਚ ਗਈ। ਇਹ ਸਥਿਤੀ ਉਸ ਵੇਲੇ ਸਾਹਮਣੇ ਆਈ ਹੈ ਜਦੋਂ ਉੱਤਰੀ ਗੋਲਾਰਧ ਦੇਸ਼ਾਂ ਵਿੱਚ ਕਿਸਾਨ ਬੁਆਈ ਦੀ ਤਿਆਰੀ ਕਰ ਰਹੇ ਹੁੰਦੇ ਹਨ। ਇਸ ਲਈ ਹਾਲਾਤ ਹੋਰ ਵੀ ਮੁਸ਼ਕਲ ਹੋ ਗਏ ਹਨ। ਅਮਰੀਕਨ ਫਾਰਮ ਬਿਊਰੋ ਫੈਡਰੇਸ਼ਨ ਦੇ ਅੰਕੜਿਆਂ ਮੁਤਾਬਕ, ਅਮਰੀਕਾ ਵਿੱਚ ਹਰ ਸਾਲ ਮਾਰਚ ਅਤੇ ਅਪ੍ਰੈਲ ਮਹੀਨਿਆਂ ਵਿੱਚ ਹੀ ਖਾਦਾਂ ਦਾ ਲਗਭਗ 25 ਫ਼ੀਸਦੀ ਹਿੱਸਾ ਆਯਾਤ (ਦਰਾਮਦ) ਕੀਤਾ ਜਾਂਦਾ ਹੈ।

ਸਾਊਥ ਕੈਰੋਲੀਨਾ ਵਿੱਚ ਕਪਾਹ, ਮੱਕੀ ਅਤੇ ਸੋਇਆਬੀਨ ਦੀ ਖੇਤੀ ਕਰਨ ਵਾਲੇ ਕਿਸਾਨ ਹੈਰੀ ਓਟ ਨੇ ਬੀਬੀਸੀ ਨਾਲ ਗੱਲ ਕਰਦਿਆਂ ਕਿਹਾ, "ਇਸਦੇ ਲਈ ਇਸ ਤੋਂ ਮਾੜਾ ਸਮਾਂ ਹੋਰ ਕੋਈ ਨਹੀਂ ਹੋ ਸਕਦਾ ਸੀ।"

ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਜੇ ਇਹ ਸੰਘਰਸ਼ ਲੰਮਾ ਚੱਲਦਾ ਹੈ ਤਾਂ ਇੱਕ ਤੋਂ ਤਿੰਨ ਮਹੀਨਿਆਂ ਦੇ ਅੰਦਰ ਉਪਭੋਗਤਾਵਾਂ ਨੂੰ ਖਾਣ-ਪੀਣ ਦੀਆਂ ਚੀਜ਼ਾਂ 'ਤੇ ਇਸ ਦਾ ਅਸਰ ਮਹਿਸੂਸ ਹੋਣ ਲੱਗ ਪਵੇਗਾ। ਨਾ ਸਿਰਫ਼ ਭੋਜਨ ਪਦਾਰਥ ਮਹਿੰਗੇ ਹੋਣਗੇ, ਸਗੋਂ ਉਨ੍ਹਾਂ ਦੀ ਘਾਟ ਵੀ ਹੋ ਸਕਦੀ ਹੈ, ਕਿਉਂਕਿ ਲੋੜੀਂਦੀ ਮਾਤਰਾ ਵਿੱਚ ਖਾਦਾਂ ਨਾ ਮਿਲਣ ਕਰਕੇ ਫਸਲਾਂ ਘੱਟ ਹੋਣਗੀਆਂ। ਇਸ ਦਾ ਸਭ ਤੋਂ ਗੰਭੀਰ ਅਸਰ ਗਰੀਬ ਦੇਸ਼ਾਂ ਅਤੇ ਸਮਾਜ ਦੇ ਸਭ ਤੋਂ ਕਮਜ਼ੋਰ ਵਰਗਾਂ 'ਤੇ ਪੈ ਸਕਦਾ ਹੈ, ਜਿੱਥੇ ਇਹ ਸਥਿਤੀ ਭੁੱਖਮਰੀ ਵਿੱਚ ਤਬਦੀਲ ਹੋ ਸਕਦੀ ਹੈ। ਸੰਯੁਕਤ ਰਾਸ਼ਟਰ ਦੇ ਵਿਸ਼ਵ ਭੋਜਨ ਪ੍ਰੋਗਰਾਮ ਨੇ ਇੱਕ ਬਿਆਨ ਵਿੱਚ ਚੇਤਾਵਨੀ ਦਿੱਤੀ ਹੈ, "ਮੱਧ ਪੂਰਬ ਵਿੱਚ ਵਧਦੇ ਸੰਘਰਸ਼ ਕਰਕੇ ਭੋਜਨ ਅਤੇ ਇੰਧਨ ਦੀਆਂ ਕੀਮਤਾਂ ਵਿੱਚ ਆਈ ਅਚਾਨਕ ਤੇਜ਼ੀ ਇੱਕ ਅਜਿਹਾ ਡੋਮਿਨੋ ਪ੍ਰਭਾਵ ਪੈਦਾ ਕਰ ਸਕਦੀ ਹੈ, ਜੋ ਇਸ ਖੇਤਰ ਅਤੇ ਦੁਨੀਆ ਦੇ ਹੋਰ ਹਿੱਸਿਆਂ ਵਿੱਚ ਰਹਿੰਦੀ ਕਮਜ਼ੋਰ ਅਬਾਦੀ ਲਈ ਭੁੱਖ ਦੀ ਸਮੱਸਿਆ ਨੂੰ ਹੋਰ ਗੰਭੀਰ ਬਣਾ ਦੇਵੇਗੀ।"

### ਦਵਾਈਆਂ ਦੀ ਸਪਲਾਈ 'ਤੇ ਪਵੇਗਾ ਅਸਰ

ਮੱਧ ਪੂਰਬ ਵਿੱਚ ਚੱਲ ਰਹੀ ਜੰਗ ਹੁਣ ਦਵਾਈਆਂ ਅਤੇ ਫਾਰਮਾਸਿਊਟਿਕਲ ਉਤਪਾਦਾਂ ਦੀ ਵਿਸ਼ਵ ਪੱਧਰੀ ਸਪਲਾਈ ਚੇਨ ਨੂੰ ਵੀ ਪ੍ਰਭਾਵਿਤ ਕਰਨ ਲੱਗੀ ਹੈ। ਇਸ ਦਾ ਸਭ ਤੋਂ ਵੱਡਾ ਕਾਰਨ ਹੈ ਦੁਬਈ 'ਤੇ ਹੋਏ ਹਮਲੇ। ਦੁਬਈ ਨੂੰ ਦੁਨੀਆ ਦੇ ਫਾਰਮਾ ਖੇਤਰ ਦਾ ਇੱਕ ਮਹੱਤਵਪੂਰਨ ਲਾਜਿਸਟਿਕ ਸੈਂਟਰ ਮੰਨਿਆ ਜਾਂਦਾ ਹੈ। ਸੰਯੁਕਤ ਅਰਬ ਅਮੀਰਾਤ ਦਾ ਸਭ ਤੋਂ ਵੱਧ ਅਬਾਦੀ ਵਾਲੇ ਇਸ ਸ਼ਹਿਰ ਵਿੱਚ ਦੁਨੀਆ ਦੇ ਸਭ ਤੋਂ ਵਿਅਸਤ ਅੰਤਰ-ਰਾਸ਼ਟਰੀ ਹਵਾਈ ਅੱਡਿਆਂ ਵਿੱਚੋਂ ਇੱਕ ਹੈ, ਜਿੱਥੇ ਸਾਲ 2025 ਵਿੱਚ ਲਗਭਗ 9.5 ਕਰੋੜ ਯਾਤਰੀਆਂ ਦੀ ਆਵਾਜਾਈ ਦਰਜ ਕੀਤੀ ਗਈ ਹੈ।

ਇਹੀ ਹਵਾਈ ਅੱਡਾ ਦਵਾਈਆਂ ਅਤੇ ਹੋਰ ਫਾਰਮਾਸਿਊਟਿਕਲ ਉਤਪਾਦਾਂ ਦੇ ਕਾਰਗੋ ਡਿਸਟ੍ਰੀਬਿਊਸ਼ਨ ਦਾ ਵੀ ਇੱਕ ਵੱਡਾ ਕੇਂਦਰ ਹੈ, ਖ਼ਾਸ ਕਰਕੇ ਉਨ੍ਹਾਂ ਦਵਾਈਆਂ ਲਈ ਜਿਨ੍ਹਾਂ ਨੂੰ ਠੰਢੇ ਤਾਪਮਾਨ, ਭਾਵ 'ਕੋਲਡ ਚੇਨ', ਵਿੱਚ ਰੱਖਣਾ ਲਾਜ਼ਮੀ ਹੁੰਦਾ ਹੈ। ਇਹ ਹਵਾਈ ਅੱਡਾ ਭਾਰਤ ਦੇ ਫਾਰਮਾਸਿਊਟਿਕਲ ਉਦਯੋਗ ਲਈ ਖ਼ਾਸ ਤੌਰ 'ਤੇ ਬਹੁਤ ਮਹੱਤਵਪੂਰਨ ਹੈ।

ਭਾਰਤ ਦੁਨੀਆ ਵਿੱਚ ਜੇਨੇਰਿਕ ਦਵਾਈਆਂ ਦਾ ਸਭ ਤੋਂ ਵੱਡਾ ਸਪਲਾਇਰ ਹੈ ਅਤੇ ਦੇਸ਼ ਦੇ ਵਪਾਰ ਮੰਤਰਾਲੇ ਦੇ ਅੰਕੜਿਆਂ ਮੁਤਾਬਕ, ਦੁਨੀਆ ਵਿੱਚ ਵਰਤੇ ਜਾਣ ਵਾਲੇ ਲਗਭਗ 60 ਫ਼ੀਸਦੀ ਟੀਕੇ ਭਾਰਤ ਵਿੱਚ ਹੀ ਬਣਦੇ ਹਨ। ਅਸਲ ਵਿੱਚ, ਐਮਿਰੇਟਸ ਏਅਰਲਾਈਨ ਦੀ ਇੱਕ ਵਿਸ਼ੇਸ਼ ਕਾਰਗੋ ਸਹੂਲਤ ਹੈ - ਐਮਿਰੇਟਸ ਸਕਾਈਫਾਰਮਾ। ਇਸ ਨੂੰ ਖ਼ਾਸ ਤੌਰ 'ਤੇ ਤਾਪਮਾਨ ਪ੍ਰਤੀ ਸੰਵੇਦਨਸ਼ੀਲ ਦਵਾਈਆਂ ਦੀ ਸ਼ਿਪਮੈਂਟ ਸੰਭਾਲਣ ਲਈ ਬਣਾਇਆ ਗਿਆ ਹੈ। ਦੁਬਈ ਵਿੱਚ ਜੇਬੇਲ ਅਲੀ ਪੋਰਟ ਵੀ ਮੌਜੂਦ ਹੈ, ਜਿਸ ਨੂੰ ਦੁਨੀਆ ਦਾ ਨੌਵਾਂ ਸਭ ਤੋਂ ਵਿਅਸਤ ਕਾਰਗੋ ਪੋਰਟ ਅਤੇ ਮੱਧ ਪੂਰਬ ਦੀ ਸਭ ਤੋਂ ਵੱਡੀ ਬੰਦਰਗਾਹ ਮੰਨਿਆ ਜਾਂਦਾ ਹੈ। ਜੇਬੇਲ ਅਲੀ ਫ੍ਰੀ ਜ਼ੋਨ ਅਥਾਰਟੀ (ਜਾਫ਼ਜ਼ਾ) ਦੇ ਅਨੁਸਾਰ, ਇਸ ਪੋਰਟ ਵਿੱਚ 60 ਦੇਸ਼ਾਂ ਦੀਆਂ ਕਰੀਬ 400 ਕੰਪਨੀਆਂ ਕੰਮ ਕਰ ਰਹੀਆਂ ਹਨ, ਜੋ ਫਾਰਮਾਸਿਊਟਿਕਲ ਅਤੇ ਹੈਲਥ ਸੈਕਟਰ ਨਾਲ ਸੰਬੰਧਿਤ ਹਨ। ਅਧਿਕਾਰੀਆਂ ਦਾ ਕਹਿਣਾ ਹੈ ਕਿ ਸਾਲ 2020 ਵਿੱਚ ਦੁਬਈ ਦੇ ਕੁੱਲ ਦਵਾਈ ਅਤੇ ਮੈਡੀਕਲ ਉਤਪਾਦਾਂ ਦਾ ਲਗਭਗ 50 ਫ਼ੀਸਦੀ ਹਿੱਸਾ ਇਸੇ ਰਸਤੇ ਰਾਹੀਂ ਲੰਘਿਆ ਸੀ, ਜਿਸ ਦੀ ਕੁੱਲ ਕੀਮਤ ਲਗਭਗ 21.8 ਅਰਬ ਅਮਰੀਕੀ ਡਾਲਰ ਸੀ। ਭਾਰਤ ਤੋਂ ਨਿਰਯਾਤ (ਬਰਾਮਦ) ਹੋਣ ਵਾਲੀਆਂ ਦਵਾਈਆਂ ਦਾ ਇੱਕ ਵੱਡਾ ਹਿੱਸਾ ਇਸੇ ਦੁਬਈ ਪੋਰਟ ਰਾਹੀਂ ਲੰਘਦਾ ਹੈ। ਇੱਥੋਂ ਇਹ ਦਵਾਈਆਂ ਫ਼ਾਰਸ ਦੀ ਖਾੜੀ ਦੇ ਹੋਰ ਦੇਸ਼ਾਂ, ਅਫ਼ਰੀਕਾ, ਯੂਰਪ ਅਤੇ ਹੋਰ ਖੇਤਰਾਂ ਵਿੱਚ ਭੇਜੀਆਂ ਜਾਂਦੀਆਂ ਹਨ।

ਪਰ ਈਰਾਨ ਵੱਲੋਂ ਕੀਤੇ ਗਏ ਫੌਜੀ ਹਮਲਿਆਂ ਕਾਰਨ ਦੁਬਈ ਦੀ ਬੰਦਰਗਾਹ ਅਤੇ ਹਵਾਈ ਅੱਡੇ ਦੋਹਾਂ ਨੂੰ ਨੁਕਸਾਨ ਪਹੁੰਚਿਆ ਹੈ। ਇਸ ਕਾਰਨ ਉਨ੍ਹਾਂ ਦੀਆਂ ਆਮ ਗਤੀਵਿਧੀਆਂ ਵਿੱਚ ਰੁਕਾਵਟ ਆਈ ਹੈ। ਹਵਾਈ ਮਾਰਗ ਰਾਹੀਂ ਕਾਰਗੋ ਟ੍ਰਾਂਸਪੋਰਟ, ਦਵਾਈ ਉਦਯੋਗ ਲਈ ਬਹੁਤ ਮਹੱਤਵਪੂਰਨ ਹੁੰਦਾ ਹੈ। ਖ਼ਾਸ ਕਰਕੇ ਉਨ੍ਹਾਂ ਸ਼ਿਪਮੈਂਟਾਂ ਲਈ ਜਿਨ੍ਹਾਂ ਦੀ ਕੀਮਤ ਵੱਧ ਹੁੰਦੀ ਹੈ ਅਤੇ ਜਿਨ੍ਹਾਂ ਨੂੰ ਤੁਰੰਤ ਭੇਜਣਾ ਲਾਜ਼ਮੀ ਹੁੰਦਾ ਹੈ ਜਾਂ ਜਿਨ੍ਹਾਂ ਨੂੰ ਨਿਯੰਤਰਿਤ ਤਾਪਮਾਨ, ਭਾਵ ਕੋਲਡ ਚੇਨ ਵਿੱਚ ਰੱਖਣਾ ਪੈਂਦਾ ਹੈ। ਹਾਲਾਂਕਿ ਦੁਬਈ ਦੇ ਕੁਝ ਬਦਲ ਮੌਜੂਦ ਹਨ, ਪਰ ਉਨ੍ਹਾਂ ਵਿੱਚੋਂ ਜ਼ਿਆਦਾਤਰ ਦੀ ਸਮਰੱਥਾ ਘੱਟ ਹੈ। ਇਨ੍ਹਾਂ ਰਸਤਿਆਂ ਰਾਹੀਂ ਮਾਲ ਪਹੁੰਚਾਉਣ ਵਿੱਚ ਵੱਧ ਸਮਾਂ ਲੱਗਦਾ ਹੈ ਅਤੇ ਲਾਗਤ ਵੀ ਵੱਧ ਆਉਂਦੀ ਹੈ। ਹੁਣ ਅੱਗੇ ਨਤੀਜਾ ਇਹ ਹੋ ਸਕਦਾ ਹੋ ਕਿ ਅੱਗੇ ਚੱਲ ਕੇ ਦਵਾਈਆਂ ਦੀਆਂ ਕੀਮਤਾਂ ਵਧ ਸਕਦੀਆਂ ਹਨ ਅਤੇ ਦਵਾਈਆਂ ਦੀ ਉਪਲੱਬਧਤਾ ਵੀ ਪ੍ਰਭਾਵਿਤ ਹੋ ਸਕਦੀ ਹੈ। ਭਾਰਤ ਦੇ ਵਪਾਰ ਮੰਤਰਾਲੇ ਦੇ ਅਨੁਸਾਰ, ਭਾਰਤ ਦਾ ਫਾਰਮਾਸਿਊਟਿਕਲ ਉਦਯੋਗ ਦੁਨੀਆ ਦੇ ਕਰੀਬ 200 ਦੇਸ਼ਾਂ ਨੂੰ ਦਵਾਈਆਂ ਨਿਰਯਾਤ ਕਰਦਾ ਹੈ। ਇਸ ਦੇ ਮੁੱਖ ਬਾਜ਼ਾਰਾਂ ਵਿੱਚ ਅਮਰੀਕਾ, ਬ੍ਰਿਟੇਨ, ਬ੍ਰਾਜ਼ੀਲ, ਫਰਾਂਸ ਅਤੇ ਦੱਖਣੀ ਅਫ਼ਰੀਕਾ ਸ਼ਾਮਲ ਹਨ। ਦੁਬਈ ਦਾ ਹਵਾਈ ਅੱਡਾ ਅਤੇ ਬੰਦਰਗਾਹ ਸਿਰਫ਼ ਟ੍ਰਾਂਜ਼ਿਟ ਪੌਇੰਟ ਨਹੀਂ ਹਨ, ਸਗੋਂ ਇਹ ਦਵਾਈਆਂ ਦੇ ਸਟੋਰੇਜ ਅਤੇ ਦੁਬਾਰਾ ਨਿਰਯਾਤ (ਰੀ-ਐਕਸਪੋਰਟ) ਦੇ ਵੀ ਵੱਡੇ ਕੇਂਦਰ ਹਨ। ਇਸੇ ਕਰਕੇ ਵਿਸ਼ਵ ਫਾਰਮਾਸਿਊਟਿਕਲ ਕਾਰੋਬਾਰ ਵਿੱਚ ਦੁਬਈ ਦੀ ਭੂਮਿਕਾ ਮਹੱਤਵਪੂਰਨ ਅਤੇ ਕੇਂਦਰੀ ਮੰਨੀ ਜਾਂਦੀ ਹੈ।

### ਧਾਤਾਂ, ਰਸਾਇਣ ਅਤੇ ਇਲੈਕਟ੍ਰਾਨਿਕ ਉਪਕਰਣਾਂ ਦੀ ਸਪਲਾਈ 'ਤੇ ਅਸਰ

ਜੰਗ ਦਾ ਅਸਰ ਹੁਣ ਉਨ੍ਹਾਂ ਰਸਾਇਣਾਂ ਅਤੇ ਕੱਚੇ ਮਾਲ ਦੀ ਸਪਲਾਈ 'ਤੇ ਵੀ ਪੈਣ ਲੱਗ ਪਿਆ ਹੈ, ਜੋ ਉਦਯੋਗਿਕ ਉਤਪਾਦਨ ਲਈ ਬਹੁਤ ਜ਼ਰੂਰੀ ਹੁੰਦੇ ਹਨ। ਇਨ੍ਹਾਂ ਵਿੱਚ ਸਲਫ਼ਰ ਵਰਗੇ ਰਸਾਇਣਕ ਤੱਤ ਅਤੇ ਐਲੂਮੀਨੀਅਮ ਵਰਗੇ ਕੱਚੇ ਪਦਾਰਥ ਸ਼ਾਮਲ ਹਨ। ਸਾਊਦੀ ਅਰਬ, ਸੰਯੁਕਤ ਅਰਬ ਅਮੀਰਾਤ, ਕਤਰ, ਕੁਵੈਤ ਅਤੇ ਈਰਾਨ ਉਹ ਮੁੱਖ ਦੇਸ਼ ਹਨ ਜੋ ਸਲਫ਼ਰ ਦਾ ਨਿਰਯਾਤ (ਬਰਾਮਦ) ਕਰਦੇ ਹਨ। ਸਲਫ਼ਰ, ਤੇਲ ਅਤੇ ਗੈਸ ਦੀ ਰਿਫ਼ਾਈਨਿੰਗ ਦੌਰਾਨ ਨਿਕਲਣ ਵਾਲਾ ਇੱਕ ਬਾਈ-ਪ੍ਰੋਡਕਟ ਹੁੰਦਾ ਹੈ।

ਯੂਐਸ ਜਿਓਲੌਜਿਕਲ ਸਰਵਿਸ ਦੇ ਮੁਤਾਬਕ, ਦੁਨੀਆ ਵਿੱਚ ਬਣਨ ਵਾਲੇ ਕੁੱਲ ਸਲਫ਼ਰ ਦਾ ਲਗਭਗ 24 ਫ਼ੀਸਦੀ ਹਿੱਸਾ ਮੱਧ ਪੂਰਬ ਤੋਂ ਆਉਂਦਾ ਹੈ। ਇਸ ਦਾ ਇੱਕ ਵੱਡਾ ਹਿੱਸਾ ਖਾਦਾਂ ਦੇ ਉਤਪਾਦਨ ਵਿੱਚ ਇਸਤੇਮਾਲ ਹੁੰਦਾ ਹੈ, ਪਰ ਸਲਫ਼ਰ ਦੀ ਭੂਮਿਕਾ ਇੱਥੋਂ ਤੱਕ ਸੀਮਿਤ ਨਹੀਂ ਹੈ। ਇਸਦੀ ਵਰਤੋਂ ਤਾਂਬੇ ਅਤੇ ਨਿਕਲ ਵਰਗੀਆਂ ਧਾਤਾਂ ਨੂੰ ਕੱਢਣ ਵਿੱਚ ਵੀ ਹੁੰਦੀ ਹੈ, ਜੋ ਅੱਗੇ ਚੱਲ ਕੇ ਉਪਕਰਣਾਂ, ਗੱਡੀਆਂ, ਬਿਜਲੀ ਗ੍ਰਿਡ, ਸੈਮੀਕੰਡਕਟਰ, ਬੈਟਰੀਆਂ ਅਤੇ ਸਟੇਨਲੇਸ ਸਟੀਲ ਵਰਗੇ ਕਈ ਮਹੱਤਵਪੂਰਨ ਉਤਪਾਦਾਂ ਦੇ ਨਿਰਮਾਣ ਵਿੱਚ ਕੰਮ ਆਉਂਦੀਆਂ ਹਨ। ਇਸ ਖੇਤਰ ਵਿੱਚ ਜੰਗ ਦੇ ਅਸਰ ਹੁਣ ਸਪਸ਼ਟ ਦਿਖਾਈ ਦੇਣ ਲੱਗੇ ਹਨ। ਸੰਘਰਸ਼ ਦੇ ਪਹਿਲੇ ਹੀ ਹਫ਼ਤੇ ਵਿੱਚ ਇੰਡੋਨੇਸ਼ੀਆ ਦੀਆਂ ਨਿਕਲ ਉਤਪਾਦਕ ਕੰਪਨੀਆਂ ਨੇ ਉਤਪਾਦਨ ਵਿੱਚ ਕਟੌਤੀ ਦੀ ਘੋਸ਼ਣਾ ਕਰ ਦਿੱਤੀ ਗਈ। ਇੰਡੋਨੇਸ਼ੀਆ ਦੁਨੀਆ ਦੇ ਕੁੱਲ ਨਿਕਲ ਦੇ 50 ਫ਼ੀਸਦੀ ਤੋਂ ਵੱਧ ਹਿੱਸੇ ਦਾ ਉਤਪਾਦਨ ਕਰਦਾ ਹੈ। ਇਨ੍ਹਾਂ ਕੰਪਨੀਆਂ ਨੇ ਦੱਸਿਆ ਕਿ ਖਾੜੀ ਦੇਸ਼ਾਂ ਤੋਂ ਆਉਣ ਵਾਲੀ ਸਪਲਾਈ ਵਿੱਚ ਰੁਕਾਵਟ ਕਾਰਨ ਉਨ੍ਹਾਂ ਨੂੰ ਇਹ ਫ਼ੈਸਲਾ ਲੈਣਾ ਪਿਆ। ਗੌਰਤਲਬ ਹੈ ਕਿ ਇਹ ਕੰਪਨੀਆਂ ਜਿਸ ਸਲਫ਼ਰ ਦੀ ਵਰਤੋਂ ਕਰਦੀਆਂ ਹਨ, ਉਸ ਦਾ ਲਗਭਗ 75 ਫ਼ੀਸਦੀ ਹਿੱਸਾ ਇਨ੍ਹਾਂ ਹੀ ਖਾੜੀ ਦੇਸ਼ਾਂ ਤੋਂ ਆਉਂਦਾ ਹੈ। ਏਜੰਸੀਆਂ ਨੇ ਦੱਸਿਆ ਹੈ ਕਿ ਅਫ਼ਰੀਕਾ ਵਿੱਚ ਤਾਂਬੇ ਦੇ ਵੀ ਕੁਝ ਉਤਪਾਦਕ ਇਸੇ ਤਰ੍ਹਾਂ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਹੋ ਸਕਦੇ ਹਨ।

ਖਬਰ ਏਜੰਸੀਆਂ ਮੁਤਾਬਕ, "ਸਪਲਾਈ ਨੂੰ ਲੈਕੇ ਹੋਣ ਵਾਲੀ ਜੱਦੋ-ਜਹਿਦ ਵਿੱਚ ਇੰਡੋਨੇਸ਼ੀਆ ਦੀਆਂ ਨਿਕਲ ਰਿਫ਼ਾਈਨਰੀਆਂ ਇੱਕ ਪਾਸੇ ਹੋਣਗੀਆਂ, ਅਫ਼ਰੀਕਾ ਦੀਆਂ ਤਾਂਬੇ ਦੀਆਂ ਖਾਣਾਂ ਦੂਜੇ ਪਾਸੇ। ਅਤੇ ਦੋਹਾਂ ਦੇ ਸਾਹਮਣੇ ਦੁਨੀਆ ਭਰ ਦੇ ਖਾਦ ਨਿਰਮਾਤਾ ਹੋਣਗੇ, ਜੋ ਮੱਧ ਪੂਰਬ ਤੋਂ ਆਉਣ ਵਾਲੇ ਸਲਫ਼ਰ ਦੇ ਬਦਲ ਲੱਭ ਰਹੇ ਹਨ।" ਸਲਫ਼ਰ ਤੋਂ ਬਣਨ ਵਾਲਾ ਸਲਫਿਊਰਿਕ ਐਸਿਡ ਸੈਮੀਕੰਡਕਟਰ ਅਤੇ ਚਿੱਪਾਂ ਦੇ ਨਿਰਮਾਣ ਵਿੱਚ ਵਰਤੇ ਜਾਣ ਵਾਲੇ ਸਭ ਤੋਂ ਮਹੱਤਵਪੂਰਨ ਰਸਾਇਣਾਂ ਵਿੱਚੋਂ ਇੱਕ ਹੈ। ਇਸ ਤਰ੍ਹਾਂ ਜੇ ਇਸ ਰਸਾਇਣ ਦੀ ਸਪਲਾਈ ਵਿੱਚ ਰੁਕਾਵਟ ਆਉਂਦੀ ਹੈ ਤਾਂ ਇਸ ਦਾ ਅਸਰ ਉਨ੍ਹਾਂ ਅਣਗਿਣਤ ਉਤਪਾਦਾਂ ਦੇ ਨਿਰਮਾਣ 'ਤੇ ਪੈ ਸਕਦਾ ਹੈ, ਜੋ ਆਧੁਨਿਕ ਜੀਵਨ ਲਈ ਜ਼ਰੂਰੀ ਮੰਨੇ ਜਾਂਦੇ ਹਨ।

ਇਨ੍ਹਾਂ ਵਿੱਚ ਸਮਾਰਟਫ਼ੋਨ, ਕੰਪਿਊਟਰ, ਮੈਮੋਰੀ ਕਾਰਡ, ਵਾਹਨ ਅਤੇ ਘਰਾਂ, ਦਫ਼ਤਰਾਂ ਅਤੇ ਫੈਕਟਰੀਆਂ ਵਿੱਚ ਵਰਤੇ ਜਾਣ ਵਾਲੇ ਹਰ ਕਿਸਮ ਦੇ ਇਲੈਕਟ੍ਰਾਨਿਕ ਉਪਕਰਣ ਸ਼ਾਮਲ ਹਨ। ਇਹ ਪਹਿਲੀ ਵਾਰ ਨਹੀਂ ਹੈ ਜਦੋਂ ਦੁਨੀਆ ਅਜਿਹੀ ਸਥਿਤੀ ਦਾ ਸਾਹਮਣਾ ਕਰ ਰਹੀ ਹੈ। ਕੋਵਿਡ-19 ਮਹਾਮਾਰੀ ਦੌਰਾਨ ਵੀ ਚਿੱਪਾਂ ਦੀ ਭਾਰੀ ਘਾਟ ਦੇਖਣ ਨੂੰ ਮਿਲੀ ਸੀ, ਜਿਸ ਦਾ ਅਸਰ ਨਾ ਸਿਰਫ਼ ਉਤਪਾਦਨ 'ਤੇ ਪਿਆ ਸੀ, ਸਗੋਂ ਉਪਭੋਗਤਾਵਾਂ ਨੂੰ ਇਸਦੇ ਲਈ ਵੱਧ ਕੀਮਤ ਵੀ ਦੇਣੀ ਪਈ ਸੀ।

ਇਸ ਵਾਰ ਸਥਿਤੀ ਨੂੰ ਹੋਰ ਜਟਿਲ ਬਣਾਉਣ ਵਾਲਾ ਇੱਕ ਕਾਰਣ ਹੋਰ ਵੀ ਹੈ - ਆਰਟੀਫ਼ਿਸ਼ਲ ਇੰਟੈਲੀਜੈਂਸ ਨਾਲ ਸੰਬੰਧਿਤ ਮਾਡਲਾਂ ਨੂੰ ਵਿਕਸਿਤ ਕਰਨ ਅਤੇ ਲਾਗੂ ਕਰਨ ਵਾਲੀਆਂ ਕੰਪਨੀਆਂ ਵੱਲੋਂ ਚਿੱਪਾਂ ਦੀ ਮੰਗ ਬਹੁਤ ਜ਼ਿਆਦਾ ਹੈ।




## ਇੰਟਰਨੈਸ਼ਨਲ ਲੋਕ ਗਾਇਕ ਸੁਖਵਿੰਦਰ ਪੰਛੀ, ਗਾਇਕ ਕੁਲਵਿੰਦਰ ਜੋਹਲ ਦਾ ਨਵਾਂ ਟਰੈਕ "ਬਦਲਾ" ਬਣਿਆ ਹਰ ਵਰਗ ਦੀ ਪਸੰਦ

ਮਨੋਹਰ ਧਾਰੀਵਾਲ ਇੰਗਲੈਂਡ ਪੰਜਾਬੀ ਸੰਗੀਤ ਇੰਡਸਟਰੀ ਵਿੱਚ ਲੱਗਭਗ ਪਿਛਲੇ ਚਾਰ ਦਹਾਕਿਆਂ ਤੋਂ ਲੱਖਾਂ ਸਰੋਤਿਆਂ ਦੇ ਦਿਲਾਂ ਤੇ ਰਾਜ ਕਰਨ ਵਾਲੇ ਇੰਟਰਨੈਸ਼ਨਲ ਲੋਕ ਗਾਇਕ ਸੁਖਵਿੰਦਰ ਪੰਛੀ, ਗਾਇਕ ਕੁਲਵਿੰਦਰ ਜੋਹਲ ਦਾ ਟਰੈਕ "ਬਦਲਾ" ਹਰ ਵਰਗ ਦੀ ਪਸੰਦ ਬਣਿਆ ਹੋਇਆ ਹੈ। ਇਸ ਸਬੰਧੀ ਇੰਟਰਨੈਸ਼ਨਲ ਲੋਕ ਗਾਇਕ ਸੁਖਵਿੰਦਰ ਪੰਛੀ ਨੇ ਦੱਸਿਆ "ਬਦਲਾ" ਟਰੈਕ ਦੇ ਨਾਮਵਰ ਗੀਤਕਾਰ ਜਿੰਦਰ ਰੂਪੋਵਾਲੀਆ, ਸ਼ਮਸ਼ੇਰ ਸਿੰਘ ਸ਼ੈਰੀ ਡਾਡੀਆ, ਮਿਊਜ਼ਿਕ ਡਾਇਰੈਕਟਰ ਸਤਨਾਮ ਥਿਆੜਾ ਸੰਸਨੀ ਡੀ ਜੇ ਯੂਕੇ,ਵੀਡੀਓ ਡਾਇਰੈਕਟਰ ਰਿੱਕੀ ਐਮ ਕੇ ਯੂ ਕੇ, ਮਿਕਸਿੰਗ ਮਾਸਟਰ ਡਿੰਪਸ ਭੰਵਰਾ, ਰਿਕਾਰਡਿੰਗ ਸਟੂਡੀਓ ਦਿ ਹੈਪਰ ਲੈਬ ਯੂਕੇ ਸੁਪਰ ਸੋਨਿਕ ਸਟੂਡੀਓ ਜਲੰਧਰ, ਲੇਬਲ ਏ ਐਚ ਕੇ ਗਲੋਬਲ ਰਿਕਾਰਡਜ਼ ਦਾ ਹੈ।

ਇਹ ਟਰੈਕ ਵੱਖ ਵੱਖ ਸੋਸ਼ਲ ਸਾਈਟਾਂ ਅਤੇ ਯੂ ਟਿਊਬ ਤੇ ਵਰਲਡ ਵਾਈਡ ਰਿਲੀਜ਼ ਹੋਇਆ ਹੈ ਅਤੇ ਹਰ ਵਰਗ ਵੱਲੋਂ ਇਸ ਟਰੈਕ ਨੂੰ ਰੱਜਵਾ ਪਿਆਰ ਮੁਹੱਬਤ ਮਿਲ ਰਿਹਾ ਹੈ।

## AI ਬਚਾਏਗਾ ਨਵਜੰਮੇ ਬੱਚਿਆਂ ਦੀ ਜਾਨ

ਫਰੀਦਕੋਟ- ਆਰਟੀਫੀਸ਼ੀਅਲ ਇੰਟੈਲੀਜੈਂਸ (AI) ਹੁਣ ਮੈਡੀਕਲ ਦੇ ਖੇਤਰ ਵਿੱਚ ਵੀ ਨਵੀਆਂ ਸੰਭਾਵਨਾਵਾਂ ਦੇ ਦੁਆਰ ਖੋਲ੍ਹ ਰਿਹਾ ਹੈ। ਪੰਜਾਬ ਦੇ ਫਰੀਦਕੋਟ ਸਥਿਤ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਅਤੇ ਹਸਪਤਾਲ ਵਿੱਚ AI ਦੀ ਮਦਦ ਨਾਲ ਅਜਿਹੀ ਖੋਜ ਚੱਲ ਰਹੀ ਹੈ, ਜੋ ਨਵਜੰਮੇ ਬੱਚਿਆਂ ਵਿੱਚ ਸੈਪਸਿਸ ਕਾਰਨ ਹੋਣ ਵਾਲੀ ਮੌਤ ਦਰ ਨੂੰ ਕਾਫ਼ੀ ਹੱਦ ਤੱਕ ਘਟਾਉਣ ਦੀ ਦਿਸ਼ਾ ਵਿੱਚ ਮਹੱਤਵਪੂਰਨ ਸਾਬਤ ਹੋ ਸਕਦੀ ਹੈ। ਖੋਜ ਪੂਰੀ ਹੋਣ ਤੋਂ ਬਾਅਦ ਤਿਆਰ ਹੋਣ ਵਾਲਾ AI ਮਾਡਲ ਦੇਸ਼ ਭਰ ਦੇ ਮੈਡੀਕਲ ਕਾਲਜਾਂ ਅਤੇ ਹਸਪਤਾਲਾਂ ਵਿੱਚ ਲਾਗੂ ਕੀਤਾ ਜਾ ਸਕਦਾ ਹੈ। ਨਵਜੰਮੇ ਬੱਚਿਆਂ ਵਿੱਚ ਸੈਪਸਿਸ ਇੱਕ ਗੰਭੀਰ ਇਨਫੈਕਸ਼ਨ ਹੁੰਦਾ ਹੈ, ਜਿਸ ਦੀ ਸਮੇਂ ਸਿਰ ਪਛਾਣ ਨਾ ਹੋਣ 'ਤੇ ਇਹ ਜਾਨਲੇਵਾ ਸਾਬਤ ਹੋ ਸਕਦਾ ਹੈ। ਦੇਸ਼ ਵਿੱਚ ਹਰ ਸਾਲ ਵੱਡੀ ਗਿਣਤੀ ਵਿੱਚ ਨਵਜੰਮੇ ਬੱਚਿਆਂ ਦੀ ਮੌਤ ਇਸੇ ਇਨਫੈਕਸ਼ਨ ਕਾਰਨ ਹੁੰਦੀ ਹੈ। ਇਸ ਚੁਣੌਤੀ ਨਾਲ ਨਜਿੱਠਣ ਲਈ ਹਸਪਤਾਲ ਦੇ ਬਾਲ ਰੋਗ ਵਿਭਾਗ ਵਿੱਚ ਇੰਡੀਅਨ ਕੌਂਸਲ ਆਫ ਮੈਡੀਕਲ ਰਿਸਰਚ (ICMR), ਨਵੀਂ ਦਿੱਲੀ ਦੇ ਸਹਿਯੋਗ ਨਾਲ 'ਅਰਲੀ ਡਿਟੈਕਸ਼ਨ ਆਫ ਨਿਓਨੇਟਲ ਸੈਪਸਿਸ' ਵਿਸ਼ੇ 'ਤੇ AI ਆਧਾਰਿਤ ਖੋਜ ਪ੍ਰੋਜੈਕਟ ਸ਼ੁਰੂ ਕੀਤਾ ਗਿਆ ਹੈ। ਲਗਪਗ ਇੱਕ ਕਰੋੜ ਰੁਪਏ ਦੀ ਲਾਗਤ ਨਾਲ ਚੱਲ ਰਹੇ ਇਸ ਖੋਜ ਦਾ ਉਦੇਸ਼ ਅਜਿਹਾ AI ਮਾਡਲ ਤਿਆਰ ਕਰਨਾ ਹੈ, ਜੋ ਨਵਜੰਮੇ ਬੱਚਿਆਂ ਵਿੱਚ ਇਨਫੈਕਸ਼ਨ ਦੇ ਸ਼ੁਰੂਆਤੀ ਸੰਕੇਤਾਂ ਦੀ ਪਛਾਣ ਕਰ ਸਕੇ।

# ਜਦੋਂ ਮਹਾਰਾਜਾ ਰਣਜੀਤ ਸਿੰਘ ਨੇ ਪੇਸ਼ਾਵਰ ਜਿੱਤਿਆ, ਜੋ ਅਕਾਲੀ ਫੂਲਾ ਸਿੰਘ ਦੀ ਆਖਰੀ ਜੰਗ ਵੀ ਬਣੀ

ਮਾਰਚ 1823 ਵਿੱਚ ਬਸੰਤ ਦੇ ਮੌਸਮ ਦੀਆਂ ਬਾਰਸ਼ਾਂ ਦੇਰ ਨਾਲ ਹੋਈਆਂ ਅਤੇ ਸਿੰਧੂ ਦਰਿਆ ਵਿੱਚ ਪਾਣੀ ਦਾ ਪੱਧਰ ਘੱਟ ਹੋ ਗਿਆ ਸੀ। ਇਸ ਲਈ ਮਹਾਰਾਜਾ ਰਣਜੀਤ ਸਿੰਘ ਨੇ ਹੁੰਡ ਪਿੰਡ ਦੇ ਨੇੜੇ ਉਸੇ ਇਤਿਹਾਸਕ ਘਾਟ ਤੋਂ ਦਰਿਆ ਪਾਰ ਕਰਨ ਦਾ ਫ਼ੈਸਲਾ ਕੀਤਾ, ਜਿਥੋਂ ਉਨ੍ਹਾਂ ਤੋਂ ਪਹਿਲਾਂ ਕਈ ਜਿੱਤਣ ਵਾਲੇ ਹਾਕਮ ਲੰਘ ਚੁੱਕੇ ਸਨ। ਓਲਾਫ਼ ਕਾਰੋ ਨੇ ਆਪਣੀ ਕਿਤਾਬ 'ਦਿ ਪਠਾਨਜ਼' ਵਿੱਚ ਲਿਖਿਆ ਹੈ ਕਿ 18ਵੀਂ ਸਦੀ ਦੇ ਮੱਧ ਤੋਂ ਰਾਜ ਕਰ ਰਹੇ ਦੁਰਾਨੀ ਅਫ਼ਗਾਨਾਂ ਨੇ 1818 ਵਿੱਚ ਮੁਲਤਾਨ ਅਤੇ ਅਗਲੇ ਸਾਲ ਕਸ਼ਮੀਰ ਦੇ ਨਾਲ ਹੀ ਸਿੰਧੂ ਦਰਿਆ ਦੇ ਪੂਰਬ ਵਾਲੇ ਹਿੱਸੇ ਉੱਤੇ ਆਪਣਾ ਸਾਰਾ ਕਬਜ਼ਾ ਗੁਆ ਦਿੱਤਾ ਸੀ। ਲਾਹੌਰ ਤੋਂ ਰਾਜ ਕਰਨ ਵਾਲੇ ਸਿੱਖ ਸ਼ਾਸਕ ਰਣਜੀਤ ਸਿੰਘ ਨੇ ਦਰਿਆ ਦੇ ਅਫ਼ਗਾਨਿਸਤਾਨ ਵਾਲੇ ਹਿੱਸੇ ਉੱਤੇ ਮਜ਼ਬੂਤ ਪਕੜ ਬਣਾ ਲਈ ਸੀ। ਅਗਲੇ ਦੋ ਸਾਲਾਂ ਵਿੱਚ ਰਣਜੀਤ ਸਿੰਘ ਨੇ ਆਪਣੀ ਸਥਿਤੀ ਹੋਰ ਮਜ਼ਬੂਤ ਕਰ ਲਈ। ਉਨ੍ਹਾਂ ਨੇ ਡੇਰਾ ਗਾਜ਼ੀ ਖ਼ਾਨ ਅਤੇ ਡੇਰਾ ਇਸਮਾਈਲ ਖ਼ਾਨ ਨੂੰ ਵੀ ਆਪਣੇ ਰਾਜ ਵਿੱਚ ਸ਼ਾਮਲ ਕਰ ਲਿਆ ਅਤੇ ਹਸਨ ਅਬਦਾਲ ਦੇ ਉੱਤਰ ਵਿੱਚ ਸਥਿਤ ਹਜ਼ਾਰਾ ਕਬੀਲਿਆਂ ਨੂੰ ਆਪਣੇ ਅਧੀਨ ਕਰ ਲਿਆ, ਜੋ ਕਸ਼ਮੀਰ ਜਾਣ ਵਾਲੇ ਰਸਤਿਆਂ ਵਿੱਚੋਂ ਇੱਕ ਉੱਤੇ ਕਬਜ਼ਾ ਕਰ ਕੇ ਬੈਠੇ ਸਨ। ਦੁਰਾਨੀ ਸੱਤਾ ਲਈ ਇਸ ਚੁਣੌਤੀ ਦਾ ਜਵਾਬ ਦੇਣਾ ਜ਼ਰੂਰੀ ਸੀ। ਓਲਾਫ਼ ਕਾਰੋ ਦੇ ਅਨੁਸਾਰ, 1822 ਵਿੱਚ ਅਫ਼ਗਾਨ ਗਵਰਨਰ ਅਜ਼ੀਮ ਖ਼ਾਨ ਬਰਾਕਜ਼ਈ ਭਗੌੜੇ ਸਿੱਖ ਸਰਦਾਰ ਜੈ ਸਿੰਘ ਅਟਾਰੀਵਾਲਾ ਨਾਲ ਖ਼ੈਰਾ-ਬਾਦ ਉੱਤੇ ਹਮਲਾ ਕਰਨ ਅਤੇ ਰਣਜੀਤ ਸਿੰਘ ਨੂੰ ਸਿੰਧੂ ਦਰਿਆ ਦੇ ਪਾਰ ਧੱਕਣ ਲਈ ਪੇਸ਼ਾਵਰ ਆਏ ਸਨ, ਪਰ ਅੰਦਰੂਨੀ ਸਮੱਸਿਆਵਾਂ ਕਾਰਨ ਮੁਹਿੰਮ ਸ਼ੁਰੂ ਹੋਣ ਤੋਂ ਪਹਿਲਾਂ ਹੀ ਉਨ੍ਹਾਂ ਨੂੰ ਵਾਪਸ ਮੁੜਨਾ ਪਿਆ।

**ਜਦੋਂ ਮਹਾਰਾਜਾ ਰਣਜੀਤ ਸਿੰਘ ਨੇ ਚੜ੍ਹਾਈ ਕੀਤੀ**

ਕਾਰੋ ਨੇ ਲਿਖਿਆ ਹੈ, "ਰਣਜੀਤ ਸਿੰਘ ਨੇ ਅਜ਼ੀਮ ਖ਼ਾਨ ਯਾਰ ਮੁਹੰਮਦ ਖ਼ਾਨ ਤੋਂ ਟੈਕਸ ਦੀ ਮੰਗ ਕੀਤੀ। ਯਾਰ ਮੁਹੰਮਦ ਨੇ ਉਨ੍ਹਾਂ ਨੂੰ ਬੇਸ਼ਕੀਮਤੀ ਘੋੜੇ ਭੇਟ ਕਰਕੇ ਉਨ੍ਹਾਂ ਦੀ ਨਾਰਾਜ਼ਗੀ ਨੂੰ ਫ਼ਿਲਹਾਲ ਲਈ ਟਾਲ ਦਿੱਤਾ।" "ਬਾਅਦ ਵਿੱਚ, ਰਣਜੀਤ ਸਿੰਘ ਨੂੰ ਖ਼ਬਰ ਮਿਲੀ ਕਿ ਅਜ਼ੀਮ ਖ਼ਾਨ ਪੇਸ਼ਾਵਰ ਵਾਪਸ ਆ ਰਹੇ ਹਨ, ਜਦਕਿ ਯਾਰ ਮੁਹੰਮਦ ਨੇ ਮਹਾਰਾਜਾ ਦੇ ਗੁੱਸੇ ਤੋਂ ਬਚਣ ਲਈ ਸਵਾਤ ਵਿੱਚ ਯੂਸੁਫ਼ਜ਼ਈ ਲੋਕਾਂ ਕੋਲ ਸ਼ਰਨ ਲੈ ਲਈ ਹੈ।" ਇਸ ਉੱਤੇ ਰਣਜੀਤ ਸਿੰਘ ਨੇ ਮਾਰਚ 1823 ਵਿੱਚ ਅਜ਼ੀਮ ਖ਼ਾਨ ਦੇ ਖ਼ਿਲਾਫ਼ ਫਿਰ ਤੋਂ ਚੜ੍ਹਾਈ ਕਰ ਦਿੱਤੀ।

ਕਾਰੋ ਲਿਖਦੇ ਹਨ ਕਿ ਕਬਾਇਲੀ ਸਮੂਹ ਸਿੰਧੂ ਦਰਿਆ ਦੇ ਯੂਸੁਫ਼ਜ਼ਈ ਕੰਢੇ ਉੱਤੇ ਇਕੱਠੇ ਹੋਏ ਅਤੇ ਸਿੱਖ ਘੁੜਸਵਾਰਾਂ ਨੂੰ ਚੁਣੌਤੀ ਦਿੰਦਿਆਂ ਨਾਰੇ ਲਗਾਏ। ਇਹ ਸੁਣ ਕੇ ਸਿੱਖ ਸੈਨਿਕ ਗੁੱਸੇ ਵਿੱਚ ਆ ਗਏ ਅਤੇ ਉਨ੍ਹਾਂ ਨੇ ਆਪਣੇ ਘੋੜਿਆਂ ਨੂੰ ਦਰਿਆ ਵਿੱਚ ਉਤਾਰ ਦਿੱਤਾ। ਉਹ ਅੱਧਾ ਤੈਰਦੇ ਅਤੇ ਅੱਧਾ ਤੁਰਦੇ ਹੋਏ ਦਰਿਆ ਪਾਰ ਕਰ ਗਏ, ਹਾਲਾਂਕਿ ਕਈ ਸੈਨਿਕ ਅਤੇ ਜਾਨਵਰ ਤੇਜ਼ ਵਹਾਅ ਵਿੱਚ ਰੁੜ੍ਹ ਗਏ। ਇਸ ਤੋਂ ਬਾਅਦ ਰਣਜੀਤ ਸਿੰਘ ਆਪਣੀ ਮੁੱਖ ਫ਼ੌਜ ਨਾਲ ਸੰਗਠਿਤ ਢੰਗ ਨਾਲ ਅੱਗੇ ਵਧੇ। ਉਨ੍ਹਾਂ ਨੇ ਬੇੜੀਆਂ ਇਕੱਠੀਆਂ ਕੀਤੀਆਂ ਅਤੇ ਤੋਪਾਂ ਨੂੰ ਹਾਥੀਆਂ ਰਾਹੀਂ ਦਰਿਆ ਪਾਰ ਕਰਵਾਇਆ। ਇਸੇ ਦੌਰਾਨ ਯੂਸੁਫ਼ਜ਼ਈ ਅਤੇ ਖੱਟਕ ਸੈਨਾਵਾਂ ਵੀ ਲਗਭਗ ਵੀਹ ਹਜ਼ਾਰ ਦੀ ਗਿਣਤੀ ਵਿੱਚ ਇਕੱਠੀਆਂ ਹੋ ਗਈਆਂ। ਉਨ੍ਹਾਂ ਦੀ ਅਗਵਾਈ ਸਈਦ ਅਕਬਰ ਸ਼ਾਹ ਕਰ ਰਹੇ ਸਨ, ਜੋ ਬੁਨੈਰ ਵਿੱਚ ਪੀਰ ਬਾਬਾ ਦੇ ਵੰਸ਼ਜ ਸਨ।

**ਇਤਿਹਾਸਕ ਜੰਗ**

ਕਾਰੋ ਲਿਖਦੇ ਹਨ ਕਿ ਅਜ਼ੀਮ ਖ਼ਾਨ ਬਰਾਕਜ਼ਈ ਕਾਬੁਲ ਤੋਂ ਆਪਣੇ ਸੈਨਿਕਾਂ ਨਾਲ ਪੇਸ਼ਾਵਰ ਤੋਂ ਮੁੱਖ ਸੜਕ ਰਾਹੀਂ ਅੱਗੇ ਵਧੇ ਸਨ। ਪਰ ਦਰਿਆ ਪਾਰ ਕਰਨ ਦੀ ਬਜਾਏ ਉਨ੍ਹਾਂ ਨੇ ਮੁੱਖ ਸੜਕ ਉੱਤੇ ਲਗਭਗ ਪੰਜ ਕਿਲੋਮੀਟਰ ਪੂਰਬ ਵਿੱਚ ਉਸ ਥਾਂ ਡੇਰਾ ਲਾਇਆ ਜੋ ਹੁਣ ਨੌਸ਼ੇਰਾ ਛਾਉਣੀ ਹੈ। "ਇਸ ਲੜਾਈ ਦਾ ਨਾਮ ਮੌਜੂਦਾ ਨੌਸ਼ੇਰਾ ਛਾਉਣੀ ਦੇ ਨਾਮ ਉੱਤੇ ਨਹੀਂ ਰੱਖਿਆ ਗਿਆ ਸੀ, ਕਿਉਂਕਿ ਉਸ ਵੇਲੇ ਉੱਥੇ ਕੋਈ ਛਾਉਣੀ ਨਹੀਂ ਸੀ, ਸਗੋਂ ਲਾਂਦਈ ਦਰਿਆ ਦੇ ਉੱਤਰੀ ਕੰਢੇ ਉੱਤੇ ਸਥਿਤ ਨੌਖਰ ਨਾਮ ਦੇ ਪ੍ਰਾਚੀਨ ਪਿੰਡ ਜਾਂ ਕਸਬੇ ਦੇ ਨਾਮ ਉੱਤੇ ਰੱਖਿਆ ਗਿਆ ਸੀ। ਕਿਉਂਕਿ ਇਸ ਲੜਾਈ ਦੀ ਸਭ ਤੋਂ ਭਿਆਨਕ ਝੜਪ ਪੀਰ ਸਾਬ ਦੀ ਪਹਾੜੀ ਦੇ ਆਲੇ ਦੁਆਲੇ ਹੋਈ ਸੀ, ਇਸ ਲਈ ਇਸ ਨੂੰ ਕਈ ਵਾਰ ਉਸ ਨਾਮ ਨਾਲ ਵੀ ਯਾਦ ਕੀਤਾ ਜਾਂਦਾ ਹੈ।" ਅਲੈਕਜ਼ੈਂਡਰ ਗਾਰਡਨਰ ਨੇ ਆਪਣੀ ਕਿਤਾਬ 'ਸੋਲਜਰ ਐਂਡ ਟ੍ਰੈਵਲਰ: ਮੈਮੋਇਰਜ਼ ਆਫ਼ ਅਲੈਕਜ਼ੈਂਡਰ ਗਾਰਡਨਰ, ਕਰਨਲ ਆਫ਼



ਆਰਟਿਲਰੀ ਇਨ ਦਿ ਸਰਵਿਸ ਆਫ਼ ਮਹਾਰਾਜਾ ਰਣਜੀਤ ਸਿੰਘ' ਵਿੱਚ ਲਿਖਿਆ ਹੈ ਕਿ ਭਾਰੀ ਹਮਲਿਆਂ ਦੇ ਬਾਵਜੂਦ ਰਣਜੀਤ ਸਿੰਘ ਦੀ ਫ਼ੌਜ ਸਿੰਧੂ ਦਰਿਆ ਪਾਰ ਕਰਨ ਵਿੱਚ ਕਾਮਯਾਬ ਰਹੀ। ਇਸ ਤੋਂ ਬਾਅਦ ਕਬਾਇਲੀ ਫ਼ੌਜ ਪੀਰ ਸਾਬ ਪਹਾੜੀ ਉੱਤੇ ਪਿੱਛੇ ਹਟ ਗਈ, ਜਿੱਥੇ ਉਸ ਨੇ ਆਪਣੀ ਤਾਕਤ ਇਕੱਠੀ ਕੀਤੀ। ਉਸ ਨੂੰ ਉਮੀਦ ਸੀ ਕਿ ਅਜ਼ੀਮ ਖ਼ਾਨ ਦੀ ਦੁਰਾਨੀ ਫ਼ੌਜ ਅਤੇ ਤੋਪਖਾਨਾ ਮਦਦ ਲਈ ਪਹੁੰਚੇਗਾ। ਪਰ ਅਣਜਾਣ ਕਾਰਨਾਂ ਕਰਕੇ ਅਜ਼ੀਮ ਖ਼ਾਨ ਨੇ ਤੁਰੰਤ ਕਾਬੁਲ ਦਰਿਆ ਪਾਰ ਕਰਕੇ ਕਬੀਲੇ ਦੇ ਲੋਕਾਂ ਨਾਲ ਮਿਲਣ ਦੀ ਕੋਸ਼ਿਸ਼ ਨਹੀਂ ਕੀਤੀ। ਉਹ ਅੱਗੇ ਲਿਖਦੇ ਹਨ ਕਿ "ਰਣਜੀਤ ਸਿੰਘ ਨੇ ਆਪਣੀਆਂ ਤੋਪਾਂ ਅਤੇ ਪੈਦਲ ਫ਼ੌਜ ਨੂੰ ਕਬਾਇਲੀ ਫ਼ੌਜ ਦੇ ਖ਼ਿਲਾਫ਼ ਕੇਂਦਰਿਤ ਕੀਤਾ ਅਤੇ ਇੱਕ ਛੋਟੀ ਟੁਕੜੀ ਨੂੰ ਦਰਿਆ ਦੇ ਸੱਜੇ (ਦੱਖਣੀ) ਕੰਢੇ ਉੱਤੇ ਅਜ਼ੀਮ ਖ਼ਾਨ ਨੂੰ ਰੋਕਣ ਲਈ ਭੇਜਿਆ।"

**ਜਦੋਂ ਰਣਜੀਤ ਸਿੰਘ ਖ਼ੁਦ ਮੈਦਾਨ ਵਿੱਚ ਉਤਰੇ**

ਕਾਰੋ ਲਿਖਦੇ ਹਨ ਕਿ ਕਬਾਇਲੀਆਂ ਅਤੇ ਸਿੱਖ ਅਕਾਲੀਆਂ ਵਿਚਕਾਰ ਭਿਆਨਕ ਆਹਮੋ-ਸਾਹਮਣੇ ਦੀ ਲੜਾਈ ਨਾਲ ਸ਼ੁਰੂਆਤ ਹੋਈ। ਅੰਮ੍ਰਿਤਸਰ ਦੇ ਧਾਰਮਿਕ ਸਮੂਹ ਦੇ ਆਗੂ ਫੂਲਾ ਸਿੰਘ ਮਾਰੇ ਗਏ ਅਤੇ ਸਿੱਖ ਘੁੜਸਵਾਰ ਫ਼ੌਜ ਕਬਾਇਲੀ ਪੈਦਲ ਫ਼ੌਜ ਉੱਤੇ ਵੱਧ ਅਸਰ ਨਹੀਂ ਪਾ ਸਕੀ, ਕਿਉਂਕਿ ਉਹ ਮੈਦਾਨ ਵਿੱਚ ਵਿਖਰੇ ਹੋਏ ਪੱਥਰੀਲੇ ਟੀਲਿਆਂ ਵਿਚਕਾਰ ਚੰਗੀ ਤਰ੍ਹਾਂ ਤੈਨਾਤ ਸਨ। "ਲੜਾਈ ਦਾ ਰੁਖ਼ ਸਿੱਖਾਂ ਦੇ ਖ਼ਿਲਾਫ਼ ਮੁੜਨ ਲੱਗਾ। ਯੂਸੁਫ਼ਜ਼ਈ ਅਤੇ ਉਨ੍ਹਾਂ ਦੇ ਲੜਾਕਿਆਂ ਦੇ ਸਮੂਹਾਂ ਨੇ ਅਸਾਧਾਰਨ ਬਹਾਦਰੀ ਦਿਖਾਉਂਦਿਆਂ ਸਿਖਲਾਈ ਲਏ ਸਿੱਖ ਪੈਦਲ ਫ਼ੌਜ ਨੂੰ ਪਿੱਛੇ ਧੱਕ ਦਿੱਤਾ।" ਉਹ ਲਿਖਦੇ ਹਨ ਕਿ "ਕਬਾਇਲੀ ਫ਼ੌਜ ਨੇ ਜੋਸ਼ ਨਾਲ ਅੱਗੇ ਵਧਣਾ ਸ਼ੁਰੂ ਕੀਤਾ, ਪਰ ਮਹਾਰਾਜਾ ਦੀ ਫ਼ੌਜ ਦੀ ਗੋਰਖਾ ਬਟਾਲੀਅਨ ਨੇ ਉਨ੍ਹਾਂ ਨੂੰ ਇੱਕ ਪਾਸੇ ਰੋਕ ਦਿੱਤਾ। ਇਸ ਬਟਾਲੀਅਨ ਨੇ ਸਕਵਾਇਰ ਫ਼ਾਰਮੇਸ਼ਨ ਬਣਾ ਕੇ ਅੱਗੇ ਵਧ ਰਹੇ ਕਬਾਇਲੀ ਸਮੂਹਾਂ ਉੱਤੇ ਲਗਾਤਾਰ ਗੋਲੀਬਾਰੀ ਕੀਤੀ।" "ਦੂਜੇ ਪਾਸੇ ਸਿੱਖ ਤੋਪਖਾਨੇ ਨੇ ਵੀ ਦਰਿਆ ਦੇ ਉਸ ਪਾਰ ਤੋਂ ਪ੍ਰਭਾਵਸ਼ਾਲੀ ਢੰਗ ਨਾਲ ਗੋਲਾਬਾਰੀ ਕੀਤੀ, ਜਿਸ ਨਾਲ ਕਬਾਇਲੀ ਫ਼ੌਜ ਦਾ ਅੱਗੇ ਵਧਣਾ ਰੁਕ ਗਿਆ।" ਕਬਾਇਲੀ ਲੋਕ ਇਨ੍ਹਾਂ ਪਥਰੀਲੀਆਂ ਪਹਾੜੀਆਂ ਵਿਚਕਾਰ ਪਿੱਛੇ ਹਟ ਗਏ ਅਤੇ ਸਿੱਖਾਂ ਨੇ ਫਿਰ ਤੋਂ ਸੰਗਠਿਤ ਹੋ ਕੇ ਪੀਰ ਸਾਬ ਦੀ ਮਹੱਤਵਪੂਰਨ ਚੋਟੀ ਉੱਤੇ ਕਬਜ਼ਾ ਕਰਨ ਦੇ ਤਿੰਨ ਯਤਨ ਕੀਤੇ, ਪਰ ਹਰ ਵਾਰ ਉਨ੍ਹਾਂ ਨੂੰ ਪਿੱਛੇ ਧੱਕ ਦਿੱਤਾ ਗਿਆ। ਕਾਰੋ ਲਿਖਦੇ ਹਨ ਕਿ "ਚੌਥੀ ਕੋਸ਼ਿਸ਼ ਵਿੱਚ ਪਹਾੜੀ ਉੱਤੇ ਜਿੱਤ ਪ੍ਰਾਪਤ ਹੋਈ ਅਤੇ ਉਹ ਵੀ ਕੇਵਲ ਇਸ ਲਈ ਕਿਉਂਕਿ ਮਹਾਰਾਜਾ ਰਣਜੀਤ ਸਿੰਘ ਖ਼ੁਦ, ਬਚੇ ਹੋਏ ਗੋਰਖਾ ਸੈਨਿਕਾਂ ਅਤੇ ਆਪਣੇ ਘੁੜਸਵਾਰ ਅੰਗਰੱਖਿਅਕਾਂ ਦੀ ਅਗਵਾਈ ਕਰਦੇ ਹੋਏ ਮੈਦਾਨ ਵਿੱਚ ਉਤਰੇ ਅਤੇ ਉਨ੍ਹਾਂ ਦਾ ਹੌਸਲਾ ਵਧਾਇਆ।" ਉਹ ਲਿਖਦੇ ਹਨ ਕਿ ਇਸ ਮੌਕੇ ਉੱਤੇ ਕਬਾਇਲੀਆਂ ਨੂੰ ਹੋਏ ਨੁਕਸਾਨ ਦਾ ਅੰਦਾਜ਼ਾ ਨੌਸ਼ੇਰਾ ਦੇ ਨੇੜੇ ਵਿਸ਼ਾਲ ਕਬਰਿਸਤਾਨਾਂ ਨੂੰ ਦੇਖ ਕੇ ਲਾਇਆ ਜਾ ਸਕਦਾ ਹੈ।

**ਰਣਜੀਤ ਸਿੰਘ ਦਾ ਪੇਸ਼ਾਵਰ ਉੱਤੇ ਕਬਜ਼ਾ**

ਕਾਰੋ ਦੇ ਅਨੁਸਾਰ, ਇਸ ਦੌਰਾਨ ਦਰਿਆ ਦੇ ਦੂਜੇ ਪਾਸੇ ਮੌਜੂਦ ਅਜ਼ੀਮ ਖ਼ਾਨ ਨੇ ਨਾ ਤਾਂ ਦਰਿਆ ਪਾਰ ਕਰਨ ਦੀ ਕੋਸ਼ਿਸ਼ ਕੀਤੀ ਅਤੇ ਨਾ ਹੀ ਸਿੱਖ ਤੋਪਖਾਨੇ ਦੇ ਪ੍ਰਭਾਵ ਨੂੰ ਘਟਾਉਣ ਲਈ ਕੋਈ ਠੋਸ ਕਦਮ ਚੁੱਕੇ, ਹਾਲਾਂਕਿ ਉਸ ਦੀ ਫ਼ੌਜ ਦੱਖਣੀ ਕੰਢੇ ਉੱਤੇ ਸੀ। ਉਸੇ ਸ਼ਾਮ ਅਜ਼ੀਮ ਖ਼ਾਨ ਪਿੱਛੇ ਹਟ ਗਏ। ਉਹ ਜੰਗ ਵਿੱਚ ਮੁਸ਼ਕਲ ਨਾਲ ਹੀ ਸ਼ਾਮਲ ਹੋਏ ਅਤੇ ਇਸ ਗੱਲ ਦਾ ਕੋਈ ਠੋਸ ਸਪਸ਼ਟੀਕਰਨ ਨਹੀਂ ਦਿੱਤਾ ਗਿਆ ਹੈ। ਜੋਨਾਥਨ ਐਲ ਲੀ ਆਪਣੀ ਕਿਤਾਬ 'ਅਫ਼ਗਾਨਿਸਤਾਨ: 1260 ਤੋਂ ਮੌਜੂਦਾ ਸਮੇਂ ਤੱਕ ਦਾ ਇਤਿਹਾਸ' ਵਿੱਚ ਲਿਖਦੇ ਹਨ ਕਿ ਕੁਝ ਲੋਕਾਂ ਦਾ ਮੰਨਣਾ ਹੈ ਕਿ ਅਜ਼ੀਮ ਖ਼ਾਨ ਨੂੰ ਯਕੀਨ ਸੀ ਕਿ ਉਨ੍ਹਾਂ ਦਾ ਭਰਾ ਸਿੱਖਾਂ ਦੇ ਕਹਿਣ ਉੱਤੇ ਪੇਸ਼ਾਵਰ ਉੱਤੇ ਦੁਬਾਰਾ ਕਬਜ਼ਾ ਕਰਨ ਆ ਰਿਹਾ ਸੀ, ਜਦਕਿ ਹੋਰ ਲੋਕ ਇਸ ਨੂੰ ਕਾਇਰਤਾ ਜਾਂ ਸਿੱਖ ਹਮਲੇ ਨਾਲ ਘਿਰ ਜਾਣ ਦੇ ਡਰ ਵਜੋਂ ਦੱਸਦੇ ਹਨ।

ਕਾਰੋ ਨੇ ਲਿਖਿਆ, "ਮੈਂ ਸਾਲ ਬਾਅਦ ਅਲੈਕਜ਼ੈਂਡਰ ਬਰਨਜ਼ ਨੂੰ ਪੇਸ਼ਾਵਰ ਵਿੱਚ ਦੱਸਿਆ ਗਿਆ ਕਿ ਅਜ਼ੀਮ ਖ਼ਾਨ ਨੂੰ ਆਪਣੇ ਖ਼ਜ਼ਾਨੇ ਦੀ ਲੁੱਟ ਦਾ ਡਰ ਸੀ ਜਾਂ ਫਿਰ ਉੱਤਰੀ ਕੰਢੇ ਉੱਤੇ ਅਕਾਲੀ ਦਲ ਦੇ ਮੈਂਬਰਾਂ ਦੀਆਂ ਚੀਖਾਂ ਨਾਲ ਉਨ੍ਹਾਂ ਦੇ ਸੈਨਿਕ ਚੌਕਸ ਹੋ ਗਏ ਸਨ। ਉਨ੍ਹਾਂ ਨੇ ਇਨ੍ਹਾਂ ਚੀਖਾਂ ਨੂੰ ਨਵੀਂ ਫ਼ੌਜ ਦਾ ਹਮਲਾ ਸਮਝਿਆ।" ਅਜ਼ੀਮ ਖ਼ਾਨ ਜੰਗ ਤੋਂ ਕੁਝ ਹੀ ਸਮੇਂ ਬਾਅਦ ਪਰ ਬਿਨਾਂ ਕਿਸੇ ਸੱਟ ਦੇ ਮਰ ਗਏ। ਕਾਰੋ ਲਿਖਦੇ ਹਨ ਕਿ ਇਸ ਮੌਤ ਨਾਲ ਹੀ ਵੀਹ ਜ਼ਿੰਦਾ ਭਰਾਵਾਂ ਵਿਚਕਾਰ ਬਚੀ ਹੋਈ ਏਕਤਾ ਦੀ ਆਖ਼ਰੀ ਡੋਰ ਵੀ ਟੁੱਟ ਗਈ। ਅਜ਼ੀਮ ਦੇ ਸੌਤੇਲੇ ਭਰਾ ਯਾਰ ਮੁਹੰਮਦ ਨੇ ਕਾਬੁਲ ਵਿੱਚ ਅਜ਼ੀਮ ਦੀ ਥਾਂ ਲਈ ਅਤੇ ਬਾਅਦ ਵਿੱਚ 1826 ਵਿੱਚ ਅਫ਼ਗਾਨਿਸਤਾਨ ਦੇ ਸ਼ਾਸਕ ਬਣੇ ਅਤੇ ਪੇਸ਼ਾਵਰ ਦੇ ਸ਼ਾਸਕ ਵੀ ਬਣੇ।

ਅਲੈਕਜ਼ੈਂਡਰ ਗਾਰਡਨਰ ਆਪਣੀ ਕਿਤਾਬ 'ਸੋਲਜਰ ਐਂਡ ਟ੍ਰੈਵਲਰ: ਮੈਮੋਇਰਜ਼ ਆਫ਼ ਅਲੈਕਜ਼ੈਂਡਰ ਗਾਰਡਨਰ, ਕਰਨਲ ਆਫ਼ ਆਰਟਿਲਰੀ ਇਨ ਦਿ ਸਰਵਿਸ ਆਫ਼ ਮਹਾਰਾਜਾ ਰਣਜੀਤ ਸਿੰਘ' ਵਿੱਚ ਲਿਖਦੇ ਹਨ ਕਿ "ਰਣਜੀਤ ਸਿੰਘ ਨੇ ਦੁਰਾਨੀ ਸੱਤਾ ਦੇ ਬਚੇ-ਖੁਚੇ ਅਵਸ਼ੇਸ਼ਾਂ ਨੂੰ ਨਸ਼ਟ ਕਰਦਿਆਂ ਪੇਸ਼ਾਵਰ ਨੂੰ ਤਬਾਹ ਕਰ ਦਿੱਤਾ ਅਤੇ ਖ਼ੈਬਰ ਦਰਰੇ ਉੱਤੇ ਵੀ ਕਬਜ਼ਾ ਕਰ ਲਿਆ ਤਾਂ ਜੋ ਉਸ ਰਸਤੇ ਤੋਂ ਦੁਰਾਨੀ ਫ਼ੌਜ ਦੀ ਕੋਈ ਮਦਦ ਨਾ ਆ ਸਕੇ।" ਕਾਰੋ ਲਿਖਦੇ ਹਨ ਕਿ ਬਾਲਾ ਹਿਸਾਰ ਦੇ ਕਿਲੇ ਉੱਤੇ ਗੋਲਾਬਾਰੀ ਹੋਈ ਅਤੇ ਉਸ ਦੇ ਅੰਦਰ ਮੌਜੂਦ ਖ਼ੂਬਸੂਰਤ ਮਹਿਲ ਨੂੰ ਲੁੱਟ ਲਿਆ ਗਿਆ। ਕਿਲੇ ਦੇ ਹੇਠਾਂ ਸਥਿਤ ਬਾਗ਼ ਵਿੱਚ ਲੱਗੇ ਦਰੱਖਤਾਂ ਨੂੰ ਕੱਟ ਦਿੱਤਾ ਗਿਆ ਅਤੇ ਕੁੰਡਾਂ ਦਾ ਪਾਣੀ ਗੰਦਾ ਕਰ ਦਿੱਤਾ ਗਿਆ ਅਤੇ ਉਨ੍ਹਾਂ ਦੀ ਘੁੜਸਵਾਰ ਫ਼ੌਜ ਨੇ ਪੇਸ਼ਾਵਰ ਦੇ ਚਾਰੋਂ ਪਾਸੇ ਮੀਲਾਂ ਤੱਕ ਫੈਲੇ ਬੁਖ਼ਾਰਾ ਬੇਰ, ਆੜੂ, ਖ਼ੁਬਾਨੀ ਅਤੇ ਨਾਸ਼ਪਾਤੀ ਦੇ ਸ਼ਾਨਦਾਰ ਬਾਗ਼ਾਂ ਨੂੰ ਨਸ਼ਟ ਕਰ ਦਿੱਤਾ।

**ਅੰਗਰੇਜ਼ਾਂ ਦਾ ਆਗਮਨ**

ਹਾਲਾਂਕਿ ਵੀ। ਨਲਵਾ ਨੇ ਆਪਣੀ ਕਿਤਾਬ 'ਹਰੀ ਸਿੰਘ ਨਲਵਾ' ਵਿੱਚ ਲਿਖਿਆ ਹੈ ਕਿ ਸਿੱਖ ਫ਼ੌਜ ਦੇ ਕਮਾਂਡਰ ਹਰੀ ਸਿੰਘ ਨਲਵਾ ਨੇ ਜਲਦੀ ਹੀ ਇਸ ਕਿਲੇ ਦਾ ਦੁਬਾਰਾ ਨਿਰਮਾਣ ਸ਼ੁਰੂ ਕਰ ਦਿੱਤਾ ਸੀ। ਰਣਜੀਤ ਸਿੰਘ ਦੀ ਇਹ ਜਿੱਤ ਉਨ੍ਹਾਂ ਦੀਆਂ ਜਿੱਤਾਂ ਦੀ ਸਿਖ਼ਰ ਸਾਬਤ ਹੋਈ। ਉਨ੍ਹਾਂ ਦਾ ਸਮਰਾਜ ਹੁਣ ਪੱਛਮ ਵਿੱਚ ਖ਼ੈਬਰ ਦਰਰੇ ਤੋਂ ਲੈ ਕੇ ਉੱਤਰ ਵਿੱਚ ਕਸ਼ਮੀਰ ਅਤੇ ਦੱਖਣ ਵਿੱਚ ਮੁਲਤਾਨ ਤੱਕ ਫੈਲ ਗਿਆ ਸੀ। ਕਾਰੋ ਦੇ ਅਨੁਸਾਰ, ਰਣਜੀਤ ਸਿੰਘ ਉੱਥੇ ਜ਼ਿਆਦਾ ਦੇਰ ਨਹੀਂ ਰਹੇ। ਉਨ੍ਹਾਂ ਨੇ ਯਾਰ ਮੁਹੰਮਦ ਦੀ ਆਪਣੇ ਪੱਖ ਵਿੱਚ ਕੀਤੀ ਆਤਮਸਮਰਪਣ ਦੀ ਅਰਜ਼ੀ ਕਬੂਲ ਕਰ ਲਈ ਅਤੇ ਦੱਖਣ ਵੱਲ ਵਾਪਸ ਮੁੜ ਗਏ। "ਮਹਾਰਾਜਾ ਰਣਜੀਤ ਸਿੰਘ ਹੁਣ ਪੇਸ਼ਾਵਰ ਦੇ ਨਾਲ-ਨਾਲ ਕੋਹਾਟ, ਬੰਨੂ ਅਤੇ ਡੇਰਾ ਜਾਟ ਨੂੰ ਮਾਮੂਲੀ ਕਬਜ਼ੇ ਵਿੱਚ ਲਿਆਉਣ ਵਿੱਚ ਕਾਮਯਾਬ ਹੋ ਗਏ ਸਨ, ਪਰ ਉਨ੍ਹਾਂ ਦੀਆਂ ਫ਼ੌਜਾਂ ਲਗਾਤਾਰ ਕਬਾਇਲੀਆਂ ਦੇ ਖ਼ਿਲਾਫ਼ ਭਿਆਨਕ ਲੜਾਈਆਂ ਵਿੱਚ ਲੱਗੀਆਂ ਰਹਿੰਦੀਆਂ ਸਨ, ਇੱਥੋਂ ਤੱਕ ਕਿ ਉਹਨਾਂ ਖੇਤਰਾਂ ਵਿੱਚ ਵੀ ਜਿੱਥੇ ਦੁਰਾਨੀ ਗਵਰਨਰਾਂ ਨੇ ਉਨ੍ਹਾਂ ਦੀ ਅਧੀਨਤਾ ਮੰਨ ਲਈ ਸੀ।"

ਰਾਜਮੋਹਨ ਗਾਂਧੀ ਦੀ ਕਿਤਾਬ 'ਪਸ਼ਤੂਨਾਂ ਦੇ ਅਹਿੰਸਕ ਰਾਜਾ' ਤੋਂ ਪਤਾ ਲੱਗਦਾ ਹੈ ਕਿ ਉਨ੍ਹਾਂ ਤੋਂ ਬਾਅਦ ਉੱਤਰੀ ਭਾਰਤ ਦੇ ਧਾਰਮਿਕ ਨੇਤਾ ਸਈਦ ਅਹਿਮਦ ਆਏ। ਉਹ 1827 ਵਿੱਚ ਪੇਸ਼ਾਵਰ ਪਹੁੰਚੇ। ਉਨ੍ਹਾਂ ਦੇ ਅੰਦੋਲਨ ਦਾ ਕੇਂਦਰ ਚਾਰਸੱਦਾ ਸੀ। ਉਨ੍ਹਾਂ ਦੀ ਕਿਤਾਬ ਵਿੱਚ ਲਿਖਿਆ ਹੈ ਕਿ "ਸਈਦ ਅਹਮਦ ਨੇ ਪੇਸ਼ਾਵਰ ਦੇ ਗਵਰਨਰ ਉੱਤੇ ਉਨ੍ਹਾਂ ਨੂੰ ਜ਼ਹਿਰ ਦੇਣ ਦੀ ਕੋਸ਼ਿਸ਼ ਦਾ ਇਲਜ਼ਾਮ ਲਗਾਇਆ ਅਤੇ ਖ਼ੁਦ ਪੇਸ਼ਾਵਰ ਉੱਤੇ ਹਮਲਾ ਕਰ ਦਿੱਤਾ।

ਇਸ ਹਮਲੇ ਵਿੱਚ ਯਾਰ ਮੁਹੰਮਦ ਖ਼ਾਨ ਮਾਰੇ ਗਏ।" "ਜੇ ਫ਼ਰਾਂਸੀਸੀ ਜਨਰਲ ਵੈਂਚੂਰਾ ਦੀ ਅਗਵਾਈ ਵਿੱਚ ਸਿੱਖਾਂ ਦੀ ਟੁਕੜੀ ਉੱਥੇ ਮੌਜੂਦ ਨਾ ਹੁੰਦੀ ਤਾਂ ਯਾਰ ਮੁਹੰਮਦ ਦੇ ਛੋਟੇ ਭਰਾ ਸੁਲਤਾਨ ਮੁਹੰਮਦ ਖ਼ਾਨ ਲਈ ਪੇਸ਼ਾਵਰ ਨੂੰ ਬਚਾਉਣਾ ਸੰਭਵ ਨਹੀਂ ਹੁੰਦਾ।"

ਸਈਦ ਅਹਿਮਦ ਨੇ ਇੱਕ ਵਾਰ ਫਿਰ ਪੇਸ਼ਾਵਰ ਉੱਤੇ ਹਮਲਾ ਕੀਤਾ। ਬਰਾਕਜ਼ਈ ਹਾਰ ਗਏ ਅਤੇ ਸਈਦ ਅਹਿਮਦ ਨੇ 1830 ਦੀਆਂ ਗਰਮੀਆਂ ਦੇ ਅੰਤ ਵਿੱਚ ਦੋ ਮਹੀਨੇ ਤੱਕ ਪੇਸ਼ਾਵਰ ਉੱਤੇ ਕਬਜ਼ਾ ਕਾਇਮ ਰੱਖਿਆ, ਪਰ 1831 ਵਿੱਚ ਬਾਲਾਕੋਟ ਵਿੱਚ ਸਿੱਖਾਂ ਦੇ ਹਮਲੇ ਵਿੱਚ ਉਨ੍ਹਾਂ ਦੀ ਮੌਤ ਹੋ ਗਈ। 1849 ਵਿੱਚ ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਨੇ ਸਿੱਖਾਂ ਨੂੰ ਹਰਾ ਦਿੱਤਾ ਅਤੇ ਪੇਸ਼ਾਵਰ ਸਮੇਤ ਪੰਜਾਬ ਉੱਤੇ ਕਬਜ਼ਾ ਕਰ ਲਿਆ, ਜੋ ਪਹਿਲਾਂ ਰਣਜੀਤ ਸਿੰਘ ਦੇ ਕਬਜ਼ੇ ਵਿੱਚ ਸੀ।

# ਜੰਗ ਦੇ ਕਾਰਨ ਵਧੇ ਸਮਾਰਟਫ਼ੋਨ, ਏਸੀ ਦੇ ਭਾਅ, ਮਹਿੰਗਾ ਹੋਇਆ ਕੂਲਰ-ਫਰਿੱਜ ਖਰੀਦਣਾ

ਨਵੀਂ ਦਿੱਲੀ- ਇਲੈਕਟ੍ਰਾਨਿਕਸ ਉਤਪਾਦਾਂ ਦੀਆਂ ਕੀਮਤਾਂ ਵਿੱਚ ਲਗਾਤਾਰ ਉਛਾਲ ਦੇਖਿਆ ਜਾ ਰਿਹਾ ਹੈ। ਐਂਟਰੀ-ਲੈਵਲ ਦੇ ਸਮਾਰਟਫ਼ੋਨ ਅਤੇ ਟੈਲੀਵਿਜ਼ਨ ਦੀਆਂ ਕੀਮਤਾਂ ਹੁਣ ਉਸੇ ਪੱਧਰ 'ਤੇ ਪਹੁੰਚ ਗਈਆਂ ਹਨ, ਜਿੰਨੀਆਂ ਉਹ 6 ਤੋਂ 8 ਸਾਲ ਪਹਿਲਾਂ ਹੁੰਦੀਆਂ ਸਨ। ਨਿਰਮਾਣ ਲਾਗਤ ਵਿੱਚ ਵਾਧੇ ਅਤੇ ਕਮਜ਼ੋਰ ਹੁੰਦੇ ਰੁਪਏ ਕਾਰਨ, ਸਮੇਂ ਦੇ ਨਾਲ ਟੈਕ ਉਤਪਾਦਾਂ ਦੇ ਸਸਤੇ ਹੋਣ ਦਾ ਇਤਿਹਾਸਕ ਰੁਝਾਨ ਹੁਣ ਪੂਰੀ ਤਰ੍ਹਾਂ ਉਲਟ ਗਿਆ ਹੈ। ਕੰਪਨੀਆਂ ਦਾ ਕਹਿਣਾ ਹੈ ਕਿ ਉਹ ਹੁਣ ਵਧਦੀ ਲਾਗਤ ਦਾ ਬੋਝ ਖ਼ੁਦ ਨਹੀਂ ਉਠਾ ਸਕਦੀਆਂ।

ਦੀਵਾਲੀ ਦੇ ਆਲੇ-ਦੁਆਲੇ ਜੋ ਐਂਟਰੀ-ਲੈਵਲ 5G ਫ਼ੋਨ 10,000 ਤੋਂ ਘੱਟ ਵਿੱਚ ਮਿਲ ਰਹੇ ਸਨ, ਉਹ ਹੁਣ 13,000-14,000 ਦੇ ਹੋ ਗਏ ਹਨ। ਅਗਲੀ ਤਿਮਾਹੀ ਤੱਕ ਇਹ 17,000-18,000 ਦੇ ਅੰਕੜੇ ਨੂੰ ਪਾਰ ਕਰਕੇ ਵਿੱਤੀ ਸਾਲ 2021 ਦੇ ਪੱਧਰ 'ਤੇ ਪਹੁੰਚ ਜਾਣਗੇ। ਕੁਝ ਬ੍ਰਾਂਡਾਂ ਨੇ ਸੰਕੇਤ ਦਿੱਤਾ ਹੈ ਕਿ ਅਗਲੇ 2-3 ਮਹੀਨਿਆਂ ਵਿੱਚ ਇਹ ਕੀਮਤਾਂ 20,000 ਦੇ ਕਰੀਬ ਵੀ ਪਹੁੰਚ ਸਕਦੀਆਂ ਹਨ।



ਪਿਛਲੇ ਸਾਲ ਲਗਪਗ 6,500 ਵਿੱਚ ਮਿਲਣ ਵਾਲਾ 32 ਇੰਚ ਦਾ ਸਮਾਰਟ ਟੀਵੀ ਹੁਣ 8,500 ਵਿੱਚ ਵਿਕ ਰਿਹਾ ਹੈ। ਮਈ ਤੱਕ ਇਸ ਦੇ 10,000 ਤੱਕ ਪਹੁੰਚਣ ਦੀ ਸੰਭਾਵਨਾ ਹੈ, ਜੋ 2017-18 ਦੇ ਮੁੱਲ ਪੱਧਰ ਦੀ ਬਰਾਬਰੀ ਕਰ ਲਵੇਗਾ।

**ਮਹਿੰਗੇ ਹੋਣਗੇ ਏ.ਸੀ. ਅਤੇ ਘਰੇਲੂ ਉਪਕਰਣ**

ਮਾਸ-ਸੈਗਮੈਂਟ ਦੇ ਏਅਰ ਕੰਡੀਸ਼ਨਰ, ਰੈਫ੍ਰਿਜਰੇਟਰ ਅਤੇ ਵਾਸ਼ਿੰਗ ਮਸ਼ੀਨ ਦੀਆਂ ਕੀਮਤਾਂ ਵੀ ਅਗਲੇ ਮਹੀਨੇ ਤੋਂ ਰਿਕਾਰਡ ਉਚਾਈ 'ਤੇ ਪਹੁੰਚਣ ਵਾਲੀਆਂ ਹਨ, ਜਿਸ ਨਾਲ ਬਾਜ਼ਾਰ ਵਿੱਚ ਇਨ੍ਹਾਂ ਦੀ ਮੰਗ 'ਤੇ ਖ਼ਤਰਾ ਮੰਡਰਾ ਰਿਹਾ ਹੈ।

ਗੋਦਰੇਜ ਐਂਟਰਪ੍ਰਾਈਜ਼ਿਜ਼ ਦੇ ਅਪਲਾਇੰਸਿਜ਼ ਬਿਜ਼ਨਸ ਦੇ ਮੁਖੀ ਕਮਲ ਨੰਦੀ ਨੇ ਕਿਹਾ, "ਕੀਮਤਾਂ ਰਿਕਾਰਡ ਉਚਾਈ 'ਤੇ ਪਹੁੰਚ ਰਹੀਆਂ ਹਨ। ਇਹ ਚਿੰਤਾ ਦਾ ਵਿਸ਼ਾ ਹੈ ਕਿ ਜਦੋਂ ਤੱਕ ਭਿਆਨਕ ਗਰਮੀ ਕਾਰਨ ਵਿਕਰੀ ਵਿੱਚ ਤੇਜ਼ੀ ਨਹੀਂ ਆਉਂਦੀ, ਉਦੋਂ ਤੱਕ ਐਂਟਰੀ-ਸੈਗਮੈਂਟ ਦੀ ਮੰਗ ਕਮਜ਼ੋਰ ਰਹਿ ਸਕਦੀ ਹੈ।"

ਪਹਿਲੀ ਵਾਰ ਖਰੀਦਦਾਰਾਂ ਵਿੱਚ ਪ੍ਰਸਿੱਧ, 3-ਸਟਾਰ 1.5-ਟਨ AC ਦੀ ਕੀਮਤ ਅਪ੍ਰੈਲ ਤੋਂ 37,000-40,000 ਦੇ ਵਿਚਕਾਰ ਹੋਣ ਦੀ ਉਮੀਦ ਹੈ। ਪਿਛਲੇ ਸਾਲ ਗਰਮੀਆਂ ਵਿੱਚ ਇਹ 32,000-34,000 ਵਿੱਚ ਉਪਲਬਧ ਸੀ।

**ਆਖ਼ਰ ਕਿਉਂ ਵਧ ਰਹੀਆਂ ਹਨ ਕੀਮਤਾਂ?**

ਆਮ ਤੌਰ 'ਤੇ, ਵੱਧ ਉਤਪਾਦਨ ਅਤੇ ਘੱਟ ਲਾਗਤ ਦੇ ਨਾਲ ਐਂਟਰੀ-ਲੈਵਲ ਇਲੈਕਟ੍ਰਾਨਿਕਸ ਦੀਆਂ ਕੀਮਤਾਂ ਡਿੱਗਦੀਆਂ ਹਨ।

ਪਰ ਪਿਛਲੇ 5-6 ਮਹੀਨਿਆਂ ਵਿੱਚ ਮੈਮੋਰੀ ਚਿੱਪ ਦੀਆਂ ਕੀਮਤਾਂ ਵਿੱਚ ਲਗਾਤਾਰ ਹੋ ਰਿਹਾ ਵਾਧਾ, ਖਾੜੀ ਜੰਗ ਨਾਲ ਜੁੜਿਆ ਦਬਾਅ ਅਤੇ ਕਮਜ਼ੋਰ ਰੁਪਏ ਨੇ ਇਸ ਸਥਿਤੀ ਨੂੰ ਬਦਲ ਦਿੱਤਾ ਹੈ। ਨਵੰਬਰ-ਦਸੰਬਰ ਤੋਂ ਬਾਅਦ ਸਮਾਰਟਫ਼ੋਨ ਅਤੇ ਟੈਲੀਵਿਜ਼ਨ ਦੀਆਂ ਕੀਮਤਾਂ ਹਰ 30-60 ਦਿਨਾਂ ਵਿੱਚ ਵਧ ਰਹੀਆਂ ਹਨ।

# ਤੇਲ ਕੱਢ ਰਿਹਾ ਹੈ ਦੁਨੀਆ ਦਾ ਤੇਲ



ਬਲਰਾਜ ਸਿੰਘ ਸਿੱਧੂ

ਤੇਲ ਕਾਰਨ ਅਰਬ ਦੇਸ਼ਾਂ ਨਾਲ ਅਮਰੀਕਾ ਦਾ ਟਕਰਾਅ ਸੰਨ 1973 'ਚ ਸ਼ੁਰੂ ਹੋਇਆ ਸੀ ਜੋ ਹੁਣ ਗੂੜ੍ਹੇ ਸਹਿਯੋਗ ਵਿਚ ਬਦਲ ਗਿਆ ਹੈ। ਛੇ ਅਕਤੂਬਰ 1973 ਨੂੰ ਸੀਰੀਆ ਅਤੇ ਮਿਸਰ ਦੀਆਂ ਸਾਂਝੀਆਂ ਫ਼ੌਜਾਂ ਨੇ ਇਜ਼ਰਾਈਲ 'ਤੇ ਹਮਲਾ ਕਰ ਦਿੱਤਾ ਸੀ ਤੇ ਬਾਕੀ ਅਰਬ ਦੇਸ਼ਾਂ ਨੇ ਉਨ੍ਹਾਂ ਨੂੰ ਆਰਥਿਕ ਅਤੇ ਕੂਟਨੀਤਕ ਸਹਿਯੋਗ ਦਿੱਤਾ ਸੀ। ਸੰਨ 1967 ਦੀ ਅਰਬ ਇਜ਼ਰਾਈਲ ਜੰਗ ਸਮੇਂ ਇਜ਼ਰਾਈਲ ਨੇ ਇਨ੍ਹਾਂ ਦੇਸ਼ਾਂ ਦੇ ਕਈ ਹਿੱਸਿਆਂ 'ਤੇ ਕਬਜ਼ਾ ਕਰ ਲਿਆ ਸੀ ਤੇ ਇਹ ਦੇਸ਼ ਆਪਣਾ ਇਲਾਕਾ ਵਾਪਸ ਚਾਹੁੰਦੇ ਸਨ। ਜੰਗ ਦੀ ਸ਼ੁਰੂਆਤ ਵਿਚ ਅਰਬ ਦੇਸ਼ਾਂ ਦਾ ਹੱਥ ਉੱਪਰ ਰਿਹਾ ਤੇ ਰਾਜਧਾਨੀ ਤਲ ਅਵੀਵ 'ਤੇ ਕਬਜ਼ੇ ਦਾ ਖ਼ਤਰਾ ਮੰਡਰਾਉਣ ਲੱਗ ਪਿਆ। ਇਜ਼ਰਾਈਲ ਨੇ ਅਮਰੀਕਾ ਕੋਲੋਂ ਮਦਦ ਮੰਗੀ ਤੇ ਕੁਝ ਹੀ ਦਿਨਾਂ ਵਿਚ ਭਾਰੀ ਸੈਨਿਕ ਮਦਦ ਇਜ਼ਰਾਈਲ ਪਹੁੰਚ ਗਈ ਤੇ ਜੰਗ ਦਾ ਪਾਸਾ ਪਲਟ ਗਿਆ। ਅਰਬ ਦੇਸ਼ਾਂ ਨੂੰ ਭਾਵੇਂ ਮੂੰਹ ਦੀ ਖਾਣੀ ਪਈ ਪਰ ਉਨ੍ਹਾਂ ਨੇ ਹਾਰ ਨਾ ਮੰਨੀ। ਉਨ੍ਹਾਂ ਨੇ ਦੁਨੀਆ ਨੂੰ ਪਹਿਲੀ ਵਾਰ ਇਹ ਪ੍ਰਤੱਖ ਕਰ ਦਿੱਤਾ ਕਿ ਚਾਹੇ ਉਨ੍ਹਾਂ ਕੋਲ ਸੈਨਿਕ ਸ਼ਕਤੀ ਘੱਟ ਹੈ ਪਰ ਉਨ੍ਹਾਂ ਕੋਲ ਤੇਲ ਦੀ ਅਥਾਹ ਤਾਕਤ ਹੈ। ਦਸੰਬਰ 1973 ਨੂੰ ਸਾਊਦੀ ਅਰਬ ਦੀ ਅਗਵਾਈ ਹੇਠ ਤੇਲ ਪੈਦਾ ਕਰਨ ਵਾਲੇ ਸਾਰੇ ਅਰਬ ਦੇਸ਼ਾਂ ਨੇ ਅਮਰੀਕਾ ਅਤੇ ਇਜ਼ਰਾਈਲ ਦੀ ਮਦਦ ਕਰਨ ਵਾਲੇ ਯੂਰਪੀ ਦੇਸ਼ਾਂ ਤੇ ਅਮਰੀਕਾ ਨੂੰ ਤੇਲ ਦੀ ਸਪਲਾਈ ਠੱਪ ਕਰ ਦਿੱਤੀ। ਇਸ ਨਾਲ ਹਾਹਾਕਾਰ ਮਚ ਗਈ ਤੇ ਕੁਝ ਹੀ ਦਿਨਾਂ ਵਿਚ ਤੇਲ ਦੀ ਕੀਮਤ 350% ਵਧ ਗਈ। ਅਮਰੀਕੀ ਰਾਸ਼ਟਰਪਤੀ ਰਿਚਰਡ ਨਿਕਸਨ ਨੇ ਸਾਊਦੀ ਬਾਦਸ਼ਾਹ ਫੈਸਲ-ਬਿਨ-ਅਬਦੁਲ-ਅਜ਼ੀਜ਼-ਸਾਊਦ ਨੂੰ ਦਬਕਾ ਮਾਰਿਆ ਕਿ ਜੇ ਸਪਲਾਈ ਬਹਾਲ ਨਾ ਹੋਈ ਤਾਂ ਉਹ ਸਾਊਦੀ ਅਰਬ ਦੇ ਸਾਰੇ ਤੇਲ ਟਿਕਾਣੇ ਤਬਾਹ ਕਰ ਦੇਵੇਗਾ। ਬਾਦਸ਼ਾਹ ਨੇ ਅੱਗੋਂ ਜਵਾਬ ਦਿੱਤਾ ਕਿ ਸਾਡੀ ਕੌਮ ਸਦੀਆਂ ਤੋਂ ਸਿਰਫ਼ ਖਜੂਰਾਂ ਅਤੇ ਪਾਣੀ ਦੇ ਸਿਰ 'ਤੇ ਰੇਗਿਸਤਾਨ ਵਿਚ ਜਿਉਂਦੀ ਰਹੀ ਹੈ ਤੇ ਹੁਣ ਵੀ ਰਹਿ ਲਵਾਂਗੇ ਪਰ ਤੁਸੀਂ ਤੇਲ ਤੋਂ ਬਗ਼ੈਰ ਇਕ ਦਿਨ ਵੀ ਨਹੀਂ ਰਹਿ ਸਕਦੇ। ਇਸ ਪਾਬੰਦੀ ਨਾਲ ਅਮਰੀਕਾ ਦੇ ਪੈਟਰੋਲ ਪੰਪਾਂ 'ਤੇ ਲੰਬੀਆਂ ਲਈਨਾਂ ਲੱਗ ਗਈਆਂ, ਮਹਿੰਗਾਈ ਅਸਮਾਨ ਛੂਹਣ ਲੱਗ ਪਈ ਤੇ ਅਖ਼ੀਰ ਅਮਰੀਕਾ ਨੂੰ ਝੁਕਣਾ ਪਿਆ। ਇਸ ਪਾਬੰਦੀ ਦਾ ਭਾਰਤ 'ਤੇ ਵੀ ਜਬਰਦਸਤ ਅਸਰ ਪਿਆ ਸੀ। ਹਾਲਾਂਕਿ ਭਾਰਤ ਦਾ ਇਸ ਜੰਗ ਨਾਲ ਕੋਈ ਲੈਣਾ-ਦੇਣਾ ਨਹੀਂ ਸੀ ਪਰ ਮਹਿੰਗਾਈ ਇੰਨੀ ਵਧ ਗਈ ਕਿ ਸਾਰੇ ਦੇਸ਼ ਵਿਚ ਇੰਦਰਾ ਗਾਂਧੀ ਸਰਕਾਰ ਦਾ ਵਿਰੋਧ ਹੋਣ ਲੱਗ ਪਿਆ। ਤੇਲ ਵਿਚ ਇੰਨੀ ਤਾਕਤ ਹੈ ਕਿ 5000 ਕਿੱਲੋਮੀਟਰ ਦੂਰ ਹੋਣ ਵਾਲੀ ਜੰਗ ਕਰ ਕੇ ਇੰਦਰਾ ਗਾਂਧੀ ਨੂੰ ਐਮਰਜੈਂਸੀ ਲਗਾਉਣੀ ਪੈ ਗਈ। ਫਲਸਰੂਪ, ਮਾਰਚ 1977 ਵਾਲੀਆਂ ਚੋਣਾਂ ਵਿਚ ਕਾਂਗਰਸ ਨੂੰ ਲੱਕ ਤੋੜਵੀਂ ਹਾਰ ਹੋਈ ਤੇ ਜਨਤਾ ਪਾਰਟੀ ਸੱਤਾ ਵਿਚ ਆ ਗਈ। ਅੱਜ 50 ਸਾਲ ਬਾਅਦ ਦੁਬਾਰਾ ਹਾਲਾਤ ਉਹੋ ਜਿਹੇ ਹੀ ਬਣਦੇ ਨਜ਼ਰ ਆ ਰਹੇ ਹਨ। ਅਮਰੀਕਾ ਤੇ ਇਜ਼ਰਾਈਲ ਵੱਲੋਂ ਈਰਾਨ 'ਤੇ ਕੀਤੇ ਨਾਜਾਇਜ਼ ਹਮਲੇ ਕਾਰਨ ਜੰਗ ਚੌਥੇ ਹਫ਼ਤੇ ਵਿਚ ਪਹੁੰਚ ਗਈ ਹੈ ਤੇ ਈਰਾਨ ਜਬਰਦਸਤ ਤਰੀਕੇ ਨਾਲ ਤੇਲ ਨੂੰ ਆਪਣੇ ਸਭ ਤੋਂ ਵੱਡੇ ਹਥਿਆਰ ਵਜੋਂ ਵਰਤ ਰਿਹਾ ਹੈ। ਈਰਾਨ ਵੱਲੋਂ ਲਗਾਤਾਰ ਖਾੜੀ ਦੇਸ਼ਾਂ ਦੇ ਤੇਲ ਭੰਡਾਰਾਂ ਅਤੇ ਰਿਫਾਈਨਰੀਆਂ 'ਤੇ ਹਮਲੇ ਕੀਤੇ ਜਾ ਰਹੇ ਹਨ। ਹੋਰਮੁਜ਼ ਜਲ ਡਮਰੂ ਨੂੰ ਲਗਪਗ ਬੰਦ ਕਰ ਦਿੱਤਾ ਗਿਆ ਹੈ ਤੇ ਉੱਥੇ ਲਗਪਗ 150 ਤੇਲ ਟੈਂਕਰ ਫਸੇ ਹੋਏ ਹਨ। ਸਾਊਦੀ ਅਰਬ ਅਤੇ ਕਤਰ ਸਮੇਤ ਕਈ ਦੇਸ਼ਾਂ ਨੇ ਤੇਲ ਤੇ ਗੈਸ ਦਾ ਉਤਪਾਦਨ ਬੰਦ ਕਰ ਦਿੱਤਾ ਹੈ। ਇਸ ਸਭ ਨਾਲ ਦੁਨੀਆ ਭਰ ਵਿਚ ਤੇਲ ਦੀਆਂ ਕੀਮਤਾਂ 40 ਤੋਂ 50% ਤੱਕ ਵਧ ਗਈਆਂ ਹਨ। ਇਸ ਜੰਗ ਨੇ ਸਾਬਿਤ ਕਰ ਦਿੱਤਾ ਹੈ ਕਿ ਦੁਨੀਆ ਦੀ ਆਰਥਿਕਤਾ ਸਿਰਫ਼ ਤੇਲ ਕਾਰਨ ਹੀ ਚੱਲ ਰਹੀ ਹੈ। ਕੀ ਖ਼ਾਸੀਅਤ ਹੈ ਤੇਲ ਵਿਚ ਕਿ ਇਸ ਤੋਂ ਬਿਨਾਂ ਦੁਨੀਆ ਦਾ ਚੱਲਣਾ ਨਾਮੁਮਕਿਨ ਹੋ ਗਿਆ ਹੈ? ਏਆਈ ਅਤੇ ਇਲੈਕਟ੍ਰਿਕ ਵਾਹਨ ਹੋਣ ਦੇ ਬਾਵਜੂਦ ਕਿਉਂ ਦੁਨੀਆ ਤੇਲ ਦੀ ਖ਼ਾਤਰ ਲੜਨ-ਮਰਨ ਲਈ ਤਿਆਰ ਹੈ? ਕਈ ਹੋਰ ਦੇਸ਼ਾਂ ਜਿਵੇਂ ਅਮਰੀਕਾ, ਰੂਸ, ਲੀਬੀਆ ਅਤੇ ਵੈਨੇਜ਼ੁਏਲਾ ਆਦਿ ਕੋਲ ਤੇਲ ਦੇ ਭੰਡਾਰ ਹਨ ਤਾਂ ਅਮਰੀਕਾ ਕਿਉਂ ਖਾੜੀ ਦੇਸ਼ਾਂ ਦੇ ਪਿੱਛੇ ਪਿਆ ਹੋਇਆ ਹੈ? ਇਸ ਦਾ ਕਾਰਨ ਇਹ ਹੈ ਕਿ ਖਾੜੀ ਦੇਸ਼ਾਂ ਦਾ ਤੇਲ ਸਭ ਤੋਂ ਵੱਧ ਰਿਫਾਈਨਰੀ ਫਰੈਂਡਲੀ ਹੈ। ਅਮਰੀਕਾ ਸਮੇਤ ਦੁਨੀਆ ਭਰ ਦੀਆਂ 90% ਰਿਫਾਇਨਰੀਆਂ ਇਸ ਤੇਲ ਨੂੰ ਸੋਧਣ ਲਈ ਹੀ ਬਣਾਈਆਂ ਗਈਆਂ ਹਨ। ਆਧੁਨਿਕ ਤੇਲ ਯੁੱਗ ਦੀ ਸ਼ੁਰੂਆਤ 1859 ਵਿਚ ਹੋਈ ਸੀ ਜਦੋਂ ਅਮਰੀਕਾ ਦੇ ਪੈਨਸੈਲਵੇਨੀਆ ਪ੍ਰਾਂਤ ਵਿਚ ਇਸ ਦੀ ਖੋਜ ਹੋਈ ਸੀ। ਉਸ ਸਮੇਂ ਤੱਕ ਉਦਯੋਗਿਕ ਕ੍ਰਾਂਤੀ ਹੋ ਚੁੱਕੀ ਸੀ ਤੇ ਇੰਜਣ ਕੋਲੇ ਨਾਲ ਚੱਲਦੇ ਸਨ ਪਰ ਤੇਲ ਦੀ ਖੋਜ ਤੋਂ ਕੁਝ ਸਾਲਾਂ ਅੰਦਰ ਹੀ ਡੀਜ਼ਲ ਅਤੇ ਪੈਟਰੋਲ ਇੰਜਣ ਬਣ ਗਏ ਜਿਸ ਕਾਰਨ ਤੇਲ ਦੀ ਮੰਗ ਇਕਦਮ ਵਧ ਗਈ। ਤੇਲ ਇੰਡਸਟਰੀ ਤੇ ਟਰਾਂਸਪੋਰਟ ਦੀ ਰੀੜ੍ਹ ਦੀ ਹੱਡੀ ਬਣ ਗਿਆ ਹੈ। ਅਮਰੀਕਾ ਨੂੰ ਤੇਲ ਦੀ ਆਮਦਨ ਨਾਲ ਧਨਾਢ ਬਣਦੇ ਵੇਖ ਇੰਗਲੈਂਡ, ਫਰਾਂਸ ਅਤੇ ਰੂਸ ਆਦਿ ਨੇ ਵੀ ਤੇਲ ਦੀ ਖੋਜ ਸ਼ੁਰੂ ਕਰ ਦਿੱਤੀ। ਇੰਗਲੈਂਡ ਨੂੰ ਪਹਿਲੀ ਸਫਲਤਾ ਈਰਾਨ ਵਿਚ ਮਜਲਸੇ ਸੁਲੇਮਾਨ ਦੇ ਸਥਾਨ 'ਤੇ 1908 ਵਿਚ ਮਿਲੀ। ਇਸ ਤੋਂ ਬਾਅਦ ਸਮੇਂ-ਸਮੇਂ 'ਤੇ ਖਾੜੀ ਦੇਸ਼ਾਂ, ਸਾਊਦੀ ਅਰਬ ਅਤੇ ਰੂਸ (ਉਸ ਵੇਲੇ ਸੋਵੀਅਤ ਸੰਘ) ਵਿਚ ਵੀ ਤੇਲ ਦੀਆਂ ਵੱਡੀਆਂ ਖੋਜਾਂ ਹੋਈਆਂ। ਪਹਿਲੀ ਅਤੇ ਦੂਸਰੀ ਸੰਸਾਰ ਜੰਗ ਵਿਚ ਜਰਮਨੀ ਦੀ ਹਾਰ ਦਾ ਇਕ ਵੱਡਾ ਕਾਰਨ ਵੀ ਤੇਲ ਹੀ ਸੀ। ਇੰਗਲੈਂਡ, ਫਰਾਂਸ, ਅਮਰੀਕਾ ਅਤੇ ਰੂਸ ਕੋਲ ਆਪਣੇ ਤੇਲ ਭੰਡਾਰ ਸਨ ਜਦਕਿ ਜਰਮਨੀ, ਇਟਲੀ ਅਤੇ ਜਾਪਾਨ ਤੇਲ ਲਈ ਦੂਸਰੇ ਦੇਸ਼ਾਂ 'ਤੇ ਨਿਰਭਰ ਸਨ। ਇਨ੍ਹਾਂ ਸੰਸਾਰ ਜੰਗਾਂ ਨੇ ਦੁਨੀਆ ਭਰ ਨੂੰ ਤੇਲ ਦੀ ਅਹਿਮੀਅਤ ਸਮਝਾ ਦਿੱਤੀ। ਅਮਰੀਕਾ ਅਤੇ ਯੂਰਪ ਦੀਆਂ ਵੱਡੀਆਂ ਕੰਪਨੀਆਂ ਨੇ ਅਰਬ ਦੇਸ਼ਾਂ ਦੇ ਤੇਲ ਦੀ ਲੁੱਟ ਮਚਾ ਦਿੱਤੀ। ਇਹ ਇਨ੍ਹਾਂ ਦੇਸ਼ਾਂ ਨੂੰ ਆਮਦਨ ਦਾ ਇਕ ਛੋਟਾ ਜਿਹਾ ਹਿੱਸਾ ਦੇ ਕੇ ਸਾਰੀ ਕਮਾਈ ਖ਼ੁਦ ਕਰਦੀਆਂ ਸਨ। ਸਭ ਤੋਂ ਪਹਿਲਾਂ ਈਰਾਨ ਨੇ ਇਸ ਲੁੱਟ-ਖਸੁੱਟ ਨੂੰ ਸਮਝਿਆ ਤੇ ਪ੍ਰਧਾਨ ਮੰਤਰੀ ਮੁਹੰਮਦ ਮੁਸਾਦੇ ਨੇ 1953 ਵਿਚ ਇੰਗਲੈਂਡ ਦੀ ਸਭ ਤੋਂ ਵੱਡੀ ਤੇਲ ਕੰਪਨੀ ਐਂਗਲੋ ਪਰਸ਼ੀਅਨ ਕੰਪਨੀ ਦਾ ਕੌਮੀਕਰਨ ਕਰ ਦਿੱਤਾ। ਇਸ ਤੋਂ ਗੁੱਸੇ ਵਿਚ ਆ ਕੇ ਅਮਰੀਕਾ ਅਤੇ ਇੰਗਲੈਂਡ ਨੇ ਉਸ ਦਾ ਰਾਜ ਪਲਟਾ ਕਰਵਾ ਦਿੱਤਾ ਤੇ ਸ਼ਾਹ ਮੁਹੰਮਦ ਰਜ਼ਾ ਪਹਿਲਵੀ ਨੂੰ ਗੱਦੀ 'ਤੇ ਬਿਠਾ ਦਿੱਤਾ। ਇਸ ਨਾਲ ਈਰਾਨ ਦਾ ਤੇਲ ਦੁਬਾਰਾ ਪੱਛਮੀ ਦੇਸ਼ਾਂ ਦੇ ਹੱਥ ਲੱਗ ਗਿਆ। ਹੌਲੀ-ਹੌਲੀ ਅਰਬ ਦੇਸ਼ਾਂ ਵਿਚ ਜਾਗਰਿਤੀ ਆ ਗਈ ਤੇ ਉਨ੍ਹਾਂ ਨੇ ਤੇਲ ਦਾ ਕੰਟਰੋਲ ਆਪਣੇ ਹੱਥਾਂ ਵਿਚ ਲੈ ਲਿਆ। ਉਨ੍ਹਾਂ ਨੇ ਆਪਣੀ ਇਕ ਜਥੇਬੰਦੀ ਓਪੇਕ ਵੀ ਬਣਾ ਲਈ ਜੋ ਤੇਲ ਦੀਆਂ ਕੀਮਤਾਂ ਤੈਅ ਕਰਨ ਲੱਗ ਪਈ ਪਰ ਅਮਰੀਕਾ ਨੇ ਵੀ 1973 ਦਾ ਸਬਕ ਭੁੱਲਿਆ ਨਹੀਂ ਸੀ। ਉਹ ਤੇਲ ਦੇ ਪਿੱਛੇ ਪੈ ਗਿਆ ਤੇ ਜਿੱਥੋਂ ਵੀ ਤੇਲ ਲੱਭਦਾ, ਕਬਜ਼ਾ ਕਰਦਾ ਗਿਆ। ਅਮਰੀਕਾ ਭਾਵੇਂ ਤੇਲ ਦੇ ਮਾਮਲੇ ਵਿਚ ਸਵੈ ਨਿਰਭਰ ਹੈ ਪਰ ਫਿਰ ਵੀ ਇਰਾਕ ਅਤੇ ਲੀਬੀਆ ਦੇ ਤੇਲ 'ਤੇ ਕਬਜ਼ਾ ਕਰ ਲਿਆ ਤੇ ਈਰਾਨ ਨਾਲ ਮੌਜੂਦਾ ਬੇਲੋੜੀ ਜੰਗ ਛੇੜ ਲਈ ਜਿਸ ਦਾ ਕਾਰਨ ਰੋਜ਼ਮੱਰ੍ਹਾ ਦੀ ਜ਼ਿੰਦਗੀ ਵਿਚ ਤੇਲ ਦੀ ਅਹਿਮੀਅਤ ਹੈ। ਤੇਲ ਦੁਨੀਆ ਦੇ ਹਰ ਦੇਸ਼ ਵਿਚ ਨਹੀਂ ਮਿਲਦਾ ਪਰ ਸਭ ਨੂੰ ਇਸ ਦੀ ਜ਼ਰੂਰਤ ਹੈ। ਸੰਸਾਰ ਦੀ ਸਾਰੀ ਹੈਵੀ ਟਰਾਂਸਪੋਰਟ ਤੇਲ 'ਤੇ ਚੱਲਦੀ ਹੈ। ਸਮੁੰਦਰੀ ਜਹਾਜ਼, ਕੰਟੇਨਰ ਕੈਰੀਅਰ ਤੇ ਹਵਾਈ ਯਾਤਰਾ ਇਸ ਤੋਂ ਬਿਨਾਂ ਸੰਭਵ ਨਹੀਂ ਹੈ। ਇਸ ਤੋਂ ਇਲਾਵਾ ਪਲਾਸਟਿਕ ਤੇ ਰਬੜ ਅੱਜ ਸੰਸਾਰ ਦੀ ਸਭ ਤੋਂ ਵੱਡੀ ਜ਼ਰੂਰਤ ਬਣ ਚੁੱਕੀ ਹੈ। ਲਗਪਗ ਹਰ ਯੰਤਰ ਵਿਚ ਪਲਾਸਟਿਕ ਵਰਤੀ ਜਾਂਦੀ ਹੈ ਜੋ 100% ਤੇਲ ਤੋਂ ਬਣਦੀ ਹੈ। ਵਾਸ਼ਿੰਗ ਮਸ਼ੀਨਾਂ, ਕੰਪਿਊਟਰ, ਮੋਬਾਈਲ ਫੋਨ, ਕੁਰਸੀਆਂ-ਮੇਜ਼, ਟੀਵੀ, ਟਾਇਰ ਅਤੇ ਟਿਊਬਾਂ ਆਦਿ ਹਰ ਚੀਜ਼ ਵਿਚ ਪਲਾਸਟਿਕ ਤੇ ਰਬੜ ਦੀ ਵਰਤੋਂ ਕੀਤੀ ਜਾਂਦੀ ਹੈ। ਵਿਸ਼ਵ ਦੇ ਤੇਲ ਦਾ 15% ਸਿਰਫ਼ ਪਲਾਸਟਿਕ ਅਤੇ ਰਬੜ ਬਣਾਉਣ ਵਿਚ ਹੀ ਵਰਤਿਆ ਜਾਂਦਾ ਹੈ। ਜੇ ਸੰਸਾਰ ਦੇ 20% ਆਵਾਜਾਈ ਦੇ ਸਾਧਨ ਬਿਜਲਈ ਵੀ ਹੋ ਜਾਣ ਤਾਂ ਵੀ ਤੇਲ ਦੀ ਖਪਤ 'ਤੇ ਕੋਈ ਫ਼ਰਕ ਪੈਣ ਵਾਲਾ ਨਹੀਂ ਹੈ। ਪਾਣੀ ਤੋਂ ਬਾਅਦ ਇਨਸਾਨ ਦੀ ਸਭ ਤੋਂ ਵੱਡੀ ਜ਼ਰੂਰਤ ਭੋਜਨ ਹੈ ਜੋ ਤੇਲ ਤੋਂ ਬਗੈਰ ਅਸੰਭਵ ਹੈ। ਤੇਲ ਤੋਂ ਬਣਨ ਵਾਲੀਆਂ ਖਾਦਾਂ ਨਾ ਹੋਣ ਤਾਂ ਸੰਸਾਰ ਦੀ ਅਨਾਜ ਉਪਜ 75% ਤੱਕ ਘਟ ਸਕਦੀ ਹੈ। ਨਾਈਟ੍ਰੋਜਨ ਸਮੇਤ 99% ਖਾਦਾਂ ਤੇਲ ਤੋਂ ਬਣਦੀਆਂ ਹਨ। ਇਸ ਤੋਂ ਇਲਾਵਾ ਤੇਲ ਤੋਂ ਹੋਰ ਵੀ ਲੱਖਾਂ ਚੀਜ਼ਾਂ ਦਾ ਉਤਪਾਦਨ ਹੁੰਦਾ ਹੈ। ਅਮਰੀਕਾ ਬਹੁਤ ਪਹਿਲਾਂ ਸਮਝ ਗਿਆ ਸੀ ਕਿ ਜੇ ਸੰਸਾਰ 'ਤੇ ਦਬਦਬਾ ਬਣਾਉਣਾ ਹੈ ਤਾਂ ਸਭ ਤੋਂ ਪਹਿਲਾਂ ਤੇਲ 'ਤੇ ਕਬਜ਼ਾ ਕਰਨਾ ਪਵੇਗਾ। ਇਸ ਕਾਰਨ ਹੀ ਉਹ ਹੁਣ ਈਰਾਨ ਨਾਲ ਜੰਗ ਛੇੜੀ ਬੈਠਾ ਹੈ।

# ਨਾ ਕੋਈ ਵੈਰੀ, ਨਾ ਬੇ.ਗਾਨਾ



ਜਯੋਤੀ ਮਲਹੋਤਰਾ

ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਬਿਲਕੁਲ ਸਹੀ ਸਨ ਜਦੋਂ ਉਨ੍ਹਾਂ ਨੇ ਇਸ ਹਫ਼ਤੇ ਦੇ ਸ਼ੁਰੂ ਵਿੱਚ ਪੱਛਮੀ ਏਸ਼ੀਆ ਟਕਰਾਅ ਬਾਰੇ ਸਰਬ ਪਾਰਟੀ ਮੀਟਿੰਗ ਦੌਰਾਨ ਕਿਹਾ ਸੀ ਕਿ 'ਭਾਰਤ ਦਲਾਲ ਦੇਸ਼ ਨਹੀਂ ਹੈ।' ਜੈਸ਼ੰਕਰ ਸਾਬਕਾ ਰਾਜਦੂਤ ਹਨ ਤੇ ਉਹ ਸ਼ਬਦਾਂ ਦੀ ਅਹਿਮੀਅਤ ਨੂੰ ਭਲੀ-ਭਾਂਤ ਸਮਝਦੇ ਹਨ। ਜਦੋਂ ਵਿਰੋਧੀ ਧਿਰ ਦੇ ਆਗੂਆਂ ਨੇ ਉਨ੍ਹਾਂ ਨੂੰ ਇਰਾਨ ਖ਼ਿਲਾਫ਼ ਪਿਛਲੇ ਚਾਰ ਹਫ਼ਤਿਆਂ ਤੋਂ ਜਾਰੀ ਅਮਰੀਕਾ-ਇਜ਼ਰਾਈਲ ਜੰਗ ਖ਼ਤਮ ਕਰਵਾਉਣ ਵਿੱਚ ਪਾਕਿਸਤਾਨ ਦੀ ਭੂਮਿਕਾ ਬਾਰੇ ਪੁੱਛਿਆ ਤਾਂ ਉਨ੍ਹਾਂ ਪਾਕਿਸਤਾਨ ਲਈ ਹਿੰਦੀ ਦਾ ਸ਼ਬਦ 'ਦਲਾਲ' ਵਰਤਿਆ, ਜਿਸ ਦਾ ਅੰਗਰੇਜ਼ੀ ਵਿੱਚ ਅਰਥ 'ਬਰੋਕਰ' ਹੈ। ਇਹ ਸਮਝ ਲਗਦਾ ਹੈ ਕਿ ਜੈਸ਼ੰਕਰ ਖ਼ਫ਼ਾ ਸਨ। ਮਾਣਯੋਗ ਸੰਸਦ ਮੈਂਬਰ ਫਾਰਸ ਦੀ ਖਾੜੀ ਵਿਚਲੇ ਟਕਰਾਅ ਦੇ ਸੰਦਰਭ ਵਿੱਚ ਭਾਰਤ ਦੀ ਭੂਮਿਕਾ ਦੀ ਤੁਲਨਾ ਪਾਕਿਸਤਾਨ ਨਾਲ ਕਰ ਰਹੇ ਸਨ। ਅਜਿਹਾ ਜਾਪਦਾ ਹੈ ਕਿ ਡੋਨਲਡ ਟਰੰਪ ਦੀਆਂ 'ਅੱਖਾਂ ਦੇ ਤਾਰੇ ਫੀਲਡ ਮਾਰਸ਼ਲ' ਆਸਿਮ ਮੁਨੀਰ ਇਰਾਨ ਅਤੇ ਅਮਰੀਕਾ ਵਿਚਾਲੇ ਸੰਦੇਸ਼ਵਾਹਕ ਦੀ ਜ਼ਿੰਮੇਵਾਰੀ ਨਿਭਾ ਰਹੇ ਹਨ। ਇਸੇ ਕਾਰਨ ਟਰੰਪ ਨੇ 7 ਅਪਰੈਲ ਤੱਕ ਜੰਗ ਰੋਕਣ ਦਾ ਐਲਾਨ ਕੀਤਾ। ਪਾਕਿਸਤਾਨ ਨੇ ਵਾਰਤਾ ਦੀ ਮੇਜ਼ਬਾਨੀ ਕਰਨ ਦੀ ਪੇਸ਼ਕਸ਼ ਵੀ ਕੀਤੀ ਹੈ; ਇਹ ਵਾਰਤਾ ਤੁਰਕੀ ਅਤੇ ਮਿਸਰ ਵਿੱਚ ਵੀ ਹੋ ਸਕਦੀ ਹੈ। ਤੁਸੀਂ ਇਸ ਨੂੰ ਭਾਵੇਂ ਕਿਸੇ ਵੀ ਨਜ਼ਰੀਏ ਨਾਲ ਦੇਖੋ, ਪਰ ਪਾਕਿਸਤਾਨ ਵਿਸ਼ਵ-ਵਿਆਪੀ ਘਟਨਾਕ੍ਰਮ ਦੌਰਾਨ ਆਪਣੀ ਭੂਮਿਕਾ ਉਭਾਰਨ 'ਚ ਕਾਮਯਾਬ ਰਿਹਾ



ਹੈ, ਹਾਲਾਂਕਿ ਅਗਲੇ ਹਫ਼ਤੇ ਤੱਕ ਇਹ ਮਸਲਾ ਕਿਸੇ ਤਣ-ਪੱਤਣ ਲੱਗਦਾ ਨਜ਼ਰ ਨਹੀਂ ਆਉਂਦਾ। ਟਰੰਪ ਹਾਲੇ ਵੀ ਇਰਾਨ 'ਤੇ ਜ਼ਮੀਨੀ ਹਮਲਾ ਕਰਨ ਦਾ ਹੁਕਮ ਦੇ ਸਕਦਾ ਹੈ। ਪਰ ਸਰਬ-ਪਾਰਟੀ ਮੀਟਿੰਗ ਵਿੱਚ ਇਹ ਸਤਿਕਾਰਯੋਗ ਸੰਸਦ ਮੈਂਬਰ, ਜੋ ਵਧੇਰੇ ਕਰ ਕੇ ਕੇਰਲਾ, ਤਾਮਿਲਨਾਡੂ, ਪੱਛਮੀ ਬੰਗਾਲ ਅਤੇ ਅਸਾਮ ਦੀਆਂ ਵਿਧਾਨ ਸਭਾ ਚੋਣਾਂ ਬਾਰੇ ਵੱਧ ਚਿੰਤਤ ਹਨ, ਦਾ ਸਪੱਸ਼ਟ ਰੁਖ਼ ਸੀ ਕਿ ਇਹ ਸਿਰਫ਼ ਘਰੇਲੂ ਗੈਸ ਸਿਲੰਡਰ ਦੀਆਂ ਕੀਮਤਾਂ ਵਧਣ ਦਾ ਨਹੀਂ ਸਗੋਂ ਗੰਭੀਰ ਉਕਾਈਆਂ ਦਾ ਮਸਲਾ ਸੀ। ਪ੍ਰਤੱਖ ਤੌਰ 'ਤੇ ਜੈਸ਼ੰਕਰ ਨੂੰ ਖ਼ਫ਼ਾ ਹੋਣ ਦਾ ਹੱਕ ਹੈ। ਪਾਕਿਸਤਾਨੀ ਫ਼ੌਜ ਵੱਲੋਂ ਦਹਾਕਿਆਂ ਤੋਂ ਮੁੰਬਈ ਤੋਂ ਪਹਿਲਗਾਮ ਤੱਕ ਵਾਰ-ਵਾਰ ਨਿਰਦੋਸ਼ ਭਾਰਤੀਆਂ 'ਤੇ ਭਿਆਨਕ ਹਮਲੇ ਕਰਵਾਏ ਜਾ ਰਹੇ ਹਨ, ਲੋਕਾਂ ਦੀ ਹੱਤਿਆ ਕਰਵਾਈ ਜਾ ਰਹੀ ਹੈ, ਅਜਿਹੇ ਘਿਣਾਉਣੇ ਅਪਰਾਧਾਂ ਦੇ ਮੱਦੇਨਜ਼ਰ ਉਸ ਨੂੰ ਅਜਿਹਾ ਸੱਦੇ ਜਾਣਾ ਜਾਇਜ਼ ਹੈ।

ਸ਼ਾਇਦ ਇਹ ਭਾਰਤ ਲਈ ਆਤਮਚਿੰਤਨ ਦਾ ਵੇਲਾ ਹੈ ਕਿ ਪ੍ਰਾਚੀਨ ਅਤੇ ਵਿਲੱਖਣ ਸੱਭਿਅਤਾ ਦਾ ਮਾਲਕ ਸਾਡਾ ਮੁਲਕ ਇਸ ਆਧੁਨਿਕ ਅਤੇ ਤੇਜ਼ੀ ਨਾਲ ਬਦਲਦੀ ਦੁਨੀਆ ਵਿੱਚ ਕਿਸ ਪਾਸੇ ਜਾ ਰਿਹਾ ਹੈ? ਬਹੁ-ਗਿਣਤੀ ਭਾਰਤੀ ਵਿਦੇਸ਼ ਨੀਤੀ ਦੇ ਮੁੱਦਿਆਂ 'ਤੇ ਫ਼ਿਕਰਮੰਦ ਨਹੀਂ ਹਨ- ਅਸੀਂ ਸੰਤੁਸ਼ਟ ਹਾਂ ਕਿ ਅਟਲ ਬਿਹਾਰੀ ਵਾਜਪਾਈ, ਮਨਮੋਹਨ ਸਿੰਘ ਅਤੇ ਨਰਿੰਦਰ ਮੋਦੀ ਵਰਗੇ ਪ੍ਰਧਾਨ ਮੰਤਰੀਆਂ ਨੇ ਸਾਨੂੰ ਵੱਡੇ ਅਤੇ ਮਾੜੇ ਪ੍ਰਭਾਵਾਂ ਤੋਂ ਬਚਾਈ ਰੱਖਿਆ ਹੈ।

ਕੁਝ ਤੱਥ ਅਸੀਂ ਬਾਖ਼ੂਬੀ ਜਾਣਦੇ ਹਾਂ। ਪਹਿਲਾ, ਭਾਰਤ ਵਿਸ਼ਵ ਦੀ ਚੌਥੀ ਸਭ ਤੋਂ ਵੱਡੀ ਅਰਥਵਿਵਸਥਾ ਬਣ ਗਿਆ ਹੈ, ਭਾਵੇਂ ਪ੍ਰਤੀ ਵਿਅਕਤੀ ਆਮਦਨ (ਲਗਪਗ 2700-3000 ਡਾਲਰ) ਦੇ ਮਾਮਲੇ 'ਚ ਅਸੀਂ ਦੇਸ਼ਾਂ ਦੀ ਆਲਮੀ ਸੂਚੀ ਵਿੱਚ 140ਵੇਂ ਸਥਾਨ 'ਤੇ ਆਉਂਦੇ ਹਾਂ। ਦੂਸਰਾ, ਭਾਰਤੀ ਪਰਵਾਸੀਆਂ ਦਾ ਪ੍ਰਭਾਵ ਵਧ ਰਿਹਾ ਹੈ, ਖਾਸ ਕਰ ਕੇ ਅਮੀਰਕਾ ਵਿੱਚ। ਤੀਸਰਾ, ਕੌਮਾਂਤਰੀ ਮੰਚ 'ਤੇ ਭਾਰਤ ਦਾ ਵਿਰੋਧੀ ਚੀਨ ਹੈ, ਨਾ ਕਿ ਮਾੜਚੂ ਜਿਹਾ ਪਾਕਿਸਤਾਨ। ਫਿਰ ਨਿਤਾਣਾ ਜਿਹਾ ਪਾਕਿਸਤਾਨ ਜੰਗ ਵਿੱਚ ਉਲਝੇ ਅਮਰੀਕਾ ਅਤੇ ਇਰਾਨ ਵਿਚਾਲੇ ਵਿਚੋਲਗੀ ਦੀ ਪੇਸ਼ਕਸ਼ ਕਰ ਕੇ ਭਾਰਤ ਤੋਂ ਅੱਗੇ ਕਿਵੇਂ ਲੰਘ ਗਿਆ, ਹੈਰਾਨੀ ਦੀ ਗੱਲ ਹੈ ਕਿ ਦੁਨੀਆ ਉਸ ਨੂੰ ਕਿਉਂ ਸੁਣ ਰਹੀ ਹੈ?

ਥੋੜ੍ਹਾ ਪਿੱਛੇ ਚੱਲਦੇ ਹਾਂ। ਸ਼ਾਇਦ, ਅਸੀਂ ਗ਼ਲਤ ਸਵਾਲ ਪੁੱਛ ਰਹੇ ਹਾਂ। ਸਹੀ ਸਵਾਲ ਇਹ ਨਹੀਂ ਹੈ ਕਿ ਕੀ ਪਾਕਿਸਤਾਨ, ਭਾਰਤ ਤੋਂ ਅੱਗੇ ਨਿਕਲਣ ਵਿੱਚ ਸਫ਼ਲ ਹੋ ਗਿਆ ਹੈ, ਅਸਲ ਵਿੱਚ ਇਹ ਖੇਡ ਕਈ ਮੌਕਿਆਂ 'ਤੇ ਕਈ ਢੰਗ-ਤਰੀਕਿਆਂ ਨਾਲ ਖੇਡੀ ਜਾ ਸਕਦੀ ਹੈ। ਪਰ ਕੀ ਭਾਰਤ ਇੱਕ ਵਿਸ਼ੇਸ਼ ਨੈਤਿਕ ਕੇਂਦਰ ਦੇ ਨਾਲ-ਨਾਲ ਇੱਕ ਰਾਸ਼ਟਰ ਵਜੋਂ ਆਪਣੇ ਅਕਸ 'ਤੇ ਖ਼ਰਾ ਉਤਰਿਆ ਹੈ? ਜਿਸ ਅਕਸ ਨੇ ਆਜ਼ਾਦੀ ਦੇ ਅੰਦੋਲਨ ਤੋਂ ਬਾਅਦ ਤੱਕ ਦੁਨੀਆ ਵਿੱਚ ਸਾਡਾ ਇੱਕ ਵੱਕਾਰ ਕਾਇਮ ਕੀਤਾ, ਉਸ ਨੇ ਲੋੜ ਪੈਣ 'ਤੇ ਸਾਨੂੰ ਵਿਹਾਰਿਕ ਕਦਮ ਚੁੱਕਣ ਦੀ ਇਜਾਜ਼ਤ ਵੀ ਦਿੱਤੀ (ਨਾ ਕਿ ਨੇਤਨਯਾਹੂ ਵੱਲੋਂ ਗਾਜ਼ਾ ਨੂੰ ਤਬਾਹ ਕਰਨ ਜਾਂ ਵਲਾਦੀਮੀਰ ਪੂਤਿਨ ਵੱਲੋਂ ਯੂਕਰੇਨ 'ਤੇ ਹਮਲਾ ਕਰਨ ਵੇਲੇ ਚੁੱਪ ਰਹਿਣਾ), ਪਰ ਇੱਕ ਅਜਿਹਾ ਦੇਸ਼ ਜੋ ਕਦੇ ਵੀ ਅਨੈਤਿਕ ਜਾਂ ਬੇਇਨਸਾਫ਼ੀ ਦੀ ਜੰਗ ਦਾ ਸਮਰਥਨ ਨਹੀਂ ਕਰੇਗਾ।

ਇਹੀ ਭਾਰਤ ਦੀ ਸਭ ਤੋਂ ਵੱਡੀ ਤਾਕਤ ਹੈ- ਇਸ ਨੂੰ ਬਹਾਲ ਕਰਨ ਦੀ ਲੋੜ ਹੈ। ਹਾਲਾਂਕਿ ਪ੍ਰਧਾਨ ਮੰਤਰੀ ਆਪਣੇ ਮੇਜ਼ਬਾਨ ਬੈਂਜਾਮਿਨ ਨੇਤਨਯਾਹੂ ਵੱਲੋਂ ਅਮਰੀਕਾ ਨਾਲ ਮਿਲ ਕੇ ਇਰਾਨ ਨੂੰ ਤਬਾਹ ਕਰਨ ਲਈ ਹਵਾਈ ਹਮਲੇ ਦਾ ਹੁਕਮ ਦੇਣ ਤੋਂ ਮਹਿਜ਼ ਦੋ ਦਿਨ ਪਹਿਲਾਂ ਇਜ਼ਰਾਈਲ ਗਏ ਸਨ, ਅਸਲੀਅਤ ਇਹ ਹੈ ਕਿ ਮੋਦੀ ਸਰਕਾਰ ਨੂੰ ਇਜ਼ਰਾਈਲ-ਅਮਰੀਕਾ ਦਾ ਖੁੱਲ੍ਹੇਆਮ ਪੱਖ ਪੂਰਨ ਦੀ ਆਪਣੀ ਪੁਰਾਣੀ ਨੀਤੀ ਛੱਡਣ ਲਈ ਮਜਬੂਰ ਹੋਣਾ ਪਿਆ ਹੈ।

ਭਾਰਤ ਨੇ ਸ਼ਾਇਦ ਟਰੰਪ ਅਤੇ ਨੇਤਨਯਾਹੂ ਵਾਂਗ ਸੋਚਿਆ ਸੀ ਕਿ ਇਰਾਨ ਤਾਕਤਵਰ ਦੇਸ਼ਾਂ ਦਾ ਵਿਰੋਧ ਕਰਨ ਦੇ ਸਮਰੱਥ ਨਹੀਂ ਹੋਵੇਗਾ। (ਕੌਣ ਹਿੰਮਤ ਕਰੇਗਾ?) ਕਿਸੇ ਵੀ ਮਾਮਲੇ ਵਿੱਚ ਅਮਰੀਕਾ-ਇਜ਼ਰਾਈਲ- ਯੂ ਏ ਈ ਦੀ ਤਿੱਕੜੀ ਦੇ ਵਪਾਰ, ਪਰਵਾਸ ਤੇ ਰੱਖਿਆ ਵਿੱਚ ਐਨੇ ਵੱਡੇ ਹਿੱਤ ਸਨ ਕਿ ਸ਼ੁਰੂਆਤੀ ਰੁਝਾਨ 'ਚ ਇਹ ਜੰਗ ਖੱਬੇ ਹੱਥ ਦੀ ਖੇਡ ਜਾਪਦੀ ਸੀ। ਬਦਕਿਸਮਤੀ ਨਾਲ, ਇਹ ਉਮੀਦ ਮੁਤਾਬਕ ਨਹੀਂ ਚੱਲੀ। ਮੰਦਭਾਗੀ ਅਤੇ ਬੇਇਨਸਾਫ਼ੀ ਵਾਲੀ ਜੰਗ ਦਾ ਪੱਖ ਪੂਰਦੇ ਹੋਏ ਭਾਰਤ ਨੇ ਵਿਚਕਾਰਲਾ ਰਾਹ ਤਿਆਗ ਦਿੱਤਾ ਜੋ ਭਾਰਤ ਦੇ ਪੁੱਤਰ ਗੌਤਮ ਬੁੱਧ ਨੇ ਇਸ ਰਸਤੇ 'ਤੇ ਚੱਲਣਾ ਕਈ ਸਦੀਆਂ ਪਹਿਲਾਂ ਸਿਖਾਇਆ ਸੀ। ਸਿਆਸੀ ਤੌਰ 'ਤੇ ਸੂਝਵਾਨ ਪ੍ਰਧਾਨ ਮੰਤਰੀ ਨੂੰ ਅਮਰੀਕੀ ਮਿਜ਼ਾਈਲਾਂ ਵੱਲੋਂ ਇਰਾਨ ਦੇ ਸੁਪਰੀਮ ਲੀਡਰ ਆਇਤੁੱਲ੍ਹਾ ਖਮੇਨੇਈ ਦੀ ਕੀਤੀ ਹੱਤਿਆ ਜਾਂ ਇਰਾਨ ਦੇ ਮਿਨਾਬ ਸ਼ਹਿਰ ਵਿੱਚ ਇੱਕ ਸਕੂਲ 'ਤੇ ਬੰਬ ਸੁੱਟਣ ਮਗਰੋਂ ਫੈਲੀ ਬੇਚੈਨੀ ਨੂੰ ਜ਼ਰੂਰ ਸਮਝ ਲਿਆ ਹੋਵੇਗਾ। ਸੰਯੁਕਤ ਰਾਸ਼ਟਰ ਦੀ ਮਨੁੱਖੀ ਅਧਿਕਾਰਾਂ ਬਾਰੇ ਕੌਂਸਲ ਸਕੂਲੀ ਬੱਚੀਆਂ ਦੇ ਸਕੂਲ 'ਤੇ ਹਮਲੇ ਦੀ ਘਟਨਾ 'ਤੇ ਬਹਿਸ ਕਰ ਰਹੀ ਹੈ।

ਅਜਿਹਾ ਨਹੀਂ ਕਿ ਭਾਰਤੀ, ਖਮੇਨੇਈ ਦੀ ਧਾਰਮਿਕ ਕੱਟੜਤਾ ਦੀ ਸ਼ਲਾਘਾ ਕਰ ਰਹੇ ਸਨ ਜਾਂ ਉਸ ਦਾ ਪੱਖ ਪੂਰ ਰਹੇ ਸਨ, ਅਸੀਂ ਸਿਰਫ਼ ਹਰ ਕਾਨੂੰਨ ਉਲੰਘ ਕੇ ਇੱਕ-ਦੋ ਮੁਲਕਾਂ ਵੱਲੋਂ ਇਰਾਨ 'ਤੇ ਕੀਤੀ ਜਾ ਰਹੀ ਕਾਰਵਾਈ ਤੋਂ ਦੁਖੀ ਸਾਂ। ਹਾਲਾਂਕਿ ਭਾਰਤ ਨੇ ਖਮੇਨੇਈ ਦੀ ਹੱਤਿਆ ਦੀ ਖੁੱਲ੍ਹ ਕੇ ਨਿੰਦਾ ਨਹੀਂ ਕੀਤੀ ਪਰ ਜੈਸ਼ੰਕਰ ਨੂੰ ਸ਼ੋਕ ਪੁਸਤਕ 'ਤੇ ਦਸਤਖ਼ਤ ਕਰਨ ਲਈ ਦਿੱਲੀ ਸਥਿਤ ਇਰਾਨੀ ਦੂਤਾਵਾਸ ਜ਼ਰੂਰ ਭੇਜਿਆ ਗਿਆ ਸੀ। ਉਦੋਂ ਮੋਦੀ ਤੇ ਜੈਸ਼ੰਕਰ ਦੋਵਾਂ ਨੇ ਕ੍ਰਮਵਾਰ ਇਰਾਨ ਦੇ ਰਾਸ਼ਟਰਪਤੀ ਮਸੂਦ ਪੇਜ਼ੇਸ਼ਕੀਅਨ ਅਤੇ ਵਿਦੇਸ਼ ਮੰਤਰੀ ਅੱਬਾਸ ਅਰਾਗਚੀ ਨਾਲ ਫੋਨ 'ਤੇ ਗੱਲਬਾਤ ਵੀ ਕੀਤੀ ਸੀ- ਭਾਵੇਂ ਉਹ ਤੇਲ ਨਾਲ ਲੱਦੇ ਭਾਰਤੀ ਸਮੁੰਦਰੀ ਜਹਾਜ਼ਾਂ ਨੂੰ ਹੋਰਮੁਜ਼ ਜਲਡਮਰੂ ਪਾਰ ਕਰਵਾਉਣ 'ਚ ਮਦਦ ਕਰਨ ਲਈ ਹੀ ਕੀਤੀ ਹੋਵੇ।

ਇਸ ਖੇਡ 'ਚ ਵਿੱਚ ਇਰਾਨੀਆਂ ਦਾ ਬਹੁਤ ਖ਼ੂਨ-ਖਰਾਬਾ ਹੋਇਆ ਪਰ ਉਹ ਝੁਕੇ ਨਹੀਂ ਅਤੇ ਇਸ ਖੇਡ ਨੂੰ ਸਮਝਦਾਰੀ ਨਾਲ ਖੇਡਿਆ। ਉਹ ਸਮਝਦੇ ਸਨ ਕਿ ਭਾਰਤੀ-ਕਸ਼ਮੀਰ ਦੇ ਆਮ ਲੋਕ ਆਪਣੇ ਇਰਾਨੀ ਭਰਾਵਾਂ ਲਈ ਪੈਸੇ ਅਤੇ ਗਹਿਣੇ ਇਕੱਠੇ ਕਰ ਹਨ, ਜਦਕਿ ਉੱਚ ਸ਼੍ਰੇਣੀ ਤਬਕਾ ਜੋ 'ਦਿ ਟ੍ਰਿਬਿਊਨ' ਵਰਗੇ ਅਖ਼ਬਾਰਾਂ ਵਿੱਚ ਮਸ਼ਵਰੇ ਦੇ ਮਜ਼ਮੂਨ ਲਿਖ ਰਿਹਾ ਹੈ, ਸਰਕਾਰ ਦੇ ਰਵੱਈਏ ਤੋਂ ਪੂਰੀ ਤਰ੍ਹਾਂ ਸਹਿਜ ਨਹੀਂ ਸਨ। ਲੱਗਦਾ ਹੈ ਕਿ ਕੁਝ ਇਰਾਨੀ ਮਿਜ਼ਾਈਲਾਂ 'ਤੇ ਹੁਣ 'ਧੰਨਵਾਦ, ਭਾਰਤ।।।' ਲਿਖਿਆ ਹੋਇਆ ਹੈ। ਇਹ ਸਮੁੱਚੀਆਂ ਸਥਿਤੀਆਂ ਸਾਨੂੰ ਇਸ ਹਫ਼ਤੇ ਵਿਦੇਸ਼ ਨੀਤੀ ਨਾਲ ਜੁੜੇ ਕੁਝ ਸਬਕ ਸਿਖਾਉਂਦਾ ਹੈ। ਸਭ ਤੋਂ ਪਹਿਲਾਂ ਸਾਰੀਆਂ ਧਿਰਾਂ ਨਾਲ ਗੱਲਬਾਤ ਕਰਨੀ ਚਾਹੀਦੀ ਹੈ, ਭਾਵੇਂ ਤੁਸੀਂ ਇਸ ਦੇ ਪੱਖ ਵਿੱਚ ਨਾ ਵੀ ਹੋਵੋ। ਇਸੇ ਲਈ ਇਰਾਨ ਅਤੇ ਇਜ਼ਰਾਈਲ, ਸੰਯੁਕਤ ਅਰਬ ਅਮੀਰਾਤ ਅਤੇ ਸਾਊਦੀ ਅਰਬ ਸਭ ਨਾਲ ਗੱਲਬਾਤ ਜ਼ਰੂਰੀ ਹੈ। ਦੂਜਾ, ਸਾਰੀਆਂ ਧਿਰਾਂ ਦਾ ਪੱਖ ਸੁਣੋ। ਪਾਕਿਸਤਾਨ ਵੱਲੋਂ ਇਰਾਨ ਅਤੇ ਅਮਰੀਕਾ ਵਿਚਾਲੇ ਵਿਚੋਲਗੀ ਕਰਨ ਦੀ ਸਫ਼ਲ ਕੋਸ਼ਿਸ਼ ਬਾਰੇ ਸੁਣ ਕੇ ਭਾਰਤੀਆਂ ਦੇ ਹੈਰਾਨ ਹੋਣ ਦਾ ਇੱਕ ਕਾਰਨ ਇਹ ਹੈ ਕਿ ਹੁਣ ਸਾਡੀ ਪਾਕਿਸਤਾਨੀ ਮੀਡੀਆ ਤੱਕ ਪਹੁੰਚ ਨਹੀਂ ਹੈ, ਕਿਉਂਕਿ ਅਪਰੇਸ਼ਨ ਸਿੰਧੂਰ ਤੋਂ ਬਾਅਦ ਸਾਰੇ ਅਖ਼ਬਾਰਾਂ ਅਤੇ ਟੀ ਵੀ ਚੈਨਲਾਂ ਅਤੇ ਕੁਝ ਐਕਸ ਖ਼ਾਤਿਆਂ 'ਤੇ ਪਾਬੰਦੀ ਲਾਈ ਗਈ ਹੈ; ਜੇਕਰ ਤੁਸੀਂ ਸਿਰਫ਼ 'ਨਿਊਯਾਰਕ ਟਾਈਮਜ਼' ਅਤੇ 'ਵਾਲ ਸਟਰੀਟ ਜਰਨਲ' ਹੀ ਪੜ੍ਹਦੇ ਹੋ ਤੇ 'ਡਾਅਨ' ਅਤੇ 'ਦਿ ਨਿਊਜ਼' ਨਹੀਂ, ਤਾਂ ਤੁਹਾਨੂੰ ਪਤਾ ਹੀ ਨਹੀਂ ਲੱਗ ਸਕਦਾ ਕਿ ਪਾਕਿਸਤਾਨ ਦੇ ਅੰਦਰ ਕੀ ਵਾਪਰ ਰਿਹਾ ਹੈ। ਅਜਿਹੀ ਸੂਰਤ 'ਚ ਤੁਹਾਡੀ ਸੁਣਨ ਅਤੇ ਸਮਝਣ ਦੀ ਸਮੱਰਥਾ ਸੀਮਤ ਹੋ ਜਾਵੇਗੀ। ਤੀਸਰਾ, ਚਾਣਕਿਆ ਦੀ ਨੀਤੀ ਕਹਿੰਦੀ ਹੈ ਕਿ ਆਪਣੇ ਦੋਸਤਾਂ ਨੂੰ ਨੇੜੇ ਰੱਖੋ ਪਰ ਦੁਸ਼ਮਣਾਂ 'ਤੇ ਵੀ ਤਿੱਖੀ ਨਜ਼ਰ ਰੱਖੋ।

Issue- 487, Vol-20, April 09, 2026

# ਖ਼ਤਰਨਾਕ ਹੈ ਰਸਾਇਣਾਂ ਵਾਲੀ ਖੇਤੀ



ਡਾ. ਸ. ਸ. ਛੀਨਾ

ਉਸ ਤਰ੍ਹਾਂ ਤਾਂ ਇਸ ਵਕਤ ਦੁਨੀਆ ਭਰ ਵਿਚ ਵਾਤਾਵਰਨ ਦਾ ਵਿਗਾੜ ਨਜ਼ਰ ਆਇਆ ਹੈ ਅਤੇ ਵਿਸ਼ਵ ਪੱਧਰ 'ਤੇ ਤਾਪਮਾਨ ਵਧਦਾ ਜਾ ਰਿਹਾ ਹੈ। ਵਾਤਾਵਰਨ ਵਿਚ ਆਈਆਂ ਤਬਦੀਲੀਆਂ ਕਰਕੇ ਯੂਐਨਓ ਨੇ ਹਰ ਦੇਸ਼ ਵਿਚ ਵਾਤਾਵਰਨ ਪ੍ਰੋਗਰਾਮ ਦੇ ਦਫ਼ਤਰ ਬਣਾਏ ਹੋਏ ਹਨ ਜਿਸ ਦੇ ਨਾਲ ਹੀ ਉਸ ਵੱਲੋਂ ਅੰਤਰ-ਸਰਕਾਰੀ ਜਲਵਾਯੂ ਬਦਲ ਦਾ ਪੈਨਲ ਬਣਿਆ ਹੋਇਆ ਹੈ ਜੋ ਸਮੇਂ-ਸਮੇਂ 'ਤੇ ਵਾਤਾਵਰਨ ਸਬੰਧੀ ਯੋਗ ਨੀਤੀ ਨੂੰ ਲਾਗੂ ਕਰਾਉਣ ਲਈ ਯਤਨ ਕਰਦੇ ਹਨ। ਭਾਰਤ ਵਿਚ ਵਾਤਾਵਰਨ ਦੀ ਸਮੱਸਿਆ ਦੀ ਗੰਭੀਰਤਾ ਇਸ ਦੇ ਵਸੋਂ ਦੇ ਭਾਰ ਕਰਕੇ ਜ਼ਿਆਦਾ ਹੈ ਕਿਉਂ ਜੋ ਦੁਨੀਆ ਦੇ ਦੇਸ਼ਾਂ ਵਿਚ ਸਭ ਤੋਂ ਵੱਧ ਵਸੋਂ ਜੋ 140 ਕਰੋੜ ਦੇ ਲਗਪਗ ਹੈ, ਉਹ ਦੁਨੀਆ ਦੀ ਕੁੱਲ ਵਸੋਂ ਦਾ 17.6 ਫ਼ੀਸਦੀ ਹੈ ਜਦਕਿ ਇਸ ਦਾ ਖੇਤਰ ਸਿਰਫ਼ 2.4 ਫ਼ੀਸਦੀ ਤੇ ਪਾਣੀ ਦੇ ਸਾਧਨ ਵੀ ਸਿਰਫ਼ 4% ਹਨ। ਵਸੋਂ ਦਾ ਸਾਧਨਾਂ 'ਤੇ ਭਾਰ ਹੋਣ ਕਰਕੇ ਉਨ੍ਹਾਂ ਨੂੰ ਉਨ੍ਹਾਂ ਦੀ ਸਮਰੱਥਾ ਤੋਂ ਕਿਤੇ ਜ਼ਿਆਦਾ ਵਰਤਿਆ ਜਾਂਦਾ ਹੈ। ਸੰਨ 1967-68 ਤੱਕ ਭਾਰਤ ਖ਼ੁਰਾਕ ਲੋੜਾਂ ਪੂਰੀਆਂ ਕਰਨ ਲਈ ਅਨਾਜ ਅਤੇ ਹੋਰ ਖ਼ੁਰਾਕ ਵਸਤਾਂ ਵਿਦੇਸ਼ਾਂ ਤੋਂ ਮੰਗਵਾਉਂਦਾ ਸੀ ਜਿਸ ਕਰਕੇ ਇਸ ਦਾ ਉਦਯੋਗਿਕ ਵਿਕਾਸ ਨਹੀਂ ਸੀ ਹੋ ਰਿਹਾ ਪਰ 1967-83 ਤੱਕ ਯੋਜਨਾਵਾਂ ਵਿਚ ਖੇਤੀ ਨੂੰ ਤਰਜੀਹ ਦੇਣ ਕਰਕੇ ਖੇਤੀ ਖੋਜ 'ਤੇ ਸਭ ਤੋਂ ਜ਼ਿਆਦਾ ਧਿਆਨ ਦਿੱਤਾ ਗਿਆ ਅਤੇ ਭਾਰਤ ਵਿਚ 'ਹਰਾ ਇਨਕਲਾਬ' ਆਇਆ ਜਿਸ ਨਾਲ ਉਸ ਦੀਆਂ ਖੇਤੀ ਉਪਜਾਂ ਵਿਚ ਹੈਰਾਨਕੁੰਨ ਵਾਧਾ ਹੋਇਆ।



ਸੰਨ 1970 ਤੱਕ ਹੀ ਭਾਰਤ ਖ਼ੁਰਾਕ ਦੀ ਦਰਾਮਦ ਕਰਨ ਵਾਲੇ ਦੇਸ਼ ਤੋਂ ਬਦਲ ਕੇ ਖ਼ੁਰਾਕ ਬਰਾਮਦ ਕਰਨ ਵਾਲਾ ਦੇਸ਼ ਬਣ ਗਿਆ ਪਰ ਇਸ ਉਪਜ ਦੇ ਵਾਧੇ ਦਾ ਇਕ ਵੱਡਾ ਕਾਰਨ ਰਸਾਇਣਕ ਖਾਦਾਂ ਅਤੇ ਹੋਰ ਰਸਾਇਣਕ ਪਦਾਰਥ ਜਿਵੇਂ ਕੀੜੇਮਾਰ ਦਵਾਈਆਂ, ਨਦੀਨਨਾਸ਼ਕ ਦਵਾਈਆਂ ਦੀ ਵਰਤੋਂ ਸੀ ਪਰ ਇਨ੍ਹਾਂ ਰਸਾਇਣਕ ਪਦਾਰਥਾਂ ਦੀ ਵਰਤੋਂ ਦੀ ਮੁੱਢਲੀ ਸ਼ਰਤ ਉਨ੍ਹਾਂ ਲਈ ਕਾਫ਼ੀ ਸਿੰਚਾਈ ਦੀ ਜ਼ਰੂਰਤ ਸੀ ਜੋ ਪੰਜਾਬ ਤੇ ਹਰਿਆਣਾ ਵਿਚ ਬਹੁਤ ਸੀ।

ਪੰਜਾਬ ਵਿਚ ਖ਼ੁਰਾਕ ਦਾ ਉਤਪਾਦਨ ਜੋ 1960-61 ਵਿਚ ਸਿਰਫ਼ 3.16 ਮਿਲੀਅਨ ਟਨ ਸੀ ਉਹ ਹੁਣ 32 ਮਿਲੀਅਨ ਟਨ ਤੋਂ ਜ਼ਿਆਦਾ ਹੈ ਜਾਂ 10 ਗੁਣਾ ਤੱਕ ਵਧ ਚੁੱਕਾ ਹੈ ਪਰ ਇਸ ਲਈ ਵਰਤੇ ਗਏ ਰਸਾਇਣਕ ਪਦਾਰਥਾਂ ਦੀ ਮਾਤਰਾ ਜਿਹੜੀ 1960-61 ਵਿਚ ਸਿਰਫ਼ 5 ਹਜ਼ਾਰ ਟਨ ਸੀ, ਉਸ ਦੀ ਵਰਤੋਂ ਹੁਣ 20 ਲੱਖ ਟਨ ਦੇ ਲਗਪਗ ਜਾਂ 360 ਗੁਣਾ ਤੋਂ ਵੀ ਜ਼ਿਆਦਾ ਹੈ। ਟਿਊਬਵੈੱਲ ਜਿਹੜੇ 1960-61 ਵਿਚ ਸਿਰਫ਼ 5 ਹਜ਼ਾਰ ਸਨ, ਹੁਣ 14 ਲੱਖ ਦੇ ਲਗਪਗ ਹਨ ਜਿਹੜੇ ਲਗਾਤਾਰ ਧਰਤੀ ਹੇਠਲਾ ਪਾਣੀ ਬਾਹਰ ਕੱਢ ਰਹੇ ਹਨ।

ਹਰੇ ਇਨਕਲਾਬ ਦਾ ਸਭ ਤੋਂ ਜ਼ਿਆਦਾ ਪ੍ਰਭਾਵ ਪੰਜਾਬ ਵਿਚ ਹੋਇਆ ਸੀ। ਇਹੋ ਵਜ੍ਹਾ ਸੀ ਕਿ ਪੰਜਾਬ ਕੋਲ ਭਾਵੇਂ ਭਾਰਤ ਦੇ ਕੁੱਲ ਖੇਤਰ ਦਾ ਸਿਰਫ਼ 1.5 ਫ਼ੀਸਦੀ ਖੇਤਰ ਹੈ ਪਰ ਉਹ ਦੇਸ਼ ਦੇ ਅਨਾਜ ਭੰਡਾਰਾਂ ਵਿਚ ਲਗਾਤਾਰ 60 ਫ਼ੀਸਦੀ ਤੱਕ ਦਾ ਹਿੱਸਾ ਪਾਉਂਦਾ ਰਿਹਾ ਹੈ। ਪੰਜਾਬ 1960-61 ਵਿਚ ਪ੍ਰਤੀ ਹੈਕਟੇਅਰ ਰਸਾਇਣਕ ਖਾਦਾਂ ਦੀ ਵਰਤੋਂ ਸਿਰਫ਼ 1.1 ਕਿੱਲੋ ਸੀ ਜਿਹੜੀ ਹੁਣ 228 ਕਿੱਲੋਗ੍ਰਾਮ ਹੈ। ਖੇਤੀ ਲਈ ਨਹਿਰੀ ਤੇ ਖੂਹਾਂ ਦੇ ਸਾਧਨ ਦੇ ਨਾਲ ਟਿਊਬਵੈੱਲ ਮਿਲ ਕੇ ਖੇਤੀ ਦੀ ਸਿੰਚਾਈ ਦੀਆਂ 60 ਫ਼ੀਸਦੀ ਲੋੜਾਂ ਪੂਰੀਆਂ ਕਰਦੇ ਹਨ। ਇਹ ਪਾਣੀ ਇੰਨਾ ਧਰਤੀ ਦੇ ਹੇਠਾਂ ਜਾ ਰਿਹਾ ਹੈ ਤੇ ਅੱਜ-ਕੱਲ੍ਹ ਉਹੋ ਪਾਣੀ ਜਿਹੜਾ ਧਰਤੀ ਦੇ ਹੇਠਾਂ 8-10 ਫੁੱਟ 'ਤੇ ਮਿਲ ਜਾਂਦਾ ਸੀ, ਹੁਣ ਕਿਤੇ ਵੀ 150 ਫੁੱਟ ਤੋਂ ਥੱਲੇ ਨਹੀਂ ਮਿਲਦਾ। ਪੰਜਾਬ ਵਿਚ ਟਿਊਬਵੈੱਲਾਂ ਲਈ ਬਿਜਲੀ ਮੁਫ਼ਤ ਹੋਣ ਕਰਕੇ ਧਰਤੀ ਹੇਠੋਂ ਪਾਣੀ ਬੜੀ ਬੇਦਰਦੀ ਨਾਲ ਕੱਢਿਆ ਗਿਆ ਅਤੇ ਲੋੜ ਤੋਂ ਵੱਧ ਪਾਣੀ ਕੱਢਣ ਕਰਕੇ ਧਰਤੀ ਹੇਠਲੇ ਪਾਣੀ ਦਾ ਪੱਧਰ ਥੱਲੇ ਤੋਂ ਥੱਲੇ ਜਾਂਦਾ ਗਿਆ। ਨਾਲ ਹੀ, ਟਿਊਬਵੈੱਲ ਲਗਾਉਣ ਤੇ ਉਸ ਨੂੰ ਚਲਾਉਣ ਦੀ ਲਾਗਤ ਵੀ ਵਧਦੀ ਗਈ।

ਖੇਤੀ ਦੇ ਧੰਦੇ ਵਿਚ ਅਰਥ-ਸ਼ਾਸਤਰ ਦਾ ਘਟਦੀਆਂ ਪ੍ਰਾਪਤੀਆਂ ਦਾ ਨਿਯਮ ਲਾਗੂ ਹੁੰਦਾ ਹੈ ਜਿਸ ਦਾ ਅਰਥ ਹੈ ਕਿ ਖਾਦ ਦੀ ਪਹਿਲੀ ਬੋਰੀ ਨਾਲ ਜਿੰਨੀ ਉਪਜ ਵਧਦੀ ਹੈ, ਦੂਜੀ ਨਾਲ ਓਨੀ ਨਹੀਂ ਵਧਦੀ, ਤੀਜੀ ਨਾਲ ਹੋਰ ਘਾਟ ਤੇ ਧਰਤੀ ਦੀ ਉਪਜਾਊ ਸ਼ਕਤੀ ਕਮਜ਼ੋਰ ਹੋਣ ਕਰਕੇ ਇਹ ਉਪਜ ਲਗਾਤਾਰ ਘਟਦੀ ਜਾਂਦੀ ਹੈ ਜਿਸ ਲਈ ਉਪਜ ਵਧਾਉਣ ਵਾਸਤੇ ਹਰ ਸਾਲ ਇਕ ਖੇਤ 'ਚ ਜ਼ਿਆਦਾ ਖਾਦ ਅਤੇ ਹੋਰ ਰਸਾਇਣਾਂ ਦੀ ਵਰਤੋਂ ਕਰਨੀ ਪੈਂਦੀ ਹੈ।

ਇਨ੍ਹਾਂ ਰਸਾਇਣਾਂ ਦਾ ਜ਼ਹਿਰੀਲਾ ਤੱਤ ਪਹਿਲਾਂ ਹਵਾ, ਫਿਰ ਧਰਤੀ ਅਤੇ ਫਿਰ ਪਾਣੀ ਵਿਚ ਘੁਲਦਾ ਜਾਂਦਾ ਹੈ ਜੋ ਵਾਤਾਵਰਨ ਨੂੰ ਜ਼ਹਿਰੀਲਾ ਕਰ ਦਿੰਦਾ ਹੈ। ਉਹ ਸੂਖ਼ਮ ਜੀਵ ਜੋ ਕੁਦਰਤੀ ਤੌਰ 'ਤੇ ਭੂਮੀ ਦੀ ਉਪਜਾਊ ਸ਼ਕਤੀ ਵਧਾਉਣ ਲਈ ਸਹਾਇਕ ਹੁੰਦੇ ਹਨ ਜਿਵੇਂ ਗੰਡੋਏ ਅਤੇ ਹੋਰ ਕੀੜੇ-ਮਕੌੜੇ, ਉਹ ਮਰਦੇ ਜਾਂਦੇ ਹਨ।

ਪਿਛਲੇ 50 ਸਾਲਾਂ ਵਿਚ ਲਗਾਤਾਰ ਵੱਡੀ ਮਾਤਰਾ ਵਿਚ ਰਸਾਇਣਾਂ ਦੀ ਵਰਤੋਂ ਕਰਕੇ ਪੰਜਾਬ ਦਾ ਵਾਤਾਵਰਨ ਹੀ ਬਦਲ ਗਿਆ ਹੈ। ਕਈ ਜੜ੍ਹੀਆਂ-ਬੂਟੀਆਂ, ਦਰੱਖਤਾਂ ਅਤੇ ਪੰਛੀਆਂ ਦੀਆਂ ਕਈ ਕਿਸਮਾਂ ਹੁਣ ਨਜ਼ਰ ਹੀ ਨਹੀਂ ਆਉਂਦੀਆਂ। ਬਾਰਿਸ਼ ਬੇ-ਮੌਸਮੀ ਹੋ ਗਈ, ਗਰਮੀ ਅਤੇ ਸਰਦੀ ਦੀ ਅਨਿਸ਼ਚਿਤਤਾ ਹੋ ਗਈ ਹੈ, ਸਮੇਂ ਅਨੁਸਾਰ ਬਾਰਿਸ਼ਾਂ ਨਹੀਂ ਪੈ ਰਹੀਆਂ, ਤਪਸ਼ ਅਤੇ ਸਰਦੀ ਦੇ ਮੌਸਮ ਵਿਚ ਬੇਯਕੀਨੀ ਬਣੀ ਰਹਿੰਦੀ ਹੈ। ਇਸ ਨਾਲ ਫ਼ਸਲਾਂ ਦੀ ਉਪਜ 'ਤੇ ਬੁਰੇ ਪ੍ਰਭਾਵ ਪੈਂਦੇ ਹਨ। ਝੋਨਾ ਪੰਜਾਬ ਦੀ ਰਵਾਇਤੀ ਫ਼ਸਲ ਨਹੀਂ ਸੀ।

ਸੰਨ 1960-61 'ਚ ਪੰਜਾਬ ਦੇ ਸਿਰਫ਼ 5 ਲੱਖ ਏਕੜ ਰਕਬੇ 'ਤੇ ਝੋਨਾ ਲੱਗਦਾ ਸੀ ਜਿਹੜਾ ਹੁਣ 80 ਲੱਖ ਏਕੜ ਤੋਂ ਜ਼ਿਆਦਾ ਹੋ ਗਿਆ ਹੈ ਜਿਸ ਦੀ ਵਜ੍ਹਾ ਉਸ ਦੀ ਯਕੀਨੀ ਖ਼ਰੀਦ ਹੈ। ਦੂਸਰੀ ਤਰਫ਼ ਉਹ ਫ਼ਸਲਾਂ ਜਿਹੜੀਆਂ ਕੁਦਰਤੀ ਵਾਤਾਵਰਨ ਦੇ ਅਨੁਕੂਲ ਸਨ ਅਤੇ ਖਾਦਾਂ ਅਤੇ ਪਾਣੀ ਦੀ ਉਨ੍ਹਾਂ ਨੂੰ ਘੱਟ ਤੋਂ ਘੱਟ ਲੋੜ ਸੀ ਜਿਵੇਂ ਦਾਲਾਂ ਅਤੇ ਤੇਲਾਂ ਦੇ ਬੀਜ, ਉਨ੍ਹਾਂ ਅਧੀਨ ਖੇਤਰ ਘਟ ਰਿਹਾ ਹੈ। ਸੰਨ 1960 ਵਿਚ ਪੰਜਾਬ ਵਿਚ ਦਾਲਾਂ ਅਧੀਨ 14 ਫ਼ੀਸਦੀ ਰਕਬਾ ਸੀ ਪਰ ਹੁਣ ਘਟ ਕੇ ਸਿਰਫ਼ 1.3 ਫ਼ੀਸਦੀ ਰਹਿ ਗਿਆ ਹੈ। ਪੰਜਾਬ ਆਪਣੀਆਂ ਦਾਲ਼ਾਂ ਦੀਆਂ ਲੋੜਾਂ ਇਸ ਖੇਤਰ ਤੋਂ ਪੂਰੀਆਂ ਕਰਦਾ ਸੀ।

ਹੁਣ ਵੀ ਜੇ ਝੋਨੇ ਵਾਲਾ ਅੱਧਾ ਖੇਤਰ ਦਾਲ਼ਾਂ ਅਧੀਨ ਆ ਜਾਵੇ ਤਾਂ ਪੰਜਾਬ, ਦੇਸ਼ ਭਰ ਦੀਆਂ ਦਾਲ਼ਾਂ ਦੀਆਂ ਲੋੜਾਂ ਪੂਰੀਆਂ ਕਰ ਸਕਦਾ ਹੈ। ਭਾਰਤ ਵੱਲੋਂ ਹਰ ਸਾਲ 1.5 ਲੱਖ ਕਰੋੜ ਰੁਪਏ ਦੀਆਂ ਦਾਲ਼ਾਂ ਦਰਾਮਦ ਕੀਤੀਆਂ ਜਾਂਦੀਆਂ ਹਨ। ਇਹੋ ਹਾਲ ਤੇਲਾਂ ਦੇ ਬੀਜਾਂ ਦਾ ਹੈ। ਸੰਨ 1960 ਵਿਚ ਤੇਲਾਂ ਦੇ ਬੀਜਾਂ ਅਧੀਨ ਪੰਜਾਬ ਵਿਚ 6 ਫ਼ੀਸਦੀ ਖੇਤਰ ਸੀ ਜਿਹੜਾ ਹੁਣ 2 ਫੀਸਦੀ ਰਹਿ ਗਿਆ ਹੈ। ਇਸ ਦੀ ਵਜ੍ਹਾ ਵੀ ਇਨ੍ਹਾਂ ਬੀਜਾਂ ਦੀ ਬੇਯਕੀਨੀ ਖ਼ਰੀਦ ਹੈ। ਇਸ ਲਈ ਦਾਲਾਂ ਤੇ ਤੇਲ ਬੀਜਾਂ ਨੂੰ ਖ਼ੁਰਾਕ ਦਾ ਜ਼ਰੂਰੀ ਅੰਗ ਮੰਨਦਿਆਂ ਇਨ੍ਹਾਂ ਤਹਿਤ ਖੇਤਰ ਵਧਾਉਣਾ ਜਿੱਥੇ ਲੋਕਾਂ ਨੂੰ ਇਨ੍ਹਾਂ ਦੀ ਪੂਰਤੀ ਕਰੇਗਾ ਅਤੇ ਦਰਾਮਦ ਤੋਂ ਛੁਟਕਾਰਾ ਦਿਵਾਏਗਾ, ਉੱਥੇ ਹੀ ਇਸ ਨਾਲ ਪਾਣੀ ਅਤੇ ਖਾਦਾਂ ਦੀ ਵਰਤੋਂ ਵੀ ਬਹੁਤ ਘਟ ਸਕਦੀ ਹੈ।

ਇਹ ਸੱਚਾਈ ਹੈ ਕਿ ਰਸਾਇਣਾਂ ਤੋਂ ਬਦਲ ਕੇ ਜਦੋਂ ਜੈਵਿਕ ਖੇਤੀ ਅਪਣਾਈ ਜਾਂਦੀ ਹੈ ਤਾਂ ਉਪਜ ਬਹੁਤ ਘਟਦੀ ਹੈ। ਦੇਸ਼ ਵਿਚ ਛੋਟੀਆਂ ਜੋਤਾਂ ਜਿਹੜੀਆਂ 90 ਫ਼ੀਸਦੀ ਤੋਂ ਉੱਪਰ ਹਨ, ਉਹ ਇਸ ਘਾਟੇ ਨੂੰ ਬਰਦਾਸ਼ਤ ਨਹੀਂ ਕਰ ਸਕਦੀਆਂ ਪਰ ਇਹ ਖੇਤੀ ਲਗਾਤਾਰ ਚੱਲਣ ਵਾਲੀ ਖੇਤੀ ਨਹੀਂ ਬਣ ਸਕਦੀ ਕਿਉਂ ਜੋ ਇਸ ਵਿਚ ਹਰ ਸਾਲ ਖਾਦਾਂ ਅਤੇ ਪਾਣੀ ਦੀ ਲੋੜ ਵਧਦੀ ਜਾਵੇਗੀ, ਇਕ ਪਾਸੇ ਉਹ ਵਾਤਾਵਰਨ ਨੂੰ ਜ਼ਹਿਰੀਲਾ ਕਰੇਗੀ ਅਤੇ ਦੂਸਰੀ ਤਰਫ਼ ਉਤਪਾਦਨ ਲਾਗਤ ਵਿਚ ਵੱਡਾ ਵਾਧਾ ਹੁੰਦਾ ਜਾਵੇਗਾ। ਇਸ ਲਈ ਸਰਕਾਰ ਨੂੰ ਬਜਾਏ ਕਿ ਰਸਾਇਣਕ ਖਾਦਾਂ ਨੂੰ ਦਰਾਮਦ ਕੀਤਾ ਜਾਵੇ ਅਤੇ ਸਬਸਿਡੀ ਦਿੱਤੀ ਜਾਵੇ, ਜੈਵਿਕ ਖੇਤੀ ਕਰਨ ਵਾਲੇ ਕਿਸਾਨਾਂ ਨੂੰ ਉਤਸ਼ਾਹਤ ਕਰਨ ਲਈ ਸਬਸਿਡੀ ਦੇਣੀ ਚਾਹੀਦੀ ਹੈ।

ਜੈਵਿਕ ਖੇਤੀ ਸਬੰਧੀ ਹੁਣ ਸਾਰੇ ਦੇਸ਼ਾਂ ਵਿਚ ਚੇਤਨਾ ਵਧ ਗਈ ਹੈ। ਇੱਥੋਂ ਤੱਕ ਕਿ ਅਮਰੀਕਾ, ਕੈਨੇਡਾ, ਆਸਟ੍ਰੇਲੀਆ ਆਦਿ ਵੱਡੇ ਆਕਾਰ ਵਾਲੇ ਦੇਸ਼ਾਂ ਵਿਚ ਵੀ ਜੈਵਿਕ ਖੇਤੀ ਨੂੰ ਉਤਸ਼ਾਹਤ ਕੀਤਾ ਜਾ ਰਿਹਾ ਹੈ। ਜਰਮਨੀ ਜਿਹੜਾ ਵਸੋਂ ਦੇ ਵੱਡੇ ਭਾਰ ਵਾਲਾ ਦੇਸ਼ ਹੈ ਤੇ ਕਿਸੇ ਸਮੇਂ ਰਸਾਇਣਕ ਖਾਦਾਂ ਦੀ ਵਰਤੋਂ ਸਬੰਧੀ ਪ੍ਰਚਾਰ ਕਰਦਾ ਸੀ, ਅੱਜ-ਕੱਲ੍ਹ ਰਸਾਇਣਕ ਖਾਦਾਂ ਨੂੰ ਨਕਾਰ ਕੇ ਜੈਵਿਕ ਖੇਤੀ ਦੇ ਪ੍ਰਚਾਰ ਲਈ ਸਭ ਤੋਂ ਅੱਗੇ ਹੈ। ਭਾਰਤ ਅਤੇ ਪਾਕਿਸਤਾਨ ਦੋ ਹੀ ਉਹ ਦੇਸ਼ ਹਨ ਜਿੱਥੇ ਬਾਸਮਤੀ ਪੈਦਾ ਹੁੰਦੀ ਹੈ ਅਤੇ ਇਹ ਦੋਵੇਂ ਦੇਸ਼ ਖ਼ਾਸ ਕਰਕੇ ਪੰਜਾਬ ਦਾ ਖੇਤਰ ਹੀ ਇਸ ਦਾ ਮੁੱਖ ਨਿਰਯਾਤਕ ਹੈ ਪਰ ਉਨ੍ਹਾਂ ਨੂੰ ਵਿਦੇਸ਼ੀ ਦਰਾਮਦਕਾਰਾਂ ਵੱਲੋਂ ਰਸਾਇਣਾਂ 'ਤੇ ਆਧਾਰਤ ਬਾਸਮਤੀ ਨਾ ਖ਼ਰੀਦਣ ਲਈ ਪਹਿਲਾਂ ਹੀ ਤਾਕੀਦ ਕਰ ਦਿੱਤੀ ਜਾਂਦੀ ਹੈ। ਕਈ ਵਾਰ ਜਦੋਂ ਬਾਸਮਤੀ ਵਿਚ ਰਸਾਇਣਾਂ ਦੇ ਤੱਤ ਰਹਿ ਜਾਂਦੇ ਹਨ ਤਾਂ ਉਹ ਬਾਸਮਤੀ ਨਹੀਂ ਖ਼ਰੀਦੀ ਜਾਂਦੀ।

ਖੇਤੀਬਾੜੀ ਕੁਦਰਤੀ ਵਾਤਾਵਰਨ 'ਤੇ ਨਿਰਭਰ ਕਰਦੀ ਹੈ। ਵਧਦੀ ਵਸੋਂ ਦੀਆਂ ਲੋੜਾਂ ਲਈ ਰਸਾਇਣਾਂ ਦੀ ਜਗ੍ਹਾ ਜੈਵਿਕ ਖਾਦਾਂ ਸਬੰਧੀ ਖੋਜ ਵਿਚ ਵਾਧਾ ਕਰ ਕੇ, ਸਾਰੀਆਂ ਰਸਾਇਣਕ ਆਗਤਾਂ ਦੀ ਜਗ੍ਹਾ ਜੈਵਿਕ ਆਗਤਾਂ ਦੀ ਵਰਤੋਂ ਨੂੰ ਵਧਾਉਣਾ ਚਾਹੀਦਾ ਹੈ। ਖਾਦਾਂ ਵਿਚ ਮੁਰਗੀਆਂ ਦੀਆਂ ਵਿੱਠਾਂ, ਪਸ਼ੂਆਂ ਦਾ ਗੋਹਾ ਆਦਿ ਨੇ ਰਸਾਇਣਕ ਖਾਦਾਂ ਦੀ ਜਗ੍ਹਾ ਚੰਗੇ ਸਿੱਟੇ ਦਿੱਤੇ ਹਨ, ਭਾਵੇਂ ਕੁਝ ਕੁ ਫਾਰਮ ਹਾਊਸਾਂ ਨੂੰ ਰਸਾਇਣਕ ਆਧਾਰਤ ਫਾਰਮਾਂ ਨਾਲੋਂ ਜੈਵਿਕ ਖੇਤੀ ਵਿਚ ਚੰਗੇ ਸਿੱਟੇ ਪ੍ਰਾਪਤ ਹੋਏ ਹਨ ਪਰ ਆਰਥਿਕ ਮਜਬੂਰੀਆਂ ਕਰਕੇ ਉਨ੍ਹਾਂ ਤਕਨੀਕਾਂ ਨੂੰ ਹੋਰ ਫਾਰਮ ਹਾਊਸਾਂ ਨੇ ਨਹੀਂ ਅਪਣਾਇਆ, ਇਸ ਲਈ ਕੁਦਰਤੀ ਵਾਤਾਵਰਨ ਬਣਾਈ ਰੱਖਣ ਲਈ ਸਰਕਾਰ ਦੀ ਭੂਮਿਕਾ ਜ਼ਿਆਦਾ ਮਹੱਤਵਪੂਰਨ ਹੈ ਤੇ ਉਨ੍ਹਾਂ ਢੰਗਾਂ ਨੂੰ ਛੇਤੀ ਅਪਣਾਉਣਾ ਚਾਹੀਦਾ ਹੈ ਜਿਹੜੇ ਕੁਦਰਤੀ ਮਾਹੌਲ ਬਣਾਉਣ ਲਈ ਸਹਾਇਕ ਹੋਣ।

# ਮੁਕਤ ਵਪਾਰ ਸਮਝੌਤਿਆਂ ਦਾ ਮੱਕੜਜਾਲ

ਪ੍ਰਦੀਪ ਮੁਸਾਹਿਬ

ਵਿਸ਼ਵੀਕਰਨ ਦੇ ਇਸ ਦੌਰ ਵਿੱਚ ਮੁਕਤ ਵਪਾਰ ਸਮਝੌਤੇ ਦੁਨੀਆ ਦੀਆਂ ਆਰਥਿਕ ਨੀਤੀਆਂ ਦਾ ਇੱਕ ਮਹੱਤਵਪੂਰਨ ਹਥਿਆਰ ਬਣ ਚੁੱਕੇ ਹਨ। ਵੱਡੀਆਂ ਆਰਥਿਕ ਸ਼ਕਤੀਆਂ ਇਹ ਦਲੀਲ ਦਿੰਦੀਆਂ ਹਨ ਕਿ ਇਨ੍ਹਾਂ ਸਮਝੌਤਿਆਂ ਰਾਹੀਂ ਵਪਾਰ ਵਧਦਾ ਹੈ, ਨਿਵੇਸ਼ ਆਉਂਦਾ ਹੈ ਅਤੇ ਵਿਕਾਸ ਦੀਆਂ ਨਵੀਆਂ ਸੰਭਾਵਨਾਵਾਂ ਪੈਦਾ ਹੁੰਦੀਆਂ ਹਨ। ਦਰਅਸਲ, ਮੁਕਤ ਵਪਾਰ ਸਮਝੌਤਿਆਂ ਦਾ ਅਸਰ ਬਹੁਤ ਵਿਆਪਕ ਹੁੰਦਾ ਹੈ। ਇੱਕ ਪਾਸੇ ਇਹ ਸਮਝੌਤੇ ਸਾਮਰਾਜੀ ਦੇਸ਼ਾਂ ਨੂੰ ਮੁਨਾਫ਼ੇ ਬਖ਼ਸ਼ਦੇ ਹਨ, ਦੂਜੇ ਪਾਸੇ ਵਿਕਾਸਸ਼ੀਲ ਅਤੇ ਪੱਛੜੇ ਦੇਸ਼ਾਂ ਦੀ ਲੁੱਟ ਦਾ ਸਾਧਨ ਵੀ ਬਣਦੇ ਹਨ। ਇਹ ਕਿਸਾਨੀ, ਛੋਟੇ ਉਦਯੋਗਾਂ, ਮਜ਼ਦੂਰ ਵਰਗ ਅਤੇ ਦੇਸ਼ ਦੀ ਆਰਥਿਕ ਖ਼ੁਦਮੁਖਤਿਆਰੀ ਉੱਤੇ ਵੀ ਡੂੰਘਾ ਪ੍ਰਭਾਵ ਪਾਉਂਦੇ ਹਨ। ਭਾਰਤ ਦੇ ਲੋਕਾਂ ਲਈ ਇਹ ਸਵਾਲ ਹੋਰ ਵੀ ਗੰਭੀਰ ਬਣ ਜਾਂਦਾ ਹੈ ਕਿ ਕੀ ਮੁਕਤ ਵਪਾਰ ਸਮਝੌਤੇ ਸੱਚਮੁੱਚ ਵਿਕਾਸ ਦਾ ਰਾਹ ਖੋਲ੍ਹਦੇ ਹਨ ਜਾਂ ਫਿਰ ਇਹ ਸਿਰਫ਼ ਵੱਡੀਆਂ ਬਹੁਕੌਮੀ ਕੰਪਨੀਆਂ ਅਤੇ ਸਾਮਰਾਜੀ ਦੇਸ਼ਾਂ ਦੇ ਹਿੱਤਾਂ ਨੂੰ ਹੀ ਮਜ਼ਬੂਤ ਕਰਦੇ ਹਨ? ਇਸ ਪ੍ਰਸੰਗ ਵਿੱਚ ਅੱਜ ਜਦੋਂ ਨਵੇਂ ਮੁਕਤ ਵਪਾਰ ਸਮਝੌਤਿਆਂ ਦੀ ਗੱਲਬਾਤ ਤੇਜ਼ ਹੋ ਰਹੀ ਹੈ ਤਾਂ ਇਹ ਲਾਜ਼ਮੀ ਹੈ ਕਿ ਇਨ੍ਹਾਂ ਦੇ ਅਸਲ ਮਕਸਦ ਅਤੇ ਸੰਭਾਵਿਤ ਪ੍ਰਭਾਵਾਂ ਨੂੰ ਗੰਭੀਰਤਾ ਨਾਲ ਵਿਚਾਰਿਆ ਜਾਵੇ।



ਇਹ ਸਮਝੌਤੇ ਕੋਈ ਅਚਾਨਕ ਨਹੀਂ ਹੋਣ ਲੱਗੇ, ਸਗੋਂ ਇਨ੍ਹਾਂ ਦਾ ਮੁੱਢ ਬਹੁਤ ਪਹਿਲਾਂ ਬੱਝਿਆ। ਅਸਲ ਵਿੱਚ ਹਕੀਕਤ ਇਹ ਹੈ ਕਿ ਭਾਰਤ ਪਹਿਲਾਂ ਬਰਤਾਨਵੀ ਸਾਮਰਾਜੀਆਂ ਦੇ ਸਿੱਧੇ ਗ਼ਲਬੇ ਹੇਠ ਸੀ ਤੇ 1947 ਤੋਂ ਬਾਅਦ ਬਰਤਾਨਵੀ ਸਾਮਰਾਜੀਆਂ ਸਮੇਤ 25 ਛੋਟੇ ਵੱਡੇ ਸਾਮਰਾਜੀ ਦੇਸ਼ ਇਸ ਨੂੰ ਲੁੱਟਦੇ ਆ ਰਹੇ ਹਨ। ਸਰਕਾਰ-ਪੱਖੀ ਬੁੱਧੀਜੀਵੀ ਇਸ ਸਮਝੌਤੇ ਨੂੰ ਦੇਸ਼ ਲਈ ਲਾਹੇਵੰਦ ਦੱਸ ਰਹੇ ਹਨ, ਜਦੋਂਕਿ ਦੇਸ਼ ਦੀਆਂ ਕਿਸਾਨ, ਮਜ਼ਦੂਰ ਅਤੇ ਮੁਲਾਜ਼ਮ ਜਥੇਬੰਦੀਆਂ ਇਨ੍ਹਾਂ ਸਮਝੌਤਿਆਂ ਦਾ ਸਖ਼ਤ ਵਿਰੋਧ ਕਰ ਰਹੀਆਂ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਮੁਕਤ ਵਪਾਰ ਸਮਝੌਤਾ ਨਹੀਂ ਬਲਕਿ 'ਗ਼ੁਲਾਮ ਵਪਾਰ ਸਮਝੌਤਾ' ਹੈ। ਭਾਰਤ ਦੀਆਂ ਕੇਂਦਰੀ ਸਰਕਾਰਾਂ ਪੜਾਅ-ਦਰ-ਪੜਾਅ ਸੰਨ 1991 ਦੀਆਂ ਆਰਥਿਕ ਨੀਤੀਆਂ ਲਾਗੂ ਕਰਦੀਆਂ ਆ ਰਹੀਆਂ ਹਨ ਤੇ ਮੌਜੂਦਾ ਸਰਕਾਰ ਇਨ੍ਹਾਂ ਨੀਤੀਆਂ ਨੂੰ ਪੂਰੀ ਤੇਜ਼ੀ ਨਾਲ ਲਾਗੂ ਕਰ ਰਹੀ ਹੈ। ਮੋਦੀ ਸਰਕਾਰ ਦੇ ਸ਼ਾਸਨਕਾਲ ਵਿੱਚ ਹੀ ਬਿਜਲੀ ਸੋਧ ਬਿੱਲ, ਬੀਜ ਬਿੱਲ, ਚਾਰ ਲੇਬਰ ਕੋਡ ਅਤੇ ਜੀ ਰਾਮ ਜੀ ਵਰਗੇ ਕਾਨੂੰਨ ਲਿਆਂਦੇ ਗਏ।

ਦੂਜੀ ਆਲਮੀ ਜੰਗ ਮਗਰੋਂ ਵਿਸ਼ਵ ਵਪਾਰ ਨੂੰ ਨਿਯਮਬੱਧ ਕਰਨ ਲਈ 1947 ਵਿੱਚ ਜਨਰਲ ਐਗਰੀਮੈਂਟ ਔਨ ਟੈਰਿਫਸ ਐਂਡ ਟਰੇਡ (GATT) ਬਣਾਇਆ ਗਿਆ। 1991 ਵਿੱਚ 'ਡੰਕਲ ਡਰਾਫਟ' ਨੇ ਇੱਕ ਨਵੇਂ ਢਾਂਚੇ ਦੀ ਬੁਨਿਆਦ ਰੱਖੀ। ਇਹ ਨੀਤੀਆਂ ਭਾਰਤ ਅੰਦਰ ਸਾਮਰਾਜੀ ਲੁੱਟ-ਖਸੁੱਟ ਦੇ ਪੰਜੇ ਨੂੰ ਹੋਰ ਮਜ਼ਬੂਤ ਕਰਨ ਦਾ ਜ਼ਰੀਆ ਬਣ ਰਹੀਆਂ ਸਨ ਜਿਵੇਂ ਸਬਸਿਡੀਆਂ ਘਟਾਉਣ ਦਾ ਦਬਾਅ, ਵਿਕਾਸਸ਼ੀਲ ਦੇਸ਼ਾਂ ਲਈ ਐੱਮ ਐੱਸ ਪੀ, ਪਬਲਿਕ ਡਿਸਟ੍ਰੀਬਿਊਸ਼ਨ ਸਿਸਟਮ (ਪੀ ਡੀ ਐੱਸ) ਖ਼ਤਮ ਕਰਨ ਲਈ ਦਬਾਅ ਅਤੇ ਸਸਤੀ ਦਰਾਮਦ ਨਾਲ ਦੇਸੀ ਕਿਸਾਨਾਂ ਨੂੰ ਨੁਕਸਾਨ ਪਹੁੰਚਾਉਣਾ। ਇਸ ਤੋਂ ਬਾਅਦ ਪਹਿਲੀ ਜਨਵਰੀ 1995 ਨੂੰ ਵਰਲਡ ਟਰੇਡ ਆਰਗਨਾਈਜੇਸ਼ਨ (ਡਬਲਿਊ ਟੀ ਓ) ਦੀ ਸਥਾਪਨਾ ਹੋਈ, ਜਿਸ ਨਾਲ ਮੁਕਤ ਵਪਾਰ ਸਮਝੌਤੇ (ਐੱਫ ਟੀ ਏਜ਼) ਤੇਜ਼ੀ ਨਾਲ ਵਧੇ।

ਰੂਸ ਅਤੇ ਯੂਕਰੇਨ ਦੀ ਜੰਗ, ਇਜ਼ਰਾਈਲ-ਫ਼ਲਸਤੀਨ ਟਕਰਾਅ, ਇਰਾਨ ਨਾਲ ਸਿੱਧਾ ਟਕਰਾਅ, ਵੈਨੇਜ਼ੁਏਲਾ, ਕਿਊਬਾ ਤੇ ਲਾਤੀਨੀ ਅਮਰੀਕਾ ਉੱਤੇ ਕਬਜ਼ੇ ਵਿੱਚ ਅਮਰੀਕਾ ਦੀ ਅਹਿਮ ਭੂਮਿਕਾ ਰਹੀ ਹੈ। ਅਮਰੀਕੀ ਸਾਮਰਾਜ ਚਾਹੁੰਦਾ ਹੈ ਕਿ ਉਹ ਦੁਨੀਆ ਦੀ ਸਭ ਤੋਂ ਵੱਡੀ ਫ਼ੌਜੀ, ਆਰਥਿਕ ਅਤੇ ਰਾਜਨੀਤਿਕ ਤਾਕਤ ਬਣਿਆ ਰਹੇ। ਇਸ ਲਈ ਉਹ ਆਪਣੇ ਮੁਕਾਬਲੇ ਵਿੱਚ ਖੜ੍ਹੇ ਚੀਨ ਅਤੇ ਰੂਸ ਨੂੰ ਨਾਕਾਮ ਕਰਨਾ ਚਾਹੁੰਦਾ ਹੈ। ਅਮਰੀਕਾ ਦੁਨੀਆ ਭਰ ਦੇ ਤੇਲ, ਗੈਸ, ਸਮੁੰਦਰੀ ਰਸਤੇ ਤੇ ਹਥਿਆਰਾਂ ਦੀ ਮਾਰਕੀਟ ਉੱਪਰ ਮੁਕੰਮਲ ਕਬਜ਼ਾ ਚਾਹੁੰਦਾ ਹੈ। ਐਪਸਟੀਨ ਫਾਈਲਾਂ ਨਾਲ ਅਮਰੀਕਾ ਵਿੱਚ ਟਰੰਪ ਦੀ ਹਰਮਨ ਪਿਆਰਤਾ ਨੂੰ ਕਾਫ਼ੀ ਖੋਰਾ ਲੱਗ ਰਿਹਾ ਹੈ। ਇਸ ਤੋਂ ਲੋਕਾਂ ਦਾ ਧਿਆਨ ਭਟਕਾਉਣ ਅਤੇ ਆਰਥਿਕ ਮੰਦਵਾੜੇ ਤੋਂ ਬਚਣ ਲਈ ਟਰੰਪ ਹੁਣ ਦੂਜੇ ਦੇਸ਼ਾਂ ਦੇ ਪ੍ਰਧਾਨ ਮੰਤਰੀਆਂ ਦੀ ਸੰਘੀ ਨੱਪ ਕੇ ਸਮਝੌਤੇ ਕਰਾ ਰਿਹਾ ਹੈ। ਵਿਕਸਿਤ ਦੇਸ਼ਾਂ ਦੇ ਕਾਰਪੋਰੇਟ ਘਰਾਣਿਆਂ ਦੀ ਵੀ ਇਹੀ ਲੋੜ ਹੈ ਕਿ ਦੱਬੇ-ਕੁਚਲੇ ਦੇਸ਼ਾਂ ਵਿੱਚ ਉਹ ਆਪਣੇ ਤਿਆਰ ਸਾਮਾਨ ਲਈ ਬਾਜ਼ਾਰ ਵਿਕਸਿਤ ਕਰ ਸਕਣ।

ਸਾਮਰਾਜੀ ਮੁਲਕਾਂ ਦੇ ਆਗੂ ਤੀਜੀ ਦੁਨੀਆ ਦੇ ਮੁਲਕਾਂ 'ਚ ਆਪਣੇ ਮੁਨਾਫ਼ੇ ਲਈ ਗਲਬੇ ਨੂੰ ਹੋਰ ਮਜ਼ਬੂਤ ਕਰਨ ਲਈ ਆਪਣੀਆਂ ਸਾਮਰਾਜੀ ਏਜੰਸੀਆਂ ਡਬਲਿਊ ਟੀ ਓ, ਆਈ ਐੱਮ ਐੱਫ ਤੇ ਵਿਸ਼ਵ ਬੈਂਕ ਰਾਹੀਂ ਸਿੱਧੇ ਕੰਟਰੋਲ ਨੂੰ ਸਥਾਪਿਤ ਕਰਨ ਲਈ ਤਰ੍ਹਾਂ-ਤਰ੍ਹਾਂ ਦੇ ਨਵੇਂ ਕਾਨੂੰਨ ਅਤੇ ਵਪਾਰਕ ਨੀਤੀਆਂ ਲਿਆ ਰਹੇ ਹਨ। ਇਨ੍ਹਾਂ ਨੀਤੀਆਂ ਤਹਿਤ ਹੀ ਖੁੱਲ੍ਹੀ ਮੰਡੀ ਹੋਂਦ ਵਿੱਚ ਆਈ ਹੈ, ਜਿਸ ਦਾ ਪ੍ਰਚਾਰ ਧੂਮ-ਧੜੱਕੇ ਨਾਲ ਕੀਤਾ ਜਾ ਰਿਹਾ ਹੈ। ਅਮਰੀਕੀ ਸਾਮਰਾਜ ਚਾਹੁੰਦਾ ਹੈ ਕਿ ਉਸ ਦਾ ਮਾਲ ਬਿਨਾਂ ਕਿਸੇ ਟੈਕਸ ਤੇ ਹੋਰ ਰੋਕਾਂ ਤੋਂ ਦੂਜੇ ਦੇਸ਼ਾਂ ਵਿੱਚ ਵੇਚਣ ਦੀ ਖੁੱਲ੍ਹ ਹੋਵੇ। ਡਬਲਿਊ ਟੀ ਓ ਰਾਹੀਂ ਟੈਕਸ ਸਿਫ਼ਰ ਕਰਨ ਲਈ ਭਾਰਤ ਨਾਲ ਲੰਮੇ ਸਮੇਂ ਤੋਂ ਗੱਲਬਾਤ ਦਾ ਗੇੜ ਚਲਾਇਆ ਗਿਆ, ਜਿਸ ਵਿੱਚ ਤੈਅ ਹੋਇਆ ਕਿ ਅਮਰੀਕਾ ਭਾਰਤੀ ਸਾਮਾਨ 'ਤੇ 18 ਫ਼ੀਸਦੀ ਟੈਰਿਫ ਲਾਵੇਗਾ ਅਤੇ ਭਾਰਤ ਵਿੱਚ ਅਮਰੀਕਾ ਦਾ ਸਮਾਨ 0 ਫ਼ੀਸਦੀ ਟੈਰਿਫ 'ਤੇ ਆਵੇਗਾ। ਅਮਰੀਕਾ ਵੱਲੋਂ ਨਾਲ ਹੀ ਇਹ ਹਦਾਇਤ ਵੀ ਲਾਗੂ ਕੀਤੀ ਗਈ ਕਿ ਭਾਰਤ ਅਗਲੇ ਪੰਜ ਸਾਲਾਂ ਵਿੱਚ ਅਮਰੀਕਾ ਤੋਂ 500 ਅਰਬ ਡਾਲਰ ਦਾ ਸਾਮਾਨ ਖਰੀਦੇਗਾ। ਇਹ ਸਮਝੌਤੇ ਇਸੇ ਸਾਮਰਾਜੀ ਖੁੱਲ੍ਹੀ ਮੰਡੀ ਦੇ ਫਲਸਫ਼ੇ 'ਤੇ ਆਧਾਰਿਤ ਹਨ, ਜਿਨ੍ਹਾਂ ਦਾ ਪ੍ਰਭਾਵ ਭਾਰਤ ਦੇ ਕਿਸਾਨਾਂ, ਮਜ਼ਦੂਰਾਂ ਤੇ ਛੋਟੇ ਵਪਾਰੀਆਂ 'ਤੇ ਇਸ ਤਰ੍ਹਾਂ ਪੈ ਸਕਦਾ ਹੈ:

- ਅਗਸਤ 2025 ਵਿੱਚ ਅਮਰੀਕਾ ਤੋਂ ਆਉਣ ਵਾਲੇ ਨਰਮੇ 'ਤੇ ਟੈਕਸ ਸਿਫ਼ਰ ਕਰ ਦੇਣ ਨਾਲ ਕੱਪੜਾ ਮਿੱਲਾਂ ਵਾਲਿਆਂ ਨੇ ਆਪਣੀ ਲੋੜ ਅਨੁਸਾਰ ਅਮਰੀਕਾ ਦਾ ਸਸਤਾ ਨਰਮਾ ਖਰੀਦ ਕੇ ਸਟੋਰ ਕਰ ਲਿਆ, ਜਿਸ ਨਾਲ ਭਾਰਤੀ ਕਿਸਾਨਾਂ ਦਾ ਨਰਮਾ ਮੰਦੇ ਭਾਅ ਰਹਿ ਗਿਆ।
- ਡੀ ਡੀ ਜੀ ਜਾਂ ਸੁੱਕੇ ਡਿਸਟਿਲਡ ਅਨਾਜ ਵਜੋਂ ਮੱਕੀ 'ਤੇ ਡਿਊਟੀ ਟੈਕਸ ਨਹੀਂ ਲਗਾਇਆ ਜਾਵੇਗਾ। ਭਾਰਤ ਹੁਣ ਤੱਕ ਪੰਜ ਲੱਖ ਟਨ ਤੱਕ ਮੱਕੀ ਦੀ ਦਰਾਮਦ 'ਤੇ 15 ਫ਼ੀਸਦੀ ਡਿਊਟੀ ਅਤੇ ਕਿਸੇ ਵੀ ਵੱਧ ਦਰਾਮਦ 'ਤੇ 50 ਫ਼ੀਸਦੀ ਡਿਊਟੀ ਲੈਂਦਾ ਹੈ। ਇਹ ਡਿਊਟੀ ਘਟਾ ਕੇ ਜ਼ੀਰੋ ਕਰ ਦਿੱਤੀ ਜਾਵੇਗੀ, ਜਿਸ ਨਾਲ 120 ਲੱਖ ਮੱਕੀ ਉਤਪਾਦਕ ਬੁਰੀ ਤਰ੍ਹਾਂ ਪ੍ਰਭਾਵਿਤ ਹੋਣਗੇ।

(ਬਾਕੀ ਅਗਲੇ ਸਫੇ 'ਤੇ)

# .ਗੈਰ-ਯਕੀਨੀ ਭਵਿੱਖ ਵਾਲੀ ਜੰਗ

ਏ. ਭਾਰਤ ਭੂਸ਼ਣ ਬਾਬੂ

ਈਰਾਨ 'ਚ ਇਸਲਾਮਿਕ ਕ੍ਰਾਂਤੀ ਤੋਂ ਬਾਅਦ ਇਤਿਹਾਸ ਨੇ ਚਾਹੇ ਹੀ ਇਕ ਨਵੀਂ ਕਰਵਟ ਲਈ ਹੋਵੇ, ਪਰ ਉਥੇ ਕੁਝ ਰਵਾਇਤਾਂ ਜਿਉਂ ਦੀਆਂ ਤਿਉਂ ਬਣੀਆਂ ਰਹੀਆਂ। ਅਜਿਹੀ ਹੀ ਇਕ ਰਵਾਇਤ ਈਰਾਨੀ ਨਵੇਂ ਸਾਲ ਨੌਰੋਜ਼ ਨਾਲ ਜੁੜੀ ਹੋਈ ਹੈ, ਜਿਸ ਨੂੰ ਪਲਟਣ ਲਈ ਦਬਾਅ ਤਾਂ ਜ਼ਰੂਰ ਪਿਆ, ਪਰ ਉਹ ਕਾਰਗਰ ਨਹੀਂ ਰਿਹਾ। ਬਸੰਤ ਰੁੱਤ ਦੇ ਆਉਣ ਦੇ ਨਾਲ ਹੀ 21 ਮਾਰਚ ਨੂੰ ਸ਼ੁਰੂ ਹੋਣ ਵਾਲਾ ਇਹ ਪ੍ਰੋਗਰਾਮ 13 ਦਿਨਾਂ ਤੱਕ ਚੱਲਦਾ ਹੈ। ਇਸੇ ਦੌਰਾਨ ਭਾਰਤ 'ਚ ਰਵਾਇਤੀ ਨਵਾਂ ਸਾਲ, ਉਗਾਦੀ, ਗੁੜੀ ਪੜਵਾ ਤੇ ਚੇਤਰ ਨਰਾਤਿਆਂ ਦਾ ਉਤਸਵ ਵੀ ਮਨਾਇਆ ਜਾਂਦਾ ਹੈ। ਇਹ ਈਰਾਨੀ ਤੇ ਭਾਰਤੀ ਸੱਭਿਆਚਾਰ ਵਿਚਾਲੇ ਕੁਝ ਸਮਾਨਤਾਵਾਂ ਨੂੰ ਵੀ ਦਰਸਾਉਂਦਾ ਹੈ।

ਦੇਖਿਆ ਜਾਵੇ ਤਾਂ ਇਸ ਸਾਲ ਨੌਰੋਜ਼ ਈਰਾਨ ਲਈ ਬਹੁਤ ਚੰਗਾ ਨਹੀਂ ਰਿਹਾ, ਕਿਉਂਕਿ ਅਮਰੀਕਾ ਤੇ ਇਜ਼ਰਾਈਲ ਨੇ ਉਸ ਖ਼ਿਲਾਫ਼ ਜੰਗ ਛੇੜੀ ਹੋਈ ਹੈ। ਲਗਾਤਾਰ ਹਮਲਿਆਂ ਤੇ ਸੁਪਰੀਮ ਆਗੂਆਂ ਦੀ ਮੌਤ ਦੇ ਬਾਵਜੂਦ ਈਰਾਨੀਆਂ ਦਾ ਹੌਸਲਾ ਡਿੱਗਾ ਨਹੀਂ ਹੈ। ਸੰਭਵ ਹੈ ਕਿ ਇਸ ਪਿੱਛੇ ਕਰਬਲਾ ਦੀ ਸ਼ਹਾਦਤ ਉਨ੍ਹਾਂ ਦੀ ਪ੍ਰੇਰਣਾ ਬਣੀ ਹੈ। ਇਸਲਾਮਿਕ ਕ੍ਰਾਂਤੀ ਦੌਰਾਨ ਅਯਾਤੁੱਲਾ ਖੁਮੈਨੀ ਇਹ ਨਾਰਾ ਵੀ ਦਿਆ ਕਰਦੇ ਸਨ ਕਿ 'ਹਰ ਦਿਨ ਆਸ਼ੂਰਾ ਹੈ ਤੇ ਹਰ ਥਾਂ ਕਰਬਲਾ ਹੈ।' ਇਸ ਦਾ ਸਿੱਧਾ ਮਤਲਬ ਹੈ ਕਿ ਹਰ ਦਿਨ ਸੰਘਰਸ਼ ਹੈ ਤੇ ਹਰ ਸੰਘਰਸ਼ ਕਰਬਲਾ ਦੀ ਰਣਭੂਮੀ ਹੈ। ਅਮਰੀਕਾ ਇਜ਼ਰਾਈਲ ਦੇ ਖ਼ਿਲਾਫ਼ ਜਾਰੀ ਇਸ ਲੜਾਈ 'ਚ ਈਰਾਨੀ ਇਸੇ ਸੰਕਲਪ ਦੇ ਨਾਲ ਵਿਰੋਧ ਦਾ ਪ੍ਰਤੀਕ ਬਣ ਕੇ ਉਭਰੇ ਹਨ।



ਇਸ 'ਚ ਕੋਈ ਸ਼ੱਕ ਨਹੀਂ ਕਿ ਦੁਨੀਆ ਦੀ ਸਭ ਤੋਂ ਤਾਕਤਵਰ ਅਮਰੀਕੀ ਫ਼ੌਜ ਤੇ ਇਜ਼ਰਾਈਲ ਦੇ ਸਾਂਝੇ ਹਮਲਿਆਂ 'ਚ ਈਰਾਨ ਨੂੰ ਬਹੁਤ ਨੁਕਸਾਨ ਪੁੱਜਾ ਹੈ। ਪਹਿਲਾਂ ਤੋਂ ਹੀ ਸਾਰੀਆਂ ਪਾਬੰਦੀਆਂ ਸਹਿ ਰਹੇ ਈਰਾਨ ਲਈ ਇਸ ਜੰਗ ਨੇ ਮੁਸ਼ਕਲਾਂ ਹੋਰ ਵਧਾਉਣ ਦਾ ਕੰਮ ਕੀਤਾ ਹੈ। ਉਸ ਦੇ ਪਰਮਾਣੂ ਟਿਕਾਣਿਆਂ ਤੋਂ ਲੈ ਕੇ ਸੰਵੇਦਨਸ਼ੀਲ ਅਤੇ ਰਣਨੀਤਕ ਰੂਪ ਨਾਲ ਮਹੱਤਵਪੂਰਨ ਕੇਂਦਰਾਂ ਨੂੰ ਵੀ ਨਿਸ਼ਾਨਾ ਬਣਾਇਆ ਗਿਆ ਹੈ। ਉਸ ਦੀ ਸਿਖਰਲੀ ਲੀਡਰਸ਼ਿਪ ਦਾ ਲਗਪਗ ਸਫਾਇਆ ਹੋ ਗਿਆ ਹੈ, ਜਿਸ 'ਚ ਸੁਪਰੀਮ ਲੀਡਰ ਅਯਾਤੁੱਲਾ ਅਲੀ ਖਾਮਨੇਈ ਤੋਂ ਲੈ ਕੇ ਬਹੁਤ ਪ੍ਰਭਾਵਸ਼ਾਲੀ ਅਲੀ ਲਾਰੀਜਾਨੀ ਵਰਗੇ ਦਿੱਗਜ ਵੀ ਸ਼ਾਮਲ ਹਨ।

ਅਜਿਹੇ ਹਾਲਾਤ 'ਚ ਸੰਭਵ ਤੌਰ 'ਤੇ ਕੋਈ ਹੋਰ ਦੇਸ਼ ਗੋਡੇ ਟੇਕ ਚੁੱਕਾ ਹੁੰਦਾ, ਪਰ ਈਰਾਨ ਨੇ ਜ਼ਬਰਦਸਤ ਪਲਟਵਾਰ ਕੀਤਾ। ਉਸ ਨੇ ਇਜ਼ਰਾਈਲ ਦੇ ਉਨ੍ਹਾਂ ਟਿਕਾਣਿਆਂ 'ਤੇ ਵੀ ਹਮਲੇ ਕੀਤੇ, ਜਿਨ੍ਹਾਂ ਬਾਰੇ ਅਜਿਹਾ ਸੋਚਿਆ ਵੀ ਨਹੀਂ ਜਾ ਸਕਦਾ ਸੀ। ਈਰਾਨ ਦੀ ਮਿਜ਼ਾਈਲ ਤੇ ਡ੍ਰੋਨ ਸਮਰੱਥਾ ਨੇ ਵੱਡੇ-ਵੱਡੇ ਰਣਨੀਤੀਕਾਰਾਂ ਨੂੰ ਵੀ ਹੈਰਾਨ ਕਰਨ ਦਾ ਕੰਮ ਕੀਤਾ। ਉਸ ਨੇ ਹੋਰਮੁਜ਼ ਜਲ ਮਾਰਗ 'ਤੇ ਆਪਣਾ ਕੰਟਰੋਲ ਮਜ਼ਬੂਤ ਕਰ ਕੇ ਆਵਾਜਾਈ ਨੂੰ ਪ੍ਰਭਾਵਿਤ ਕੀਤਾ। ਨਾਲ ਹੀ ਖਾੜੀ ਖੇਤਰ 'ਚ ਅਮਰੀਕੀ ਸਹਿਯੋਗੀਆਂ ਤੇ ਉਨ੍ਹਾਂ ਦੀ ਜਾਇਦਾਦ ਨੂੰ ਨਿਸ਼ਾਨਾ ਬਣਾ ਕੇ ਆਪਣੇ ਹੌਸਲੇ ਦੇ ਨਾਲ ਹੀ ਮਾਰੂ ਸਮਰੱਥਾ ਦਾ ਪ੍ਰਦਰਸ਼ਨ ਕਰ ਕੇ ਇਕ ਤਰ੍ਹਾਂ ਹਮਲਾਵਰਾਂ ਨੂੰ ਹੀ ਕੁਝ ਹੱਦ ਤੱਕ ਰੱਖਿਆਤਮਕ ਰੁਖ਼ ਅਪਣਾਉਣ ਲਈ ਮਜਬੂਰ ਕਰ ਦਿੱਤਾ।

ਕਿਉਂਕਿ ਹੁਣ ਇਹ ਜੰਗ ਪੰਜਵੇਂ ਹਫ਼ਤੇ 'ਚ ਪ੍ਰਵੇਸ਼ ਕਰ ਗਈ ਹੈ, ਇਸ ਲਈ ਇਹ ਉਤਸੁਕਤਾ ਸੁਭਾਵਿਕ ਹੈ ਕਿ ਇਹ ਕਿਸ ਦਿਸ਼ਾ 'ਚ ਜਾ ਰਹੀ ਹੈ। ਇਹ ਸਹੀ ਹੈ ਕਿ ਅਮਰੀਕਾ-ਇਜ਼ਰਾਈਲ ਨੇ ਈਰਾਨ ਦੇ ਸੁਪਰੀਮ ਲੀਡਰ ਨੂੰ ਮਾਰ ਦਿੱਤਾ, ਪਰ ਸੱਤਾ ਦੇ ਢਾਂਚੇ 'ਚ ਉਮੀਦ ਮੁਤਾਬਕ ਤਬਦੀਲੀ ਦੀ ਉਨ੍ਹਾਂ ਦੀ ਇੱਛਾ ਨਾ ਤਾਂ ਪੂਰੀ ਹੋ ਸਕੀ ਹੈ ਤੇ ਨਾ ਪੂਰੀ ਹੁੰਦੀ ਦਿਖਾਈ ਦੇ ਰਹੀ ਹੈ। ਉਲਟਾ ਜੋ ਨਵੇਂ ਆਗੂ ਕਮਾਨ ਸੰਭਾਲ ਰਹੇ ਹਨ, ਉਹ ਪੁਰਾਣੇ ਆਗੂਆਂ ਤੋਂ ਵੀ ਜ਼ਿਆਦਾ ਕੱਟੜਤਾ ਦਿਖਾ ਰਹੇ ਹਨ। ਇਸ ਕਾਰਨ ਇਹ ਦੇਖਣਾ ਪਵੇਗਾ ਕਿ ਹਮਲਿਆਂ 'ਚ ਈਰਾਨੀ ਆਗੂਆਂ ਨੂੰ ਜਿਸ ਤਰ੍ਹਾਂ ਚੁਣ-ਚੁਣ ਕੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ, ਉਸ ਨਾਲ ਲੀਡਰਸ਼ਿਪ ਦੇ ਪੱਧਰ 'ਤੇ ਕੋਈ ਸੰਕਟ ਪੈਦਾ ਹੁੰਦਾ ਹੈ ਜਾਂ ਇਹ ਸਿਲਸਿਲਾ ਕੱਟੜਪੰਥੀ ਆਵਾਜ਼ਾਂ ਨੂੰ ਹੀ ਮਜ਼ਬੂਤ ਕਰਨ ਦਾ ਕੰਮ ਕਰੇਗਾ। ਜੋ ਵੀ ਹੋਵੇ, ਜੰਗ ਰੁਕਣ ਤੋਂ ਬਾਅਦ ਵੀ ਗੱਲਬਾਤ ਦਾ ਰਾਹ ਆਸਾਨ ਨਹੀਂ ਦਿਖਾਈ ਦਿੰਦਾ। ਅਮਰੀਕਾ ਵੱਲੋਂ ਗੱਲਬਾਤ ਦਾ ਦਾਅ ਚੱਲਣ ਦੀ ਗੱਲ 'ਤੇ ਈਰਾਨੀ ਖੇਮੇ ਦੀਆਂ ਪ੍ਰਤੀਕਿਰਿਆਵਾਂ ਵੀ ਇਹੀ ਸੰਕੇਤ ਦਿੰਦੀਆਂ ਹਨ।

ਇਕ ਹੱਦ ਤੱਕ ਇਹ ਸੰਭਵ ਹੈ ਕਿ ਅਮਰੀਕੀ-ਇਜ਼ਰਾਈਲੀ ਹਮਲਿਆਂ 'ਚ ਈਰਾਨੀ ਪਰਮਾਣੂ ਪ੍ਰੋਗਰਾਮ ਦਾ ਲੱਕ ਟੁੱਟ ਜਾਵੇ ਤੇ ਜਲ ਸੈਨਾ ਸੁਸਤ ਪੈ ਜਾਵੇ, ਪਰ ਈਰਾਨ ਦੀ ਡ੍ਰੋਨ ਅਤੇ ਮਿਜ਼ਾਈਲ ਸਮਰੱਥਾ ਨੇ ਖਾੜੀ ਦੇਸ਼ਾਂ ਦੇ ਸਾਹ ਰੋਕ ਕੇ ਰੱਖੇ ਹਨ। ਇੰਨਾ ਹੀ ਨਹੀਂ, ਹਿੰਦ ਮਹਾਸਾਗਰ ਸਥਿਤ ਅਮਰੀਕਾ-ਬ੍ਰਿਟੇਨ ਦੇ ਸਾਂਝੇ ਫ਼ੌਜੀ ਅੱਡੇ ਡਿਏਗੋ ਗਾਰਸ਼ੀਆ 'ਤੇ ਈਰਾਨੀ ਮਿਜ਼ਾਈਲਾਂ ਦੇ ਵਾਰ ਨੇ ਵੀ ਦਿਖਾਇਆ ਕਿ ਤਹਿਰਾਨ ਕਿੱਥੇ ਤੱਕ ਮਾਰ ਕਰਨ 'ਚ ਸਮਰੱਥ ਹੈ। ਚਾਹੇ ਹੀ ਇਹ ਲੜਾਈ ਅਮਰੀਕਾ ਤੇ ਇਜ਼ਰਾਈਲ ਮਿਲ ਕੇ ਲੜ ਰਹੇ ਹੋਣ, ਪਰ ਦੋਵਾਂ ਧਿਰਾਂ ਵਿਚਾਲੇ ਕਈ ਬਿੰਦੂਆਂ 'ਤੇ ਅਸਹਿਮਤੀ ਵੀ ਉੱਭਰੀ ਹੈ। ਈਰਾਨ ਦੇ ਸਾਊਥ ਪਾਰਸ ਤੇਲ ਅਤੇ ਗੈਸ ਖੇਤਰ 'ਤੇ ਇਜ਼ਰਾਈਲੀ ਹਮਲੇ 'ਤੇ ਅਮਰੀਕਾ ਨੇ ਸਪੱਸ਼ਟ ਰੂਪ ਨਾਲ ਕਿਹਾ ਕਿ ਇਸ ਨੂੰ ਲੈ ਕੇ ਉਸ ਨੂੰ ਵਿਸ਼ਵਾਸ 'ਚ ਨਹੀਂ ਲਿਆ ਗਿਆ। ਬਾਅਦ 'ਚ ਚਾਹੇ ਹੀ ਨੇਤਨਯਾਹੂ ਨੇ ਈਰਾਨੀ ਊਰਜਾ ਜਾਇਦਾਦਾਂ ਨੂੰ ਨਿਸ਼ਾਨਾ ਨਾ ਬਣਾਏ ਜਾਣ ਦੇ ਸੰਕੇਤ ਦਿੱਤੇ, ਪਰ ਇਹ ਤਾਂ ਸਾਹਮਣੇ ਆਇਆ ਹੀ ਕਿ ਇਜ਼ਰਾਈਲ ਨੇ ਆਪਣੀਆਂ ਯੋਜਨਾਵਾਂ ਪੂਰੀ ਤਰ੍ਹਾਂ ਸਾਂਝੀਆਂ ਨਹੀਂ ਕੀਤੀਆਂ। ਇਸ ਹਮਲੇ ਨਾਲ ਪਰੇਸ਼ਾਨ ਈਰਾਨ ਨੇ ਖਾੜੀ ਦੇਸ਼ਾਂ ਦੇ ਮੁੱਖ ਤੇਲ ਅਤੇ ਗੈਸ ਖੇਤਰਾਂ 'ਤੇ ਹਮਲੇ ਕੀਤੇ, ਜਿਸ ਤੋਂ ਬਾਅਦ ਊਰਜਾ ਸਰੋਤਾਂ ਦੀਆਂ ਕੀਮਤਾਂ ਅਸਮਾਨੀ ਚੜ੍ਹਣ ਲੱਗੀਆਂ।

ਇਸ ਜੰਗ 'ਚ ਅਮਰੀਕਾ ਤੇ ਨਾਟੋ ਸਹਿਯੋਗੀਆਂ ਵਿਚਾਲੇ ਅਸਹਿਯੋਗ ਵੀ ਸਪੱਸ਼ਟ ਰੂਪ ਨਾਲ ਦਿਖਾਈ ਦੇ ਰਿਹਾ ਹੈ। ਹੋਰਮੁਜ਼ ਜਲਮਾਰਗ 'ਚ ਆਵਾਜਾਈ ਨੂੰ ਸੁਚਾਰੂ ਬਣਾਈ ਰੱਖਣ ਦੀ ਟਰੰਪ ਦੀ ਅਪੀਲ ਨੂੰ ਨਾਟੋ ਦੇਸ਼ਾਂ ਨੇ ਕੋਈ ਤਵੱਜੋ ਨਹੀਂ ਦਿੱਤੀ। ਪਰ ਬ੍ਰਿਟੇਨ ਹੀ ਕੁਝ ਸੀਮਤ ਸਹਿਯੋਗ ਲਈ ਅੱਗੇ ਆਇਆ। ਉਥੇ, ਈਰਾਨ ਨੇ ਚਲਾਕੀ ਵਾਲਾ ਦਾਅ ਖੇਡਦੇ ਹੋਏ ਕਿਹਾ ਕਿ ਹੋਰਮੁਜ਼ ਜਲ ਮਾਰਗ ਸਿਰਫ਼ ਹਮਲਾਵਰ ਦੇਸ਼ਾਂ ਅਤੇ ਉਨ੍ਹਾਂ ਦੇ ਸਹਿਯੋਗੀਆਂ ਨੂੰ ਛੱਡ ਕੇ ਬਾਕੀ ਸਭ ਲਈ ਤਾਂ ਖੁੱਲ੍ਹਾ ਹੈ। ਈਰਾਨ ਨੇ ਆਪਣੇ ਹਮਲਿਆਂ ਨਾਲ ਅਮਰੀਕੀ ਰੱਖਿਆ ਕਵਚ ਦੀ ਕਮਜ਼ੋਰੀ ਵੀ ਉਜਾਗਰ ਕਰ ਦਿੱਤੀ, ਜਿਸ ਦੇ ਭਰੋਸੇ ਖਾੜੀ ਦੇਸ਼ ਬੈਠੇ ਰਹੇ। ਈਰਾਨ ਨੇ ਜ਼ਾਹਰ ਕਰ ਦਿੱਤਾ ਕਿ ਉਨ੍ਹਾਂ ਲਈ ਅਮਰੀਕੀ ਰੱਖਿਆ ਕਵਚ ਅਟੁੱਟ ਨਹੀਂ ਹੈ। ਇਸ ਜੰਗ ਨਾਲ ਸ਼ੀਆ ਤੇ ਸੁੰਨੀ ਵਿਚਾਲੇ ਟਕਰਾਅ ਦੀ ਖੱਡ ਵੀ ਚੌੜੀ ਹੁੰਦੀ ਜਾ ਰਹੀ ਹੈ।

ਇਸ ਪੂਰੇ ਸੰਕਟ 'ਚ ਸੰਯੁਕਤ ਰਾਸ਼ਟਰ ਦਾ ਚੁੱਪੀ ਧਾਰੀ ਰੱਖਣਾ ਵੀ ਵੱਡੇ ਸਵਾਲ ਖੜ੍ਹੇ ਕਰਦਾ ਹੈ। ਖਾੜੀ ਦੇਸ਼ਾਂ ਤੇ ਜਾਰਡਨ 'ਤੇ ਈਰਾਨੀ ਹਮਲਿਆਂ ਦੀ ਨਿੰਦਾ ਤੋਂ ਇਲਾਵਾ ਸੰਯੁਕਤ ਰਾਸ਼ਟਰ ਸਿਰਫ਼ ਖਾਨਾਪੂਰਤੀ ਹੀ ਕਰਦਾ ਦਿਖਾਈ ਦੇ ਰਿਹਾ ਹੈ। ਓਮਾਨ ਸਮੇਤ ਕੁਝ ਹੋਰ ਦੇਸ਼ ਵਿਚ-ਵਿਚਾਲੇ ਸਰਗਰਮ ਹਨ, ਪਰ ਹੁਣ ਜੰਗ ਰੋਕਣ ਲਈ ਈਰਾਨ ਬਹੁਤ ਸਖ਼ਤ ਸ਼ਰਤਾਂ ਸਾਹਮਣੇ ਰੱਖ ਰਿਹਾ ਹੈ।

ਹਾਲ-ਫ਼ਿਲਹਾਲ ਸ਼ਾਂਤੀ ਦੇ ਕਿਸੇ ਮਨਜ਼ੂਰ ਸਮਝੌਤੇ 'ਤੇ ਗੱਲ ਬਣਦੀ ਤਾਂ ਨਹੀਂ ਦਿਖਾਈ ਦਿੰਦੀ, ਪਰ ਅਸੀਂ ਅਜਿਹੀ ਉਮੀਦ ਤਾਂ ਕਰ ਹੀ ਸਕਦੇ ਹਾਂ। ਸਾਲ 1961 ਤੋਂ ਬਾਅਦ ਇਹ ਪਹਿਲਾ ਮੌਕਾ ਸੀ ਜਦ ਈਦ ਤੇ ਨੌਰੋਜ਼ ਇਕ ਹੀ ਸਮੇਂ 'ਤੇ ਮਨਾਏ ਗਏ। ਕਹਿਣਾ ਮੁਸ਼ਕਲ ਹੈ ਕਿ ਕੀ ਅਜਿਹਾ ਦੁਰਲੱਭ ਸੰਜੋਗ ਇਸ ਖੇਤਰ 'ਚ ਜੰਗਬੰਦੀ ਦਾ ਮਕਸਦ ਬਣ ਕੇ ਖੇਤਰ 'ਚ ਸ਼ਾਂਤੀ ਅਤੇ ਖੁਸ਼ਹਾਲੀ ਲਿਆ ਸਕਦਾ ਹੈ?

# ਪੰਜਾਬ ਦੀ ਕੋਇਲ ਸੁਰਿੰਦਰ ਕੌਰ

ਵੀਹਵੀਂ ਸਦੀ ਦੇ ਸੰਗੀਤ ਦਾ ਹੁਸੀਨ ਬਾਗ਼ ਅਤੇ ਪੰਜਾਬ ਦੀ ਕੋਇਲ ਕਹਾਉਣ ਵਾਲੀ ਸੁਰਿੰਦਰ ਕੌਰ ਨੇ ਪੰਜਾਬੀ ਮਿੱਟੀ ਦੀ ਖ਼ੁਸ਼ਬੋ ਨੂੰ ਸੁਰਾਂ 'ਚ ਢਾਲ ਕੇ ਅਜਿਹਾ ਨਿਰੋਲ



ਪੰਜਾਬੀ ਸੁਰ-ਸੰਸਾਰ ਸਿਰਜਿਆ ਜਿਸ ਦੀ ਪ੍ਰਤੀਧੁਨੀ ਆਉਣ ਵਾਲੀਆਂ ਸਦੀਆਂ ਤੱਕ ਫ਼ਿਜ਼ਾ 'ਚ ਗੂੰਜਦੀ ਰਹੇਗੀ। ਸੁਰਿੰਦਰ ਕੌਰ ਤੇ ਉਸ ਦੀ ਭੈਣ ਪ੍ਰਕਾਸ਼ ਕੌਰ ਦੀ ਗਾਇਕੀ ਦਾ ਯੁੱਗ ਹੁਣ ਦੇ ਤਕਨੀਕੀ ਤਾਮ-ਝਾਮ ਵਾਲੇ ਤਿੱਖੇ ਤੇ ਕੰਨਖਾਊ ਰੌਲੇ-ਰੱਪੇ ਵਾਲੇ ਯੁੱਗ ਤੋਂ ਵੱਖਰਾ ਸੀ।

ਸੁਰਿੰਦਰ ਕੌਰ ਦਾ ਜਨਮ 25 ਨਵੰਬਰ, 1929 ਨੂੰ ਲਾਹੌਰ ਵਿੱਚ ਹੋਇਆ ਸੀ। ਉਸ ਨੇ ਬਾਰਾਂ ਸਾਲ ਦੀ ਉਮਰ ਵਿੱਚ ਭੈਣ ਪ੍ਰਕਾਸ਼ ਕੌਰ ਨਾਲ ਮਿਲ ਕੇ ਮਾਸਟਰ

ਕਮਲੇਸ਼ ਉੱਪਲ

ਇਨਾਇਤ ਹੁਸੈਨ ਅਤੇ ਪੰਡਿਤ ਮਨੀ ਪ੍ਰਸ਼ਾਦ ਕੋਲੋਂ ਕਲਾਸੀਕਲ ਗਾਇਕੀ ਸਿੱਖੀ। ਉਨ੍ਹਾਂ ਸਮਿਆਂ ਵਿੱਚ ਆਲ ਇੰਡੀਆ ਰੇਡੀਓ ਜਲੰਧਰ ਦੇ ਯੋਗਦਾਨ ਨੂੰ ਨਕਾਰਿਆ ਨਹੀਂ ਜਾ ਸਕਦਾ। ਸੁਰਿੰਦਰ ਕੌਰ ਅਤੇ ਪ੍ਰਕਾਸ਼ ਕੌਰ ਦੇ ਗਾਏ ਗੀਤਾਂ ਦੀਆਂ ਰਸ-ਭਿੰਨੀਆਂ ਸੁਰਾਂ ਨੇ ਮੇਰੀ ਪੀੜ੍ਹੀ ਦੇ ਗ਼ਰੀਬੜੇ ਜਿਹੇ ਬਚਪਨ ਨੂੰ ਜੋ ਰੂਹ ਦੀ ਅਮੀਰੀ ਬਖ਼ਸ਼ੀ, ਉਹ ਹੁਣ ਵਾਲੀ ਪਨੀਰੀ ਨੂੰ ਕਿੱਥੇ ਨਸੀਬ ਹੋਣੀ ਹੈ!

ਸ਼ਾਮ ਨੂੰ ਰੋਜ਼ ਘਰ ਵਿੱਚ ਰੇਡੀਓ ਵੱਜਦਾ ਤਾਂ ਸਾਡਾ ਗਲੀ ਦੀ ਮਿੱਟੀ 'ਚ ਖੇਡਦਿਆਂ ਦਾ ਧਿਆਨ ਬਦੋਬਦੀ ਸੁਰਿੰਦਰ ਕੌਰ ਦੀ ਘਰ-ਘਰ ਵੱਜ ਰਹੇ ਰੇਡੀਓ ਰਾਹੀਂ ਸੁਣ ਰਹੀ ਮਿੱਠੀ-ਮਿੱਠੀ ਆਵਾਜ਼ ਵੱਲ ਚਲਾ ਜਾਂਦਾ। ਸੁਰਾਂ ਦੇ ਨਾਲ ਨਾਲ ਬੋਲ ਵੀ ਇੰਨੇ ਸਪੱਸ਼ਟ ਅਤੇ ਮਨਮੋਹਣੇ ਹੁੰਦੇ ਸਨ ਕਿ ਸੁਰਿੰਦਰ ਕੌਰ ਅਤੇ ਪ੍ਰਕਾਸ਼ ਕੌਰ ਦੇ ਗੀਤ ਬਿਨਾਂ ਯਤਨ ਕੀਤਿਆਂ ਆਪ ਹੀ ਯਾਦ ਹੋ ਜਾਂਦੇ ਸਨ। 'ਵੇ ਲੈ ਦੇ ਮੈਨੂੰ ਮਖ਼ਮਲ ਦੀ ਪੱਖੀ ਘੁੰਗਰੂਆਂ ਵਾਲੀ', 'ਮਾਵਾਂ ਤੇ ਧੀਆਂ ਰਲ ਬੈਠੀਆਂ', 'ਬਾਜਰੇ ਦਾ ਸਿੱਟਾ ਅਸਾਂ ਤਲੀ 'ਤੇ ਮਰੋੜਿਆ', 'ਸੜਕੇ ਸੜਕੇ ਜਾਂਦੀਏ ਮੁਟਿਆਰੇ ਨੀਂ', 'ਲੱਠੇ ਦੀ ਚਾਦਰ ਉੱਤੇ ਸਲੇਟੀ ਰੰਗ ਮਾਹੀਆ', 'ਜੁੱਤੀ ਕਸੂਰੀ ਪੈਰੀਂ ਨਾ ਪੂਰੀ' ਆਦਿ ਗੀਤਾਂ ਤੋਂ ਤਾਂ ਪੰਜਾਬੀਆਂ ਦੀਆਂ ਪਿਛਲੀਆਂ ਪੀੜ੍ਹੀਆਂ 'ਚੋਂ ਕੋਈ ਵੀ ਨਾਵਾਕਿਫ਼ ਨਹੀਂ।

ਸੁਰਿੰਦਰ ਕੌਰ ਦੇ ਵਿਦਿਆਨਾਥ ਸੇਠ ਨਾਲ ਗਾਏ ਉਹ ਤਿੰਨ ਗੀਤ ਖ਼ਾਸ ਤੌਰ 'ਤੇ ਯਾਦ ਆਉਂਦੇ ਰਹਿੰਦੇ ਹਨ, ਜਿਨ੍ਹਾਂ ਦੇ ਬੋਲ, ਸੁਰ-ਬਣਤਰ ਅਤੇ ਸੰਗੀਤ ਬਣਾਉਣ ਵਾਲਿਆਂ ਨੂੰ ਜੀਨੀਅਸ ਕਹਿਣਾ ਚਾਹੀਦਾ ਹੈ। ਅਸੀਂ ਪੰਜਾਬੀ ਆਪਣੇ ਸੱਭਿਆਚਾਰ ਦੇ ਵਾਰਿਸਾਂ ਅਤੇ ਰਚੇਤਿਆਂ ਨੂੰ ਯਾਦ ਰੱਖਣ ਦੇ ਸ਼ੌਕੀਨ ਹੀ ਕਦੋਂ ਹਾਂ? ਸੁਰਿੰਦਰ ਕੌਰ ਤੇ ਸੇਠ ਵਿਦਿਆਨਾਥ ਦੇ ਜਿਨ੍ਹਾਂ ਗੀਤਾਂ ਦਾ ਜ਼ਿਕਰ ਮੈਂ ਕਰਨ ਜਾ ਰਹੀ

(ਬਾਕੀ ਅਗਲੇ ਸਫ਼ੇ 'ਤੇ)

# ਮੁਕਤ ਵਪਾਰ ਸਮਝੌਤਿਆਂ ਦਾ ਮੱਕੜਜਾਲ

(ਸਫ਼ਾ 20 ਦੀ ਬਾਕੀ)

– ਅਮਰੀਕਾ ਤੋਂ ਆਉਣ ਵਾਲਾ ਸੋਇਆਬੀਨ ਦਾ ਤੇਲ 40 ਲੱਖ ਸੋਇਆਬੀਨ ਉਤਪਾਦਕ ਕਿਸਾਨਾਂ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰੇਗਾ, ਜਿਸ ਨਾਲ ਹੋਰ ਤੇਲ ਜਿਵੇਂ ਸੂਰਜਮੁਖੀ, ਨਾਰੀਅਲ ਆਦਿ ਤੇਲਾਂ ਦੀਆਂ ਕੀਮਤਾਂ ਡਿੱਗ ਜਾਣਗੀਆਂ।

– ਇਨ੍ਹਾਂ ਵਪਾਰ ਸਮਝੌਤਿਆਂ ਅਨੁਸਾਰ ਸਾਰੇ ਫ਼ਲਾਂ, ਮੁਰੱਬਿਆਂ ਅਤੇ ਸੁੱਕੇ ਮੇਵਿਆਂ ਤੋਂ ਸਾਰੇ ਤਰ੍ਹਾਂ ਦੇ ਟੈਰਿਫ ਅਤੇ ਰੋਕਾਂ ਹਟਾ ਦਿੱਤੀਆਂ ਜਾਣਗੀਆਂ, ਜਿਸ ਨਾਲ ਭਾਰਤ ਦੇ 55 ਲੱਖ ਸੇਬ ਉਤਪਾਦਕਾਂ ਤੋਂ ਇਲਾਵਾ ਫ਼ਲ ਮੇਵੇ ਪੈਦਾ ਕਰਨ ਵਾਲੇ ਕਿਸਾਨ ਪਰਿਵਾਰ ਵੱਡੇ ਸੰਕਟ ਵਿੱਚ ਫਸ ਜਾਣਗੇ।

ਅੰਤਰਿਮ ਸਮਝੌਤੇ ਵਿੱਚ ਦਰਜ ਕੀਤੇ ਇਹ ਸ਼ਬਦ "ਭੋਜਨ ਅਤੇ ਖੇਤੀਬਾੜੀ ਉਤਪਾਦਾਂ ਨਾਲ ਸਬੰਧਿਤ 'ਗੈਰ-ਟੈਰਿਫ ਰੋਕਾਂ' ਹਟਾ ਦਿੱਤੀਆਂ ਜਾਣਗੀਆਂ" ਬਹੁਤ ਹੀ ਘਾਤਕ ਹਨ।

ਵਿਕਸਿਤ ਮੁਲਕਾਂ ਨੇ ਵਿਸ਼ਵੀਕਰਨ ਦੀ ਇੱਕ ਨਵੀਂ ਲਹਿਰ ਦੀ ਅਗਵਾਈ ਕੀਤੀ ਹੈ। ਭਾਰਤ ਸਮੇਤ ਏਸ਼ੀਆ, ਅਫ਼ਰੀਕਾ ਤੇ ਲਾਤੀਨੀ ਅਮਰੀਕਾ ਸਣੇ ਦੁਨੀਆ ਭਰ ਦੇ ਗ਼ਰੀਬ ਮੁਲਕਾਂ ਵਿੱਚ ਕੌਮਾਂਤਰੀ ਮੁਦਰਾ ਕੋਸ਼ ਤੇ ਸੰਸਾਰ ਬੈਂਕ ਵੱਲੋਂ ਥੋਪਿਆ ਗਿਆ 'ਢਾਂਚਾਗਤ ਤਬਦੀਲੀ ਪ੍ਰੋਗਰਾਮ' ਲਾਗੂ ਕੀਤਾ ਗਿਆ। ਇਹ ਇੱਕ ਸਾਮਰਾਜੀ ਪ੍ਰੋਗਰਾਮ ਸੀ, ਜੋ ਅਮਰੀਕਾ ਦੇ ਮੁਨਾਫ਼ੇ ਦੇ ਹਿੱਤਾਂ ਅਨੁਸਾਰ ਖੇਤੀ ਤੇ ਹੋਰ ਧੰਦਿਆਂ ਲਈ ਬਣਾਇਆ ਗਿਆ ਸੀ। ਇਸ ਪ੍ਰੋਗਰਾਮ ਦੀਆਂ ਨੀਤੀਆਂ ਅਧੀਨ ਪੇਂਡੂ ਸਬਸਿਡੀਆਂ ਅਤੇ ਭਲਾਈ ਪ੍ਰੋਗਰਾਮ ਵਿੱਚ ਕਟੌਤੀਆਂ ਕੀਤੀਆਂ ਗਈਆਂ, ਜੋ ਮਿਹਨਤਕਸ਼ ਤਬਕੇ ਲਈ ਤਕਲੀਫ਼ਦੇਹ ਸਾਬਿਤ ਹੋਈਆਂ ਹਨ। ਸਾਮਰਾਜੀ ਵਿਸ਼ਵੀਕਰਨ ਪ੍ਰੋਗਰਾਮ ਵਿਸ਼ਵ ਵਪਾਰ ਸੰਸਥਾ, ਸੰਸਾਰ ਬੈਂਕ ਅਤੇ ਵਿਸ਼ਵ ਮੁਦਰਾ ਕੋਸ਼ ਜਿਹੀਆਂ ਸੰਸਥਾਵਾਂ ਰਾਹੀਂ ਖੇਤੀ ਧੰਦੇ ਵਿਚ ਲੁੱਟ ਨੂੰ ਤੇਜ਼ੀ ਨਾਲ ਅੱਗੇ ਵਧਾਉਣ ਦਾ ਏਜੰਡਾ ਹੈ। ਮੰਡੀ ਨੂੰ ਖੋਲ੍ਹਣ ਲਈ ਵਿਕਾਸਸ਼ੀਲ ਦੇਸ਼ ਅਤੇ ਦੱਬੇ-ਕੁਚਲੇ ਮੁਲਕਾਂ ਉੱਪਰ ਦਬਾਅ ਬਣਾਇਆ ਜਾ ਰਿਹਾ ਹੈ। ਵਿਸ਼ਵੀਕਰਨ ਦੀਆਂ ਨੀਤੀਆਂ ਨਵੀਂ ਖੇਤੀ ਮਸ਼ੀਨਰੀ, ਟੈਕਨੋਲੋਜੀ, ਸਾਮਰਾਜੀ ਪੂੰਜੀ ਅਤੇ ਖੇਤੀ ਤਬਦੀਲੀ ਰਾਹੀਂ ਖੇਤੀ ਧੰਦੇ ਦੀ ਢਾਂਚਾਗਤ ਤਬਦੀਲੀ ਕਰਕੇ ਰਵਾਇਤੀ ਅਤੇ ਗੁਜ਼ਾਰੇ ਦੀ ਖੇਤੀ ਨੂੰ ਖ਼ਤਮ ਕਰਨ ਵੱਲ ਸੇਧਿਤ ਹਨ। ਸਾਮਰਾਜ ਕੌਮਾਂਤਰੀ ਪੱਧਰ 'ਤੇ ਵਿੱਤੀ ਸਰਮਾਏ ਦੇ ਗ਼ਲਬੇ ਰਾਹੀਂ ਦਬੇ-ਕੁਚਲੇ ਮੁਲਕਾਂ ਦੀ ਆਰਥਿਕਤਾ ਨੂੰ ਕਮਜ਼ੋਰ ਕਰਦਾ ਹੈ ਤੇ ਉਨ੍ਹਾਂ ਨੂੰ ਆਪਣੇ ਹਿੱਤਾਂ ਅਨੁਸਾਰ ਲੁੱਟਦਾ ਹੈ। ਸਾਮਰਾਜ ਬਹੁਤ ਸਾਰੇ ਢੰਗਾਂ ਰਾਹੀਂ ਤੀਜੀ ਦੁਨੀਆ ਦੇ ਮੁਲਕਾਂ 'ਚ ਘੁਸਪੈਠ ਤੇ ਲੁੱਟ-ਖਸੁੱਟ ਕਰਕੇ ਆਪਣਾ ਗ਼ਲਬਾ ਕਾਇਮ ਕਰਦਾ ਹੈ ਜਿਵੇਂ ਦੂਜੇ ਦੇਸ਼ਾਂ ਵਿੱਚ ਆਪਣੇ ਕਾਰਖਾਨੇ ਲਾਉਣੇ, ਸਰਕਾਰਾਂ ਨੂੰ ਕਰਜ਼ੇ ਦੇਣੇ, ਵਿਦੇਸ਼ੀ ਸਹਾਇਤਾ, ਤਕਨੀਕ, ਹਥਿਆਰਾਂ ਦੀ ਵੇਚ, ਸਰਕਾਰੀ ਅਤੇ ਫ਼ੌਜੀ ਅਮਲੇ ਦੀ ਸਿਖਲਾਈ ਅਤੇ ਹੋਰ ਤਰੀਕਿਆਂ ਰਾਹੀਂ ਸਾਮਰਾਜ ਇਨ੍ਹਾਂ ਮੁਲਕਾਂ ਵਿੱਚ ਲੁੱਟ-ਖਸੁੱਟ ਅਤੇ ਦਾਬਾ ਹਾਸਲ ਕਰਦਾ ਹੈ। ਆਰਥਿਕ ਪੱਖੋਂ ਕਮਜ਼ੋਰ ਕੌਮਾਂ ਨਾਲ ਸਾਮਰਾਜ ਦਾ ਰਿਸ਼ਤਾ ਇਨ੍ਹਾਂ ਮੁਲਕਾਂ ਨੂੰ ਹੋਰ ਨਿਘਾਰ ਵੱਲ ਹੀ ਲਿਜਾ ਸਕਦਾ ਹੈ। ਸਾਮਰਾਜ ਨੂੰ ਇੱਕ ਅਜਿਹੇ ਨਵ-ਬਸਤੀ ਮੁਲਕ ਦੀ ਲੋੜ ਹੁੰਦੀ ਹੈ, ਜਿੱਥੇ ਲੋਕਾਂ ਨੂੰ ਦਬਾਇਆ ਜਾ ਸਕੇ। ਸਾਮਰਾਜ ਲਈ ਇਨ੍ਹਾਂ ਮੁਲਕਾਂ ਵਿੱਚ ਸ਼ੁਰੂਆਤੀ ਨੁਕਤਾ ਮੁਨਾਫ਼ਾ ਕਮਾਉਣਾ ਅਤੇ ਗ਼ਲਬਾ ਸਥਾਪਿਤ ਕਰਨਾ ਹੈ।

ਜੇਕਰ ਅਮਰੀਕਾ ਤੋਂ ਭੋਜਨ ਅਤੇ ਖੇਤੀ ਨਾਲ ਸਬੰਧਿਤ ਵਸਤਾਂ ਬਿਨਾਂ ਕਿਸੇ ਰੋਕ-ਟੋਕ ਤੋਂ ਭਾਰਤ ਵਿੱਚ ਆਉਣਗੀਆਂ ਤਾਂ ਇਸ ਨਾਲ ਭਾਰਤ ਦੇ ਕਿਸਾਨਾਂ ਦਾ ਵੱਡੇ ਪੱਧਰ 'ਤੇ ਨੁਕਸਾਨ ਹੋਵੇਗਾ। ਇਸ ਨਾਲ ਖੇਤੀ 'ਤੇ ਨਿਰਭਰ ਮਜ਼ਦੂਰ, ਛੋਟੇ ਦੁਕਾਨਦਾਰ ਅਤੇ ਛੋਟੇ ਕਾਰੋਬਾਰੀਆਂ 'ਤੇ ਮਾੜਾ ਅਸਰ ਪਵੇਗਾ।

ਭਾਰਤ ਦੇ ਕਿਸਾਨਾਂ, ਮਜ਼ਦੂਰਾਂ ਅਤੇ ਹੋਰ ਲੋਕਾਂ ਨੇ ਖੇਤੀ ਕਾਨੂੰਨਾਂ ਅਤੇ ਮੁਕਤ ਵਪਾਰ ਸਮਝੌਤੇ ਕਾਰਨ ਖੜ੍ਹੇ ਹੋਣ ਵਾਲੇ ਖ਼ਤਰਿਆਂ ਨੂੰ ਚੰਗੀ ਤਰ੍ਹਾਂ ਭਾਂਪ ਲਿਆ ਹੈ। ਇਸ ਲਈ 'ਸੰਯੁਕਤ ਕਿਸਾਨ ਮੋਰਚੇ' ਵੱਲੋਂ ਮਜ਼ਬੂਤੀ ਨਾਲ ਬੀਜ ਬਿੱਲ, ਬਿਜਲੀ ਸੋਧ ਬਿੱਲ, ਲੇਬਰ ਕੋਡ, ਜੀ ਰਾਮ ਜੀ ਅਤੇ ਮੁਕਤ ਵਪਾਰ ਸਮਝੌਤੇ ਦਾ ਲਗਾਤਾਰ ਵਿਰੋਧ ਕੀਤਾ ਜਾ ਰਿਹਾ ਹੈ ਤੇ ਨਾਲ ਹੀ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਸੰਯੁਕਤ ਰਾਜ ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਦੇ ਪੁਤਲੇ ਵੀ ਸਾੜੇ ਜਾ ਰਹੇ ਹਨ।

ਦੇਸ਼ ਪੱਧਰ 'ਤੇ ਵਿਧਾਇਕਾਂ ਅਤੇ ਸੰਸਦ ਮੈਂਬਰਾਂ ਦੇ ਘਰਾਂ ਅਤੇ ਦਫ਼ਤਰਾਂ ਦੇ ਬਾਹਰ ਰੋਸ ਮੁਜ਼ਾਹਰੇ ਵੀ ਕੀਤੇ ਜਾ ਰਹੇ ਹਨ ਕਿਉਂਕਿ ਇਸ ਦੇ ਲਾਗੂ ਹੋਣ ਕਾਰਨ ਕਿਸਾਨ, ਮਜ਼ਦੂਰ ਅਤੇ ਖੇਤੀਬਾੜੀ 'ਤੇ ਨਿਰਭਰ ਛੋਟੇ ਤੇ ਦਰਮਿਆਨੇ ਵਪਾਰੀ ਇਨ੍ਹਾਂ ਸਮਝੌਤਿਆਂ ਕਾਰਨ ਤਬਾਹੀ ਦੇ ਕੰਢੇ ਪੁੱਜ ਜਾਣਗੇ।

# ਚੇਤਿਆਂ 'ਚ ਖੜਕਦੀ ਡਾਕੀਏ ਦੇ ਸਾਈਕਲ ਦੀ ਘੰਟੀ



ਪ੍ਰੀਤਮ ਸਿੰਘ (ਖੁੱਡੀ ਕਲਾਂ)

ਸੂਚਨਾ ਤਕਨਾਲੋਜੀ ਦੇ ਕ੍ਰਾਂਤੀਕਾਰੀ ਯੁੱਗ 'ਚ ਸੁਨੇਹਿਆਂ ਦੇ ਆਦਾਨ ਪ੍ਰਦਾਨ ਲਈ ਬੇਸ਼ੁਮਾਰ ਤੇਜ਼ ਤਰਾਰ ਸਾਧਨ ਮੌਜੂਦ ਹਨ। ਸੋਸ਼ਲ ਮੀਡੀਆ ਦੇ ਤਮਾਮ ਸਾਧਨਾਂ ਦੇ ਨਾਲ ਨਾਲ ਈ-ਮੇਲ ਆਦਿ ਜ਼ਰੀਏ ਅੱਖ ਝਪਕਣ ਦੇ ਸਮੇਂ 'ਚ ਸੁਨੇਹਾ ਇੱਕ ਜਗ੍ਹਾ ਤੋਂ ਦੂਜੀ ਜਗ੍ਹਾ ਪਹੁੰਚ ਜਾਂਦਾ ਹੈ। ਸੂਚਨਾ ਤਕਨੀਕ ਦੇ ਇਨ੍ਹਾਂ ਆਧੁਨਿਕ ਸਾਧਨਾਂ ਲਈ ਦੂਰੀ ਦੇ ਕੋਈ ਮਾਅਨੇ ਨਹੀਂ ਹਨ। ਲੱਖਾਂ ਕਿਲੋਮੀਟਰ ਦੀ ਦੂਰੀ 'ਤੇ ਵੀ ਅੱਖ ਦੇ ਫੋਰ 'ਚ ਸੁਨੇਹਾ ਪਹੁੰਚਾ ਜਾਂਦਾ ਹੈ।

ਕੋਈ ਸਮਾਂ ਸੀ ਜਦੋਂ ਸੁਨੇਹਿਆਂ ਦਾ ਆਦਾਨ ਪ੍ਰਦਾਨ ਪੰਛੀਆਂ ਦੇ ਸਹਾਰੇ ਕੀਤਾ ਜਾਂਦਾ ਸੀ। ਪੰਛੀ ਇੱਕ ਜਗ੍ਹਾ ਤੋਂ ਦੂਜੀ ਜਗ੍ਹਾ ਚਿੱਠੀਆਂ ਪਹੁੰਚਾਇਆ ਕਰਦੇ ਸਨ। ਫਿਰ ਸੁਨੇਹਿਆਂ ਦੇ ਆਦਾਨ ਪ੍ਰਦਾਨ ਲਈ ਡਾਕ ਵਿਭਾਗ ਦੀ ਸਥਾਪਨਾ ਹੋਈ। ਇੱਕ ਜਗ੍ਹਾ ਤੋਂ ਦੂਜੀ ਜਗ੍ਹਾ ਸਫ਼ਰ ਕਰਦੀ ਚਿੱਠੀ ਨੂੰ ਟਿਕਾਣੇ 'ਤੇ ਪਹੁੰਚਾਉਣ ਵਾਲੇ ਕਰਮਚਾਰੀ ਨੂੰ ਡਾਕੀਆ ਕਿਹਾ ਜਾਣ ਲੱਗਿਆ। ਡਾਕੀਏ ਵੱਲੋਂ ਚਿੱਠੀਆਂ ਪਹੁੰਚਾਉਣ ਬਾਬਤ ਬਹੁਤ ਸਾਰੇ ਗੀਤਾਂ ਦੀ ਰਚਨਾ ਵੀ ਹੋਈ। ਡਾਕੀਆ ਆਮ ਤੌਰ 'ਤੇ ਸਾਈਕਲ 'ਤੇ ਸਵਾਰ ਹੋ ਕੇ ਚਿੱਠੀਆਂ ਨੂੰ ਮੰਜ਼ਿਲ 'ਤੇ ਪਹੁੰਚਾਉਂਦਾ ਹੁੰਦਾ ਸੀ। ਚਿੱਠੀ ਦੇ ਮੰਜ਼ਿਲ ਸਥਾਨ 'ਤੇ ਪਹੁੰਚ ਡਾਕੀਆ ਸਾਈਕਲ 'ਤੇ ਲੱਗੀ ਘੰਟੀ ਜਿਸ ਨੂੰ ਟੱਲੀ ਵੀ ਕਹਿੰਦੇ ਹਨ, ਵਜਾ ਕੇ ਆਪਣੀ ਆਮਦ ਦੀ ਸੂਚਨਾ ਦਿਆ ਕਰਦਾ ਸੀ। ਚਿੱਠੀ ਦੀ ਉਡੀਕ ਕਰਦੇ ਵਿਅਕਤੀ ਜਾਂ ਪਰਿਵਾਰ ਨੂੰ ਡਾਕੀਏ ਦੇ ਸਾਈਕਲ ਦੀ ਘੰਟੀ ਦੀ ਬੜੀ ਬੇਸਬਰੀ ਨਾਲ ਉਡੀਕ ਰਹਿੰਦੀ ਸੀ। ਪਹਿਲਾਂ ਪਹਿਲ ਪਰਿਵਾਰਾਂ ਵਿੱਚ ਪੜ੍ਹੇ ਲਿਖੇ ਮੈਂਬਰਾਂ ਦੀ ਗਿਣਤੀ ਘੱਟ ਹੁੰਦੀ ਸੀ। ਅਨਪੜ੍ਹ ਪਰਿਵਾਰ ਡਾਕੀਏ ਤੋਂ ਜਾਂ ਕਿਸੇ ਪੜ੍ਹੇ ਲਿਖੇ ਵਿਅਕਤੀ ਤੋਂ ਚਿੱਠੀ ਲਿਖਵਾਇਆ ਕਰਦੇ ਸਨ। ਅਨਪੜ੍ਹ ਪਰਿਵਾਰ ਡਾਕੀਏ ਤੋਂ ਹੀ ਚਿੱਠੀ ਪੜ੍ਹਾ ਲਿਆ ਕਰਦੇ ਸਨ।

ਤਿਉਹਾਰਾਂ ਦੇ ਦਿਨਾਂ ਦੌਰਾਨ ਡਾਕੀਏ ਦਾ ਕੰਮ ਬਹੁਤ ਵਧ ਜਾਂਦਾ ਸੀ ਕਿਉਂਕਿ ਪੜ੍ਹੇ ਲਿਖੇ ਲੋਕ ਇੱਕ-ਦੂਜੇ ਨੂੰ ਗ੍ਰੀਟਿੰਗ ਕਾਰਡ ਭੇਜ ਕੇ ਸ਼ੁਭਕਾਮਨਾਵਾਂ ਦਿਆ ਕਰਦੇ ਸਨ। ਮੈਨੂੰ ਯਾਦ ਹੈ ਕਿ ਜਦੋਂ ਅਸੀਂ ਟ੍ਰੇਨਿੰਗ ਪੂਰੀ ਕਰਕੇ ਵਾਪਸ ਆਏ ਤਾਂ ਇੱਕ-ਦੂਜੇ ਨੂੰ ਚਿੱਠੀਆਂ ਪਾਉਣ ਅਤੇ ਤਿਉਹਾਰਾਂ ਮੌਕੇ ਗ੍ਰੀਟਿੰਗ ਕਾਰਡ ਭੇਜਣ ਦਾ ਸਿਲਸਿਲਾ ਬੜੀ ਤੇਜ਼ੀ ਨਾਲ ਚੱਲਿਆ। ਦੋਸਤਾਂ ਮਿੱਤਰਾਂ ਦੇ ਪੱਤਰਾਂ ਅਤੇ ਗ੍ਰੀਟਿੰਗ ਕਾਰਡਾਂ ਦੀ ਬੜੀ ਬੇਸਬਰੀ ਨਾਲ ਉਡੀਕ ਰਹਿੰਦੀ। ਪੱਤਰਾਂ ਦੀ ਆਮਦ ਵੱਧ ਹੋਣ ਕਾਰਨ ਸਾਡੇ ਪਿੰਡ ਵਾਲਾ ਡਾਕੀਆ ਨਿਰੰਜਣ ਦਾਸ ਮੇਰੇ ਨਾਲ ਕਾਫ਼ੀ ਵਾਕਫ਼ੀਅਤ ਰੱਖਣ ਲੱਗ ਪਿਆ ਸੀ। ਪਹਿਲਾਂ ਪਹਿਲ ਅਖ਼ਬਾਰਾਂ ਨੂੰ ਰਚਨਾਵਾਂ ਵੀ ਡਾਕ ਰਾਹੀਂ ਹੀ ਭੇਜੀਆਂ ਜਾਂਦੀਆਂ ਸਨ। ਲਿਫ਼ਾਫ਼ੇ ਉੱਪਰ ਜਿਸ ਨੂੰ ਪੱਤਰ ਭੇਜਣਾ ਹੁੰਦਾ, ਉਸ ਦਾ ਪਤਾ ਲਿਖਣ ਦੇ ਨਾਲ ਭੇਜਣ ਵਾਲੇ ਦਾ ਪਤਾ ਵੀ ਲਿਖਿਆ ਜਾਂਦਾ ਸੀ। ਮੇਰੀ ਲੇਖਣੀ ਦਾ ਨਵਾਂ ਨਵਾਂ ਸਫ਼ਰ ਸ਼ੁਰੂ ਹੋਇਆ ਸੀ। ਮੇਰੇ ਵੱਲੋਂ ਅਕਸਰ ਅਖ਼ਬਾਰਾਂ ਨੂੰ ਡਾਕ ਰਾਹੀਂ ਆਰਟੀਕਲ ਭੇਜਣ ਕਰਕੇ ਡਾਕੀਆ ਮੇਰਾ ਵਧੀਆ ਜਾਣਕਾਰ ਬਣ ਗਿਆ ਸੀ। ਡਾਕੀਏ ਕੋਲ ਚੌਕੀਦਾਰ ਵਾਂਗ ਪਿੰਡ ਦੀ ਸਾਰੀ ਜਾਣਕਾਰੀ ਹੁੰਦੀ ਸੀ, ਪਰ ਫਿਰ ਵੀ ਕਈ ਨਵੀਂ ਉਮਰ ਦੇ ਮੁੰਡੇ-ਕੁੜੀਆਂ ਦੇ ਨਾਮ ਆਈਆਂ ਚਿੱਠੀਆਂ ਨੂੰ ਪਹੁੰਚਾਉਣਾ ਡਾਕੀਏ ਲਈ ਮੁਸ਼ਕਿਲ ਹੋ ਜਾਂਦਾ ਸੀ। ਸਾਡੇ ਪਿੰਡ ਦਾ ਡਾਕੀਆ ਨਿਰੰਜਨ ਦਾਸ ਅਕਸਰ ਮੇਰੇ ਤੋਂ ਅਜਿਹੇ ਪਤਿਆਂ ਵਾਲੀਆਂ ਚਿੱਠੀਆਂ ਦੀ ਜਾਣਕਾਰੀ ਮੰਗ ਲੈਂਦਾ ਸੀ। ਇਹ ਉਸ ਦੀ ਕੰਮ ਪ੍ਰਤੀ ਸੁਹਿਰਦਤਾ ਸੀ ਕਿ ਉਹ ਚਿੱਠੀ ਪਹੁੰਚਾਉਣ ਵਿੱਚ ਕਿਸੇ ਕਿਸਮ ਦੀ ਅਣਗਹਿਲੀ ਨਹੀਂ ਸੀ ਕਰਦਾ। ਕਈ ਡਾਕੀਏ ਅਜਿਹੇ ਪੱਤਰ ਵਾਪਸ ਕਰ ਦਿੰਦੇ ਸਨ, ਪਰ ਨਿਰੰਜਣ ਦਾਸ ਅਜਿਹੇ ਪੱਤਰਾਂ ਵਾਲੇ ਪਤਿਆਂ ਦੀ ਕਈ ਕਈ ਦਿਨ ਤਲਾਸ਼ ਕਰਦਾ ਰਹਿੰਦਾ। ਡਾਕੀਏ ਆਮ ਤੌਰ 'ਤੇ ਬਾਅਦ ਦੁਪਹਿਰ ਤਿੰਨ ਕੁ ਵਜੇ ਤੱਕ ਡਾਕ ਵੰਡਣ ਦਾ ਕੰਮ ਨਿਪਟਾਇਆ ਕਰਦੇ ਸਨ। ਅਸੀਂ ਵੀ ਆਪਣੀ ਚਿੱਠੀ ਦੀ ਉਡੀਕ ਵਿੱਚ ਡਾਕੀਏ ਨੂੰ ਉਡੀਕਦੇ ਰਹਿਣਾ, ਪਰ ਤਿੰਨ ਵਜੇ ਤੋਂ ਬਾਅਦ ਉਡੀਕ ਖ਼ਤਮ ਹੋ ਜਾਣੀ। ਅਗਲੇ ਦਿਨ ਫਿਰ ਉਡੀਕ ਦਾ ਸਿਲਸਿਲਾ ਸ਼ੁਰੂ ਹੋ ਜਾਣਾ। ਉਸ ਦਿਨ ਦੀ ਡਾਕੀਏ ਦੇ ਸਾਈਕਲ ਦੀ ਘੰਟੀ ਦੀ ਆਵਾਜ਼ ਮੈਨੂੰ ਅੱਜ ਵੀ ਚੰਗੀ ਤਰ੍ਹਾਂ ਯਾਦ ਹੈ ਜਿਸ ਦਿਨ ਉਹ ਮੇਰਾ ਸਰਕਾਰੀ ਨੌਕਰੀ ਦਾ ਖ਼ਾਕੀ ਲਿਫ਼ਾਫ਼ੇ ਵਾਲਾ ਪੱਤਰ ਲੈ ਕੇ ਆਇਆ ਸੀ। ਪੱਤਰ ਫੜਾਉਂਦਿਆਂ ਉਸ ਵੱਲੋਂ ਦਿੱਤੀਆਂ ਵਧਾਈਆਂ ਵੀ ਅੱਜ ਤੱਕ ਯਾਦ ਹਨ। ਇਸ ਤਰ੍ਹਾਂ ਡਾਕੀਏ ਕੋਲ ਪਿੰਡ ਵਿੱਚ ਨੌਜਵਾਨਾਂ ਨੂੰ ਮਿਲਣ ਵਾਲੀਆਂ ਸਰਕਾਰੀ ਨੌਕਰੀਆਂ ਦੀ ਵੀ ਪੂਰੀ ਜਾਣਕਾਰੀ ਹੁੰਦੀ ਸੀ ਕਿਉਂਕਿ ਹਰ ਨਿਯੁਕਤੀ ਪੱਤਰ ਡਾਕੀਏ ਰਾਹੀਂ ਹੀ ਸਬੰਧਿਤ ਤੱਕ ਪਹੁੰਚਦਾ ਸੀ।





ਸ਼ੁਰੂ ਸ਼ੁਰੂ ਵਿੱਚ ਡਾਕ ਦੀ ਲੇਟ ਲਤੀਫ਼ੀ ਨਾਲ ਨਿਪਟਣ ਲਈ ਕੁਰੀਅਰ ਦੀ ਸੇਵਾ ਆਈ। ਕਈ ਕਈ ਦਿਨਾਂ ਉਪਰੰਤ ਆਪਣੀ ਮੰਜ਼ਿਲ 'ਤੇ ਪਹੁੰਚਣ ਵਾਲੇ ਪੱਤਰ ਦੂਜੇ ਜਾਂ ਤੀਜੇ ਦਿਨ ਆਪਣੀ ਮੰਜ਼ਿਲ 'ਤੇ ਪਹੁੰਚਣ ਲੱਗੇ। ਅੱਜਕੱਲ੍ਹ ਡਾਕ ਵਿਭਾਗ ਰਾਹੀਂ ਪੱਤਰ ਭੇਜਣ ਦੀ ਗਿਣਤੀ ਨਾਂਹ ਦੇ ਬਰਾਬਰ ਹੈ। ਹੁਣ ਡਾਕ ਵਿਭਾਗ ਕੋਲ ਪੱਤਰਾਂ ਦੀ ਵੰਡ ਦੀ ਬਜਾਏ ਬੈਂਕਾਂ ਵਾਂਗ ਪੈਸੇ ਦਾ ਕੰਮ ਜ਼ਿਆਦਾ ਹੈ। ਸਮੇਂ ਦੀ ਮੰਗ ਅਨੁਸਾਰ ਡਾਕ ਵਿਭਾਗ ਵੱਲੋਂ ਵੀ ਸਪੀਡ ਪੋਸਟ ਅਤੇ ਕੁਰੀਅਰ ਸੇਵਾਵਾਂ ਸ਼ੁਰੂ ਕੀਤੀਆਂ ਹੋਈਆਂ ਹਨ।

ਸੂਚਨਾ ਤਕਨੀਕ ਦੀ ਕ੍ਰਾਂਤੀ 'ਚ ਡਾਕੀਏ ਦੇ ਸਾਈਕਲ ਦੀ ਘੰਟੀ ਦੀ ਆਵਾਜ਼ ਕਿਧਰੇ ਗੁੰਮ ਗਈ ਹੈ। ਅੱਜਕੱਲ੍ਹ ਦੇ ਬੱਚਿਆਂ ਨੂੰ ਤਾਂ ਸ਼ਾਇਦ ਇਹ ਪਤਾ ਵੀ ਨਾ ਹੋਵੇ ਕਿ ਕਿਸੇ ਸਮੇਂ ਪੱਤਰਾਂ ਦੇ ਆਦਾਨ ਪ੍ਰਦਾਨ ਦਾ ਕੰਮ ਡਾਕੀਆ ਕਰਦਾ ਸੀ। ਪੱਤਰ ਰਾਹੀਂ ਕਿਸੇ ਸੁਨੇਹੇ ਨੂੰ ਪਹੁੰਚਣ ਵਿੱਚ ਕਈ ਕਈ ਦਿਨਾਂ ਦਾ ਸਮਾਂ ਲੱਗਣਾ ਆਧੁਨਿਕ ਪੀੜ੍ਹੀ ਲਈ ਕਿਸੇ ਅਚੰਭੇ ਤੋਂ ਘੱਟ ਨਹੀਂ, ਪਰ ਜਿਨ੍ਹਾਂ ਨੇ ਪੱਤਰਾਂ ਦਾ ਉਹ ਦੌਰ ਹੰਢਾਇਆ ਹੈ ਉਨ੍ਹਾਂ ਦੇ ਚੇਤਿਆਂ 'ਚ ਅੱਜ ਵੀ ਡਾਕੀਏ ਦੇ ਸਾਈਕਲ ਦੀ ਘੰਟੀ ਦੀ ਆਵਾਜ਼ ਵਸੀ ਹੋਈ ਹੈ। ਇਸ ਦੌਰ ਨੂੰ ਹੰਢਾਉਣ ਵਾਲਿਆਂ ਨੂੰ ਪਤਾ ਹੈ ਕਿ ਪੱਤਰ ਦੀ ਉਡੀਕ ਵਿੱਚ ਡਾਕੀਏ ਦੇ ਸਾਈਕਲ ਦੀ ਘੰਟੀ ਦੀ ਆਵਾਜ਼ ਉਡੀਕਣ ਦਾ ਕੀ ਸਵਾਦ ਹੁੰਦਾ ਸੀ।

# ਪੰਜਾਬ ਦੀ ਕੋਇਲ ਸੁਰਿੰਦਰ ਕੌਰ

(ਸਫਾ 21ਦੀ ਬਾਕੀ)

ਹਾਂ ਉਨ੍ਹਾਂ ਦੇ ਰਿਕਾਰਡ ਜਾਪਦਾ ਹੈ, ਆਲ ਇੰਡੀਆ ਰੇਡੀਓ ਜਲੰਧਰ ਵਾਲਿਆਂ ਨੇ ਸਾਂਭ ਕੇ ਰੱਖੇ ਹੀ ਨਹੀਂ ਅਤੇ ਜੇ ਕਿਤੇ ਕਿਸੇ ਨਵੀਂ ਤਕਨਾਲੋਜੀ ਮੁਤਾਬਿਕ ਸਾਂਭੇ ਵੀ ਹੋਣ ਤਾਂ ਕਦੇ ਵਜਾਏ-ਸੁਣਾਏ ਹੀ ਨਹੀਂ ਹੋਣੇ। ਵਰਨਾ ਇਹ ਕਦੇ ਤਾਂ ਕੰਨਾਂ 'ਚ ਪੈ ਜਾਂਦੇ। ਸੱਤਰ-ਪਚੱਤਰ ਸਾਲ ਪਹਿਲਾਂ ਦੇ ਸੁਣੇ ਉਹ ਗੀਤ ਹਨ;

*ਬੇਲੀ ਬੇਲੀ ਕਰੇਂ ਬੇਲੀਆ ਕੋਈ ਨਾ ਤੇਰਾ ਬੇਲੀ..

* ਲਿਸ਼ਕ ਲੈ ਤੇ ਸੱਜ ਲੈ ਤੂੰ ਜਿੰਨਾ ਸੱਜਣਾ,
ਮਿੱਟੀ ਦਿਆ ਭਾਂਡਿਆਂ ਅਖੀਰ ਭੱਜਣਾ...

* ਗਲ ਆਪਣੇ ਤੂੰ ਮੁਫ਼ਤ ਦੀ ਬਿਪਤਾ ਏ ਪਾ ਲਈ,
ਲੱਭਾ ਈ ਦੁਨੀਆ ਵਾਲਿਆ ਦੁਨੀਆ ਬਣਾ ਕੇ ਕੀ..

ਸ਼ਾਇਦ ਅਜਿਹਾ ਦੋ-ਗਾਣਾ ਕੋਈ ਹੋਰ ਵੀ ਹੋਵੇ, ਪਰ ਮੇਰੇ ਜ਼ਿਹਨ ਵਿੱਚ ਇਹ ਤਿੰਨ ਗੀਤ ਅੱਜ ਵੀ ਗੂੰਜਦੇ ਰਹਿੰਦੇ ਹਨ। ਅਸੀਂ ਕਿੰਨੀ ਵਧੀਆ ਵਿਰਾਸਤ ਭੁਲਾਈ ਅਤੇ ਰੋਲੀ ਬੈਠੇ ਹਾਂ! ਕੁਝ ਗੀਤ ਸੁਰਿੰਦਰ ਕੌਰ ਨੇ ਭਾਰਤੀ ਫਿਲਮ ਉਦਯੋਗ ਲਈ ਵੀ ਗਾਏ ਜੋ ਲਗਭਗ ਸਾਰੇ ਹੀ ਹਿੱਟ ਸਾਬਤ ਹੋਏ। ਸੁਰਿੰਦਰ ਕੌਰ ਦੇ ਪਤੀ ਕਸਬ ਤੋਂ ਪ੍ਰੋਫ਼ੈਸਰ ਸਨ ਤੇ ਸੁਰਿੰਦਰ ਦੀ ਗਾਇਕੀ ਦੀ ਬਰਕਰਾਰੀ ਦਾ ਸਿਹਰਾ ਉਨ੍ਹਾਂ ਨੂੰ ਵੀ ਜਾਂਦਾ ਹੈ। ਸੁਰਿੰਦਰ ਕੌਰ ਨੇ 1948 ਤੋਂ 1952 ਤੱਕ ਦੇ ਸਮੇਂ ਵਿੱਚ ਫਿਲਮੀ ਪਲੇਅਬੈਕ ਗਾਇਕੀ ਕੀਤੀ। ਫਿਲਮ 'ਸ਼ਹੀਦ' ਦੇ ਗੀਤ ਤਾਂ ਭੁਲਾਏ ਹੀ ਨਹੀਂ ਜਾ ਸਕਦੇ। ਇਨ੍ਹਾਂ ਗੀਤਾਂ ਦੀ ਅਦਾਇਗੀ ਵਿੱਚ ਸੁਰਿੰਦਰ ਕੌਰ ਦੀ ਆਵਾਜ਼ ਦੀ ਮਧੁਰਤਾ, ਬੁਲੰਦੀ, ਗੂੰਜ ਅਤੇ ਤਲੱਫ਼ਜ਼ ਦੀ ਸਪੱਸ਼ਟਤਾ ਕਮਾਲ ਦੀ ਹੈ। 'ਸ਼ਹੀਦ' ਤੋਂ ਇਲਾਵਾ ਸੁਰਿੰਦਰ ਕੌਰ ਨੇ ਹੋਰ ਵੀ ਕਈ ਫਿਲਮਾਂ ਜਿਵੇਂ 'ਪਿਆਰ ਕੀ ਜੀਤ', 'ਨਦੀਆ ਕੇ ਪਾਰ', 'ਸਾਂਵਰੀਆ' ਆਦਿ ਵਿੱਚ ਗੀਤ ਗਾਏ ਸਨ। ਜੋ ਸੁਰਿੰਦਰ ਕੌਰ ਫਿਲਮਾਂ 'ਚ ਗਾਉਂਦੀ ਰਹਿੰਦੀ ਤਾਂ ਹੋਰ ਨਾਮਣਾ ਖੱਟਦੀ। ਉਸ ਦੀ ਆਵਾਜ਼ ਵਿੱਚ ਫਿਲਮ 'ਸ਼ਹੀਦ' ਦੇ ਗੀਤ ਅਭਿਨੇਤਰੀ ਕਾਮਿਨੀ ਕੌਸ਼ਲ ਉਤੇ ਫਿਲਮਾਏ ਗਏ ਸਨ। ਸੁਰਿੰਦਰ ਕੌਰ ਦੇ ਗਾਏ ਫਿਲਮੀ ਗੀਤਾਂ 'ਚੋਂ ਕੁਝ ਹਨ;

* ਉਜੜਾ ਉਮੀਦੋਂ ਕਾ ਚਮਨ ਹਾਏ ਹਮ ਕਹਾਂ ਔਰ ਤੁਮ ਕਹਾਂ

* ਬਦਨਾਮ ਨਾ ਹੋ ਜਾਏ ਮੁਹੱਬਤ ਕਾ ਫ਼ਸਾਨਾ

* ਆਨਾ ਹੈ ਤੋ ਆ ਜਾਓ ਗਰ ਅਬ ਭੀ ਨਾ ਆਓਗੇ
ਹਮ ਤੁਮ ਕੋ ਨਾ ਪਾਏਂਗੇ ਤੁਮ ਹਮ ਕੋ ਨਾ ਪਾਓਗੇ

ਫਿਲਮ 'ਸ਼ਹੀਦ' ਦੇ ਗੀਤਾਂ ਵਿੱਚ ਗਾਇਕਾ ਦੀ ਆਵਾਜ਼ ਦੀ ਜੋ ਗੋਲਾਈ ਝਲਕਦੀ ਹੈ, ਉਹ ਅਜੋਕੀ ਕਦੇ-ਘੱਗੀ-ਕਦੇ-ਤਿੱਖੀ ਫਿਲਮੀ ਗਾਇਕੀ 'ਚੋਂ ਨਹੀਂ ਲੱਭ ਸਕਦੀ। ਇਸ ਫਿਲਮ ਦਾ ਸੰਗੀਤ ਗ਼ੁਲਾਮ ਹੈਦਰ ਨੇ ਦਿੱਤਾ ਸੀ।

ਸੰਗੀਤਕਾਰ ਗਿਆਨ ਦੱਤ ਨੇ 1949 ਵਿੱਚ ਫਿਲਮ 'ਸੁਨਹਿਰੇ ਦਿਨ' ਦਾ ਸੰਗੀਤ ਦਿੱਤਾ ਸੀ, ਜਿਸ ਦੇ ਦੋ ਗੀਤ 'ਦਿਲ ਦੋ ਨੈਨੋਂ ਮੇਂ ਖੋ ਗਯਾ ਭਲਾ ਹੁਆ ਯਾ ਬੁਰਾ ਹੁਆ' ਅਤੇ 'ਲੋ ਜੀ ਸੁਨ ਲੋ ਤੁਮ ਸੇ ਕਹਤੇ ਹੈਂ ਅਬ ਤੁਮ ਬਿਨ ਚੈਨ ਨਹੀਂ ਆਏ।' ਸੁਰਿੰਦਰ ਕੌਰ ਦੇ ਕੁਝ ਦੋਗਾਣੇ ਮੁਕੇਸ਼ ਨਾਲ ਗਾਏ ਵੀ ਮਸ਼ਹੂਰ ਹੋਏ।

14 ਜੂਨ 2006 ਨੂੰ ਸੁਰਿੰਦਰ ਕੌਰ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਆਖ ਗਈ। ਉਸ ਨੂੰ 1984 ਵਿੱਚ ਸੰਗੀਤ ਨਾਟਕ ਅਕਾਦਮੀ ਪੁਰਸਕਾਰ ਮਿਲਿਆ ਅਤੇ 2006 ਵਿੱਚ ਪਦਮ ਸ੍ਰੀ ਐਵਾਰਡ। ਸੁਰਿੰਦਰ ਕੌਰ ਵਾਲਾ ਯੁੱਗ ਤਾਂ ਮੁੜ ਕੇ ਨਹੀਂ ਆਉਣਾ, ਪਰ ਉਸ ਦੀ ਬੇਟੀ ਡੌਲੀ ਗੁਲੇਰੀਆ ਤੇ ਹੋਰ ਪਰਿਵਾਰਕ ਪੀੜ੍ਹੀ ਸੁਰਿੰਦਰ ਕੌਰ ਦੀ ਸੰਗੀਤਕ ਵਿਰਾਸਤ ਨੂੰ ਯਥਾਸੰਭਵ ਅੱਗੇ ਤੋਰ ਰਹੀ ਹੈ।

# 1971 ਦੀ ਜੰਗ ਦਾ ਅਣਗੌਲਿਆ ਨਾਇਕ: ਸਕੁਐਡਰਨ ਲੀਡਰ ਘਨਸ਼ਿਆਮ ਸਿੰਘ ਥਾਪਾ

ਭਾਰਤ ਦੇ ਫ਼ੌਜੀ ਇਤਿਹਾਸ ਵਿੱਚ ਕਈ ਅਜਿਹੇ ਨਾਮ ਦਰਜ ਹਨ ਜਿਨ੍ਹਾਂ ਨੇ ਦੇਸ਼ ਦੀ ਆਨ ਅਤੇ ਸ਼ਾਨ ਲਈ ਆਪਣੀ ਜਾਨ ਦੀ ਪਰਵਾਹ ਨਹੀਂ ਕੀਤੀ। 1971 ਦੀ ਭਾਰਤ-ਪਾਕਿਸਤਾਨ ਜੰਗ, ਜਿਸ ਨੇ ਦੁਨੀਆ ਦੇ ਨਕਸ਼ੇ 'ਤੇ ਬੰਗਲਾਦੇਸ਼ ਦੇ ਰੂਪ ਵਿੱਚ ਇੱਕ ਨਵਾਂ ਦੇਸ਼ ਉਭਾਰਿਆ, ਕਈ ਸੂਰਬੀਰਾਂ ਦੀਆਂ ਸ਼ਹਾਦਤਾਂ ਦੀ ਗਵਾਹ ਹੈ। ਇਨ੍ਹਾਂ ਵਿੱਚੋਂ ਹੀ ਇੱਕ ਨਾਮ ਹੈ ਸਕੁਐਡਰਨ ਲੀਡਰ ਘਨਸ਼ਿਆਮ ਸਿੰਘ ਥਾਪਾ ਦਾ। ਭਾਰਤੀ ਹਵਾਈ ਫ਼ੌਜ ਦੇ ਇਸ ਜਾਂਬਾਜ਼ ਅਧਿਕਾਰੀ ਨੇ ਦੁਸ਼ਮਣ ਦੇ ਇਲਾਕੇ ਵਿੱਚ ਵੜ ਕੇ ਜਿਸ ਦਲੇਰੀ ਨਾਲ ਹਮਲੇ ਕੀਤੇ, ਉਹ ਅੱਜ ਵੀ ਨਵੀਂ ਪੀੜ੍ਹੀ ਲਈ ਪ੍ਰੇਰਣਾ ਦਾ ਸਰੋਤ ਹਨ।

ਘਨਸ਼ਿਆਮ ਸਿੰਘ ਥਾਪਾ ਦਾ ਜਨਮ ਉੱਤਰਾਖੰਡ ਦੀਆਂ ਪਹਾੜੀਆਂ ਵਿੱਚ ਇੱਕ ਫ਼ੌਜੀ ਪਰਿਵਾਰ ਵਿੱਚ ਹੋਇਆ ਸੀ। ਬਚਪਨ ਤੋਂ ਹੀ ਦੇਸ਼ ਭਗਤੀ ਦਾ ਜਜ਼ਬਾ ਉਨ੍ਹਾਂ ਦੇ ਖ਼ੂਨ ਵਿੱਚ ਸੀ। ਉਹ ਭਾਰਤੀ ਹਵਾਈ ਫ਼ੌਜ ਵਿੱਚ ਇੱਕ ਪਾਇਲਟ ਵਜੋਂ ਭਰਤੀ ਹੋਏ ਅਤੇ ਆਪਣੀ ਕਾਬਲੀਅਤ ਸਦਕਾ ਜਲਦੀ ਹੀ ਸਕੁਐਡਰਨ ਲੀਡਰ ਦੇ ਅਹੁਦੇ ਤੱਕ ਪਹੁੰਚ ਗਏ। 1971 ਦੀ ਜੰਗ ਦੌਰਾਨ ਉਹ ਭਾਰਤੀ ਹਵਾਈ ਫ਼ੌਜ ਦੀ ਇੱਕ ਅਹਿਮ ਯੂਨਿਟ ਦਾ ਹਿੱਸਾ ਸਨ ਅਤੇ ਉਨ੍ਹਾਂ ਨੂੰ ਪਾਕਿਸਤਾਨੀ ਫ਼ੌਜ ਦੇ ਅਹਿਮ ਟਿਕਾਣਿਆਂ ਨੂੰ ਨਸ਼ਟ ਕਰਨ ਦੀ ਜ਼ਿੰਮੇਵਾਰੀ ਸੌਂਪੀ ਗਈ ਸੀ।

ਜਦੋਂ ਅਸਮਾਨ ਵਿੱਚ ਗੂੰਜਿਆ ਭਾਰਤੀ ਸੂਰਮਾਜੰਗ ਦੀ ਸ਼ੁਰੂਆਤ ਹੁੰਦਿਆਂ ਹੀ ਭਾਰਤੀ ਹਵਾਈ ਫ਼ੌਜ ਨੇ ਪਾਕਿਸਤਾਨੀ ਹਵਾਈ ਖੇਤਰ ਵਿੱਚ ਆਪਣਾ ਦਬਦਬਾ ਬਣਾਉਣਾ ਸ਼ੁਰੂ ਕਰ ਦਿੱਤਾ ਸੀ। ਸਕੁਐਡਰਨ ਲੀਡਰ ਥਾਪਾ ਨੂੰ ਦੁਸ਼ਮਣ ਦੇ ਰਾਡਾਰਾਂ, ਬਾਲਣ ਦੇ ਭੰਡਾਰਾਂ ਅਤੇ ਰੇਲਵੇ ਨੈੱਟਵਰਕ ਨੂੰ ਨਿਸ਼ਾਨਾ ਬਣਾਉਣ ਦਾ ਕੰਮ ਦਿੱਤਾ ਗਿਆ ਸੀ।

4 ਦਸੰਬਰ 1971 ਨੂੰ ਉਨ੍ਹਾਂ ਨੇ ਇੱਕ ਬਹੁਤ ਹੀ ਖ਼ਤਰਨਾਕ ਮਿਸ਼ਨ ਦੀ ਅਗਵਾਈ ਕੀਤੀ। ਦੁਸ਼ਮਣ ਦੇ ਇਲਾਕੇ ਵਿੱਚ ਬਹੁਤ ਨੀਵੀਂ ਉਡਾਣ ਭਰਦੇ ਹੋਏ (ਤਾਕਿ ਰਾਡਾਰਾਂ ਦੀ ਪਕੜ ਵਿੱਚ ਨਾ ਆਉਣ), ਉਨ੍ਹਾਂ ਨੇ ਪਾਕਿਸਤਾਨ ਦੇ ਅੰਦਰੂਨੀ ਇਲਾਕਿਆਂ ਵਿੱਚ ਜਾ ਕੇ ਭਾਰੀ ਤਬਾਹੀ ਮਚਾਈ। ਉਨ੍ਹਾਂ ਦੇ ਹਮਲੇ ਇੰਨੇ ਸਟੀਕ ਸਨ ਕਿ ਪਾਕਿਸਤਾਨੀ ਫ਼ੌਜ ਦੀ ਸਪਲਾਈ ਲਾਈਨ ਪੂਰੀ ਤਰ੍ਹਾਂ ਕੱਟੀ ਗਈ। ਉਨ੍ਹਾਂ ਦੀ ਅਗਵਾਈ ਹੇਠ ਭਾਰਤੀ ਜਹਾਜ਼ਾਂ ਨੇ ਦੁਸ਼ਮਣ ਦੇ ਕਈ ਟੈਂਕ ਅਤੇ ਤੋਪਾਂ ਨੂੰ ਮਿੱਟੀ ਵਿੱਚ ਮਿਲਾ ਦਿੱਤਾ।



ਘਨਸ਼ਿਆਮ ਸਿੰਘ ਥਾਪਾ ਦੀ ਬਹਾਦਰੀ ਦਾ ਸਭ ਤੋਂ ਵੱਡਾ ਇਮਤਿਹਾਨ ਉਸ ਦਿਨ ਆਇਆ ਜਦੋਂ ਉਨ੍ਹਾਂ ਨੂੰ ਦੁਸ਼ਮਣ ਦੇ ਇੱਕ ਬੇਹੱਦ ਸੁਰੱਖਿਅਤ ਹਵਾਈ ਅੱਡੇ 'ਤੇ ਹਮਲਾ ਕਰਨ ਦਾ ਆਦੇਸ਼ ਮਿਲਿਆ। ਦੁਸ਼ਮਣ ਕੋਲ ਐਂਟੀ-ਏਅਰਕਰਾਫਟ ਗਨਾਂ ਦਾ ਭਾਰੀ ਜਾਲ ਸੀ। ਖ਼ਤਰਾ ਜਾਣਦੇ ਹੋਏ ਵੀ ਥਾਪਾ ਨੇ ਪਿੱਛੇ ਮੁੜਨਾ ਨਹੀਂ ਸਿੱਖਿਆ ਸੀ। ਹਮਲਾ ਕਰਨ ਦੌਰਾਨ ਉਨ੍ਹਾਂ ਦਾ ਜਹਾਜ਼ ਦੁਸ਼ਮਣ ਦੀ ਗੋਲੀਬਾਰੀ ਦੀ ਲਪੇਟ ਵਿੱਚ ਆ ਗਿਆ। ਜਹਾਜ਼ ਨੂੰ ਭਾਰੀ ਨੁਕਸਾਨ ਪਹੁੰਚਿਆ ਸੀ, ਪਰ ਉਨ੍ਹਾਂ ਨੇ ਹਿੰਮਤ ਨਹੀਂ ਹਾਰੀ। ਉਨ੍ਹਾਂ ਨੇ ਕੋਸ਼ਿਸ਼ ਕੀਤੀ ਕਿ ਜਹਾਜ਼ ਨੂੰ ਸੁਰੱਖਿਅਤ ਖੇਤਰ ਵਿੱਚ ਲਿਜਾਇਆ ਜਾਵੇ, ਪਰ ਅੱਗ ਇੰਨੀ ਤੇਜ਼ ਸੀ ਕਿ ਜਹਾਜ਼ ਹਾਦਸਾਗ੍ਰਸਤ ਹੋ ਗਿਆ। ਇਸ ਜਾਂਬਾਜ਼ ਅਧਿਕਾਰੀ ਨੇ ਮਾਤ-ਭੂਮੀ ਦੀ ਰੱਖਿਆ ਕਰਦਿਆਂ ਆਪਣੀ ਜਾਨ ਕੁਰਬਾਨ ਕਰ ਦਿੱਤੀ। ਸਕੁਐਡਰਨ ਲੀਡਰ ਘਨਸ਼ਿਆਮ ਸਿੰਘ ਥਾਪਾ ਦੀ ਇਸ ਲਾਸਾਨੀ ਬਹਾਦਰੀ ਅਤੇ ਦੇਸ਼ ਪ੍ਰਤੀ ਸਮਰਪਣ ਨੂੰ ਦੇਖਦਿਆਂ, ਭਾਰਤ ਸਰਕਾਰ ਵੱਲੋਂ ਉਨ੍ਹਾਂ ਨੂੰ ਮਰਨ ਉਪਰੰਤ 'ਵੀਰ ਚੱਕਰ' ਨਾਲ ਸਨਮਾਨਿਤ ਕੀਤਾ ਗਿਆ। ਇਹ ਸਨਮਾਨ ਉਨ੍ਹਾਂ ਦੀ ਦਲੇਰੀ ਦੀ ਗਵਾਹੀ ਭਰਦਾ ਹੈ ਕਿ ਕਿਵੇਂ ਇੱਕ ਪਾਇਲਟ ਨੇ ਮੌਤ ਨੂੰ ਸਾਹਮਣੇ ਦੇਖਦੇ ਹੋਏ ਵੀ ਆਪਣੇ ਮਿਸ਼ਨ ਨੂੰ ਪੂਰਾ ਕੀਤਾ।

1971 ਦੀ ਜੰਗ ਅਤੇ ਹਵਾਈ ਫ਼ੌਜਸਕੁਐਡਰਨ ਲੀਡਰ ਥਾਪਾ ਵਰਗੇ ਨਾਇਕਾਂ ਦੀ ਬਦੌਲਤ ਹੀ ਭਾਰਤ ਨੇ 1971 ਦੀ ਜੰਗ ਵਿੱਚ ਸਿਰਫ਼ 13 ਦਿਨਾਂ ਵਿੱਚ ਪਾਕਿਸਤਾਨ ਨੂੰ ਗੋਡੇ ਟੇਕਣ ਲਈ ਮਜਬੂਰ ਕਰ ਦਿੱਤਾ ਸੀ। ਹਵਾਈ ਫ਼ੌਜ ਨੇ ਜਿਸ ਤਰ੍ਹਾਂ ਦੁਸ਼ਮਣ ਦੇ ਮਨੋਬਲ ਨੂੰ ਤੋੜਿਆ, ਉਸ ਵਿੱਚ ਥਾਪਾ ਵਰਗੇ ਅਧਿਕਾਰੀਆਂ ਦਾ ਯੋਗਦਾਨ ਸਭ ਤੋਂ ਉੱਪਰ ਹੈ। ਉਨ੍ਹਾਂ ਨੇ ਸਾਬਤ ਕੀਤਾ ਕਿ ਜੰਗ ਸਿਰਫ਼ ਹਥਿਆਰਾਂ ਨਾਲ ਨਹੀਂ, ਸਗੋਂ ਜਜ਼ਬੇ ਅਤੇ ਹੌਸਲੇ ਨਾਲ ਜਿੱਤੀ ਜਾਂਦੀ ਹੈ।

ਘਨਸ਼ਿਆਮ ਸਿੰਘ ਥਾਪਾ ਦੀ ਸ਼ਹਾਦਤ ਤੋਂ ਬਾਅਦ ਉਨ੍ਹਾਂ ਦਾ ਪਰਿਵਾਰ ਅੱਜ ਵੀ ਉਨ੍ਹਾਂ ਦੀਆਂ ਯਾਦਾਂ ਅਤੇ ਉਨ੍ਹਾਂ ਦੇ ਮੈਡਲਾਂ ਨੂੰ ਮਾਣ ਨਾਲ ਸਾਂਭ ਕੇ ਬੈਠਾ ਹੈ। ਉਨ੍ਹਾਂ ਦੇ ਪਿੰਡ ਅਤੇ ਇਲਾਕੇ ਵਿੱਚ ਉਨ੍ਹਾਂ ਨੂੰ ਇੱਕ ਦੇਵਤੇ ਵਾਂਗ ਪੂਜਿਆ ਜਾਂਦਾ ਹੈ। ਹਰ ਸਾਲ ਜੰਗ ਦੀ ਬਰਸੀ 'ਤੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਜਾਂਦੀ ਹੈ।

ਅੱਜ ਦੀ ਪੀੜ੍ਹੀ, ਜੋ ਹਵਾਈ ਫ਼ੌਜ ਵਿੱਚ ਭਰਤੀ ਹੋ ਕੇ ਦੇਸ਼ ਦੀ ਸੇਵਾ ਕਰਨਾ ਚਾਹੁੰਦੀ ਹੈ, ਲਈ ਘਨਸ਼ਿਆਮ ਸਿੰਘ ਥਾਪਾ ਦਾ ਜੀਵਨ ਇੱਕ ਖੁੱਲ੍ਹੀ ਕਿਤਾਬ ਵਾਂਗ ਹੈ। ਉਨ੍ਹਾਂ ਨੇ ਸਿਖਾਇਆ ਕਿ ਫ਼ੌਜੀ ਵਰਦੀ ਸਿਰਫ਼ ਇੱਕ ਪਹਿਰਾਵਾ ਨਹੀਂ, ਸਗੋਂ ਦੇਸ਼ ਦੀ ਸੁਰੱਖਿਆ ਲਈ ਇੱਕ ਪਵਿੱਤਰ ਸਹੁੰ ਹੈ।

ਸੂਰਮਿਆਂ ਨੂੰ ਸਲਾਮਸਕੁਐਡਰਨ ਲੀਡਰ ਘਨਸ਼ਿਆਮ ਸਿੰਘ ਥਾਪਾ ਵਰਗੇ ਸੂਰਬੀਰਾਂ ਦੀਆਂ ਕਹਾਣੀਆਂ ਸਾਨੂੰ ਯਾਦ ਦਿਵਾਉਂਦੀਆਂ ਹਨ ਕਿ ਸਾਡੀ ਆਜ਼ਾਦੀ ਅਤੇ ਸੁਰੱਖਿਆ ਦੀ ਕੀਮਤ ਕਿੰਨੀ ਭਾਰੀ ਹੈ। ਉਹ ਸਿਰਫ਼ ਇੱਕ ਫ਼ੌਜੀ ਅਧਿਕਾਰੀ ਨਹੀਂ ਸਨ, ਸਗੋਂ ਭਾਰਤ ਮਾਂ ਦੇ ਉਹ ਅਨਮੋਲ ਰਤਨ ਸਨ ਜਿਨ੍ਹਾਂ ਨੇ ਅਸਮਾਨ ਵਿੱਚ ਦੇਸ਼ ਦਾ ਤਿਰੰਗਾ ਹਮੇਸ਼ਾ ਉੱਚਾ ਰੱਖਿਆ। ਅੱਜ ਜਦੋਂ ਅਸੀਂ ਖੁੱਲ੍ਹੀ ਹਵਾ ਵਿੱਚ ਸਾਹ ਲੈਂਦੇ ਹਾਂ, ਤਾਂ ਸਾਨੂੰ ਇਨ੍ਹਾਂ ਅਣਗੌਲੇ ਨਾਇਕਾਂ ਨੂੰ ਸਿਜਦਾ ਕਰਨਾ ਚਾਹੀਦਾ ਹੈ ਜਿਨ੍ਹਾਂ ਨੇ ਸਾਡੇ ਭਵਿੱਖ ਲਈ ਆਪਣਾ ਅੱਜ ਕੁਰਬਾਨ ਕਰ ਦਿੱਤਾ।




# ਸੌਣ ਦਾ ਤਰੀਕਾ ਹੀ ਬਣਾ ਸਕਦਾ ਹੈ ਤੁਹਾਨੂੰ ਜਲਦੀ ਬੁੱਢਾ

ਵਧਦੀ ਉਮਰ ਦੇ ਲੱਛਣਾਂ ਨੂੰ ਘੱਟ ਕਰਨ ਲਈ ਬਾਜ਼ਾਰ ਵਿੱਚ ਕਈ ਮਹਿੰਗੀਆਂ ਐਂਟੀ-ਏਜਿੰਗ ਕ੍ਰੀਮਾਂ ਅਤੇ ਬਿਹਤਰੀਨ ਸਕਿਨਕੇਅਰ ਉਤਪਾਦ ਮੌਜੂਦ ਹਨ। ਪਰ ਤੁਹਾਡੇ ਸੌਣ ਦੀ ਗਲਤ ਪੋਜੀਸ਼ਨ (ਸਥਿਤੀ) ਇਨ੍ਹਾਂ ਸਭ 'ਤੇ ਪਾਣੀ ਫੇਰ ਸਕਦੀ ਹੈ। ਜੀ ਹਾਂ, ਹੋ ਸਕਦਾ ਹੈ ਕਿ ਜਿਸ ਪੋਜੀਸ਼ਨ ਨੂੰ ਤੁਸੀਂ ਸੁਖਦ ਨੀਂਦ ਦਾ ਰਾਜ਼ ਮੰਨਦੇ ਹੋ, ਉਹੀ ਤੁਹਾਡੇ ਚਿਹਰੇ 'ਤੇ ਝੁਰੜੀਆਂ ਦਾ ਕਾਰਨ ਬਣ ਰਹੀ ਹੋਵੇ।

'ਐਸਥੈਟਿਕ ਸਰਜਰੀ ਜਰਨਲ' ਵਿੱਚ ਪ੍ਰਕਾਸ਼ਿਤ ਇੱਕ ਖੋਜ ਦੇ ਅਨੁਸਾਰ, ਸੌਣ ਦੀ ਪੋਜੀਸ਼ਨ ਨਾ ਸਿਰਫ਼ ਤੁਹਾਡੀ ਗਰਦਨ ਅਤੇ ਕਮਰ ਨੂੰ ਪ੍ਰਭਾਵਿਤ ਕਰਦੀ ਹੈ, ਸਗੋਂ ਤੁਹਾਨੂੰ ਸਮੇਂ ਤੋਂ ਪਹਿਲਾਂ ਬੁੱਢਾ ਵੀ ਦਿਖਾ ਸਕਦੀ ਹੈ। ਆਓ ਜਾਣੀਏ ਸੌਣ ਦੀ ਕਿਸ ਪੋਜੀਸ਼ਨ ਵਿੱਚ ਚਿਹਰੇ 'ਤੇ ਝੁਰੜੀਆਂ ਆਉਣ ਦਾ ਖ਼ਤਰਾ ਸਭ ਤੋਂ ਜ਼ਿਆਦਾ ਹੁੰਦਾ ਹੈ।

**ਸੌਣ ਦੀ ਪੁਜੀਸ਼ਨ ਅਤੇ ਚਿਹਰੇ ਦੀ ਬਣਾਵਟ**


ਜਦੋਂ ਅਸੀਂ ਆਪਣੇ ਪਾਸੇ (ਕਰਵਟ) ਜਾਂ ਪੇਟ ਦੇ ਭਾਰ ਸੌਂਦੇ ਹਾਂ, ਤਾਂ ਸਾਡੇ ਚਿਹਰੇ ਦੀ ਨਾਜ਼ੁਕ ਚਮੜੀ ਅਤੇ ਸਿਰਹਾਣੇ ਦੇ ਵਿਚਕਾਰ ਲਗਾਤਾਰ ਸੰਪਰਕ ਬਣਿਆ ਰਹਿੰਦਾ ਹੈ। ਇਸ ਦੌਰਾਨ ਚਿਹਰੇ 'ਤੇ ਤਿੰਨ ਤਰ੍ਹਾਂ ਦੇ ਬਲ ਕੰਮ ਕਰਦੇ ਹਨ: ਕੰਪਰੈਸ਼ਨ (ਚਿਹਰੇ ਦਾ ਦਬਣਾ), ਟੈਨਸ਼ਨ (ਚਮੜੀ ਦਾ ਖਿੱਚਿਆ ਜਾਣਾ) ਅਤੇ ਸ਼ੀਅਰ ਫੋਰਸਿਜ਼ (ਚਮੜੀ ਦਾ ਰਗੜ ਖਾਣਾ)।

ਜਦੋਂ ਤੁਸੀਂ ਘੰਟਿਆਂ ਤੱਕ ਇੱਕ ਹੀ ਕਰਵਟ ਸੌਂਦੇ ਹੋ, ਤਾਂ ਇਹ ਬਲ ਚਿਹਰੇ ਦੀਆਂ ਮਾਸਪੇਸ਼ੀਆਂ ਅਤੇ ਸਕਿਨ ਨੂੰ ਵਿਗਾੜ ਦਿੰਦੇ ਹਨ। ਘੱਟ ਉਮਰ ਵਿੱਚ ਤਾਂ ਸਕਿਨ ਦੀ ਲਚਕਤਾ ਇਸਨੂੰ ਵਾਪਸ ਨਾਰਮਲ ਕਰ ਦਿੰਦੀ ਹੈ, ਪਰ 30 ਦੀ ਉਮਰ ਤੋਂ ਬਾਅਦ ਜਿਵੇਂ-ਜਿਵੇਂ ਕੋਲੇਜਨ ਘੱਟ ਹੁੰਦਾ ਹੈ, ਇਹ 'ਸਲੀਪ ਲਾਈਨਾਂ' ਸਥਾਈ ਝੁਰੜੀਆਂ ਵਿੱਚ ਬਦਲ ਜਾਂਦੀਆਂ ਹਨ।

**ਵੱਖ-ਵੱਖ ਪੁਜੀਸ਼ਨਾਂ ਅਤੇ ਉਨ੍ਹਾਂ ਦੇ ਪ੍ਰਭਾਵ**

**ਪੇਟ ਦੇ ਭਾਰ ਸੌਣਾ:** ਇਹ ਪੋਜੀਸ਼ਨ ਚਮੜੀ ਲਈ ਸਭ ਤੋਂ ਨੁਕਸਾਨਦੇਹ ਮੰਨੀ ਗਈ ਹੈ। ਇਸ ਵਿੱਚ ਤੁਹਾਡਾ ਚਿਹਰਾ ਪੂਰੀ ਤਰ੍ਹਾਂ ਸਿਰਹਾਣੇ ਵਿੱਚ ਧਸਿਆ ਹੁੰਦਾ ਹੈ, ਜਿਸ ਨਾਲ ਚਮੜੀ ਨੂੰ ਸਾਹ ਲੈਣ ਦੀ ਜਗ੍ਹਾ ਨਹੀਂ ਮਿਲਦੀ ਅਤੇ ਪੂਰੇ ਚਿਹਰੇ 'ਤੇ ਬਰਾਬਰ ਦਬਾਅ ਪੈਂਦਾ ਹੈ। ਇਹ ਨਾ ਸਿਰਫ਼ ਝੁਰੜੀਆਂ ਵਧਾਉਂਦਾ ਹੈ, ਸਗੋਂ ਅੱਖਾਂ ਦੇ ਹੇਠਾਂ ਸੋਜ ਦਾ ਕਾਰਨ ਵੀ ਬਣਦਾ ਹੈ।

**ਕਰਵਟ ਲੈ ਕੇ ਸੌਣਾ:** ਜ਼ਿਆਦਾਤਰ ਲੋਕ ਇਸੇ ਪੋਜੀਸ਼ਨ ਵਿੱਚ ਸੌਂਦੇ ਹਨ। ਇਸ ਵਿੱਚ ਗੱਲ੍ਹਾਂ ਅਤੇ ਠੋਡੀ 'ਤੇ ਜ਼ਿਆਦਾ ਦਬਾਅ ਪੈਂਦਾ ਹੈ। ਇਸ ਲਈ, ਜੋ ਲੋਕ ਹਮੇਸ਼ਾ ਇੱਕ ਹੀ ਪਾਸੇ ਕਰਵਟ ਲੈ ਕੇ ਸੌਂਦੇ ਹਨ, ਉਨ੍ਹਾਂ ਦੇ ਚਿਹਰੇ ਦੇ ਉਸ ਖਾਸ ਹਿੱਸੇ 'ਤੇ ਦੂਜੇ ਪਾਸੇ ਦੀ ਤੁਲਨਾ ਵਿੱਚ ਜ਼ਿਆਦਾ ਡੂੰਘੀਆਂ ਰੇਖਾਵਾਂ ਨਜ਼ਰ ਆਉਣ ਲੱਗਦੀਆਂ ਹਨ।



**ਪਿੱਠ ਦੇ ਭਾਰ ਸੌਣਾ:** ਪਿੱਠ ਦੇ ਭਾਰ ਸੌਣਾ ਝੁਰੜੀਆਂ ਅਤੇ ਫਾਈਨ ਲਾਈਨਾਂ ਤੋਂ ਬਚਣ ਲਈ ਸਭ ਤੋਂ ਪਰਫੈਕਟ ਹੈ। ਇਸ ਵਿੱਚ ਤੁਹਾਡਾ ਚਿਹਰਾ ਸਿਰਹਾਣੇ ਦੇ ਸੰਪਰਕ ਵਿੱਚ ਨਹੀਂ ਆਉਂਦਾ, ਜਿਸ ਨਾਲ ਦਬਾਅ ਦਾ ਅਸਰ ਚਮੜੀ 'ਤੇ ਨਹੀਂ ਪੈਂਦਾ।

**ਆਮ ਲਾਈਨਾਂ ਤੋਂ ਵੱਖਰੀਆਂ ਹੁੰਦੀਆਂ ਹਨ 'ਸਲੀਪ ਰਿੰਕਲਸ'**

ਅਕਸਰ ਲੋਕ 'ਸਲੀਪ ਰਿੰਕਲਸ' ਨੂੰ ਬੁਢਾਪੇ ਦੀਆਂ ਆਮ ਲਕੀਰਾਂ ਜਾਂ ਹੱਸਣ-ਮੁਸਕਰਾਉਣ ਨਾਲ ਪੈਣ ਵਾਲੀਆਂ ਰੇਖਾਵਾਂ ਵਰਗਾ ਹੀ ਸਮਝਦੇ ਹਨ, ਪਰ ਇਨ੍ਹਾਂ ਵਿੱਚ ਕਾਫ਼ੀ ਫਰਕ ਹੁੰਦਾ ਹੈ:

**ਐਕਸਪ੍ਰੈਸ਼ਨ ਲਾਈਨਾਂ:** ਮੁਸਕਰਾਉਣ ਜਾਂ ਆਈਬਰੋ ਸੁੰਗੜਨ ਨਾਲ ਮਾਸਪੇਸ਼ੀਆਂ ਦੇ ਖਿਚਾਅ ਨਾਲ ਬਣਦੀਆਂ ਹਨ।

# ਸ਼ੂਗਰ ਰਿਪੋਰਟ ਨਾਰਮਲ ਹੋਣ ਦੇ ਬਾਵਜੂਦ ਰਹਿੰਦਾ ਹੈ 'ਇੰਸੁਲਿਨ ਰੈਜ਼ੀਸਟੈਂਸ' ਦਾ ਖਤਰਾ

ਅਕਸਰ ਅਸੀਂ ਆਪਣੀ ਬਲੱਡ ਸ਼ੂਗਰ ਰਿਪੋਰਟ ਵਿੱਚ 'ਫਾਸਟਿੰਗ ਬਲੱਡ ਗਲੂਕੋਜ਼' (FBG) ਅਤੇ 'HbA1C' ਦੇ ਪੱਧਰ ਨੂੰ ਆਮ ਦੇਖ ਕੇ ਬੇਫਿਕਰ ਹੋ ਜਾਂਦੇ ਹਾਂ। ਸਾਨੂੰ ਲੱਗਦਾ ਹੈ ਕਿ ਸਾਡੀ ਸਿਹਤ ਬਿਲਕੁਲ ਠੀਕ ਹੈ, ਪਰ ਅਪੋਲੋ ਹਸਪਤਾਲ ਦੇ ਸੀਨੀਅਰ ਨਿਊਰੋਲੋਜਿਸਟ ਡਾ। ਸੁਧੀਰ ਕੁਮਾਰ ਕਹਿੰਦੇ ਹਨ ਕਿ ਤਸਵੀਰ ਇਸ ਤੋਂ ਕਿਤੇ ਜ਼ਿਆਦਾ ਵੱਡੀ ਹੋ ਸਕਦੀ ਹੈ। ਤੁਹਾਡੀ ਰਿਪੋਰਟ ਨਾਰਮਲ ਹੋਣ ਦੇ ਬਾਵਜੂਦ ਤੁਹਾਡੇ ਸਰੀਰ ਦੇ ਅੰਦਰ 'ਇੰਸੁਲਿਨ ਰੈਜ਼ੀਸਟੈਂਸ' (Insuiln Reisstance) ਦੀ ਸਮੱਸਿਆ ਪੈਦਾ ਹੋ ਸਕਦੀ ਹੈ, ਜੋ ਭਵਿੱਖ ਵਿੱਚ ਗੰਭੀਰ ਬਿਮਾਰੀਆਂ ਦਾ ਸੰਕੇਤ ਹੈ।

ਸ਼ੂਗਰ (ਡਾਇਬੀਟੀਜ਼) ਹੋਣ ਤੋਂ ਪਹਿਲਾਂ ਸਰੀਰ 'ਪ੍ਰੀ-ਡਾਇਬੀਟੀਜ਼' ਦੇ ਪੜਾਅ ਵਿੱਚੋਂ ਗੁਜ਼ਰਦਾ ਹੈ। ਜੇਕਰ ਤੁਹਾਡੀ ਫਾਸਟਿੰਗ ਸ਼ੂਗਰ 100 ਤੋਂ 125 mg/d ਦੇ ਵਿਚਕਾਰ ਹੈ ਜਾਂ ਤੁਹਾਡਾ HbA1C ਪੱਧਰ 5.7 ਤੋਂ 6.4 ਦੇ ਵਿਚਕਾਰ ਆਉਂਦਾ ਹੈ, ਤਾਂ ਇਸ ਨੂੰ ਪ੍ਰੀ-ਡਾਇਬੀਟੀਜ਼ ਮੰਨਿਆ ਜਾਂਦਾ ਹੈ। ਇਸ ਸਥਿਤੀ ਵਿੱਚ ਰਹਿਣ ਵਾਲੇ ਲੋਕਾਂ ਨੂੰ ਭਵਿੱਖ ਵਿੱਚ ਟਾਈਪ-2 ਡਾਇਬੀਟੀਜ਼ ਅਤੇ ਦਿਲ ਨਾਲ ਜੁੜੀਆਂ ਬਿਮਾਰੀਆਂ ਦਾ ਖਤਰਾ ਕਾਫ਼ੀ ਵੱਧ ਜਾਂਦਾ ਹੈ।




**ਕੀ ਹੈ ਇੰਸੁਲਿਨ ਰੈਜ਼ੀਸਟੈਂਸ?**

ਇੰਸੁਲਿਨ ਰੈਜ਼ੀਸਟੈਂਸ ਇੱਕ ਅਜਿਹੀ ਸਥਿਤੀ ਹੈ ਜਿਸ ਵਿੱਚ ਸਰੀਰ ਦੇ ਸੈੱਲ ਇੰਸੁਲਿਨ ਹਾਰਮੋਨ ਪ੍ਰਤੀ ਸਹੀ ਪ੍ਰਤੀਕਿਰਿਆ ਨਹੀਂ ਦੇ ਪਾਉਂਦੇ। ਹੈਰਾਨੀ ਵਾਲੀ ਗੱਲ ਇਹ ਹੈ ਕਿ ਇਹ ਸਮੱਸਿਆ ਉਦੋਂ ਵੀ ਮੌਜੂਦ ਹੋ ਸਕਦੀ ਹੈ ਜਦੋਂ ਤੁਹਾਡੀ ਸ਼ੂਗਰ ਰਿਪੋਰਟ (FBG ਅਤੇ HbA1C) ਪੂਰੀ ਤਰ੍ਹਾਂ ਨਾਰਮਲ ਦਿਖ ਰਹੀ ਹੋਵੇ। ਇਸ ਲਈ, ਸਿਰਫ਼ ਸ਼ੂਗਰ ਲੈਵਲ ਦੀ ਜਾਂਚ ਸਿਹਤ ਦਾ ਪੂਰਾ ਪੈਮਾਨਾ ਨਹੀਂ ਹੈ।

**ਇਸ ਦੀ ਗਣਨਾ ਕਿਵੇਂ ਕਰੀਏ?**

ਇੰਸੁਲਿਨ ਰੈਜ਼ੀਸਟੈਂਸ ਦਾ ਪਤਾ ਲਗਾਉਣ ਲਈ ਕੁਝ ਖਾਸ ਤਰੀਕੇ ਅਤੇ ਫਾਰਮੂਲੇ ਅਪਣਾਏ ਜਾਂਦੇ ਹਨ: HOMA-IR: ਇਹ ਇੰਸੁਲਿਨ ਰੈਜ਼ੀਸਟੈਂਸ ਮਾਪਣ ਦਾ ਸਭ ਤੋਂ ਪ੍ਰਮੁੱਖ ਤਰੀਕਾ ਹੈ। ਇਸ ਦੇ ਲਈ 'ਫਾਸਟਿੰਗ ਸੀਰਮ ਇੰਸੁਲਿਨ' ਅਤੇ 'ਫਾਸਟਿੰਗ ਬਲੱਡ ਗਲੂਕੋਜ਼' ਦੀ ਵੈਲਯੂ ਦੀ ਲੋੜ ਹੁੰਦੀ ਹੈ। ਜੇਕਰ ਤੁਹਾਡਾ HOMA-IR ਸਕੋਰ 2 ਤੋਂ ਵੱਧ ਆਉਂਦਾ ਹੈ, ਤਾਂ ਇਹ ਇੰਸੁਲਿਨ ਰੈਜ਼ੀਸਟੈਂਸ ਦਾ ਸੰਕੇਤ ਹੈ।

TG/HD ਅਨੁਪਾਤ: ਤੁਹਾਡੀ ਕੋਲੇਸਟ੍ਰੋਲ ਰਿਪੋਰਟ ਵਿੱਚ ਮੌਜੂਦ ਟ੍ਰਾਈਗਲਿਸਰਾਈਡ (TG) ਅਤੇ ਐਚਡੀਐਲ (HDL) ਦਾ ਅਨੁਪਾਤ ਵੀ ਬਹੁਤ ਕੁਝ ਦੱਸਦਾ ਹੈ। ਜੇਕਰ ਇਹ ਅਨੁਪਾਤ 2 ਤੋਂ ਵੱਧ ਹੈ, ਤਾਂ ਇਸ ਨੂੰ ਇੰਸੁਲਿਨ ਰੈਜ਼ੀਸਟੈਂਸ ਦਾ ਇੱਕ ਮਾਰਕਰ ਮੰਨਿਆ ਜਾਂਦਾ ਹੈ।

**TyG ਇੰਡੈਕਸ:** ਟ੍ਰਾਈਗਲਿਸਰਾਈਡ ਗਲੂਕੋਜ਼ (TyG) ਇੰਡੈਕਸ ਦਾ 4.7 ਤੋਂ ਜ਼ਿਆਦਾ ਹੋਣਾ ਵੀ ਇਹ ਦਰਸਾਉਂਦਾ ਹੈ ਕਿ ਸਰੀਰ ਵਿੱਚ ਇੰਸੁਲਿਨ ਰੈਜ਼ੀਸਟੈਂਸ ਦੀ ਸਮੱਸਿਆ ਸ਼ੁਰੂ ਹੋ ਚੁੱਕੀ ਹੈ।

**ਡਾਕਟਰ ਦੀ ਸਲਾਹ**

ਜੇਕਰ ਤੁਹਾਡੇ ਬਲੱਡ ਟੈਸਟ ਵਿੱਚ ਇੰਸੁਲਿਨ ਰੈਜ਼ੀਸਟੈਂਸ ਦੇ ਲੱਛਣ ਦਿਖਾਈ ਦਿੰਦੇ ਹਨ, ਤਾਂ ਘਬਰਾਉਣ ਦੀ ਬਜਾਏ ਸਹੀ ਕਦਮ ਚੁੱਕਣਾ ਜ਼ਰੂਰੀ ਹੈ। ਸਭ ਤੋਂ ਪਹਿਲਾਂ ਆਪਣੇ ਡਾਕਟਰ ਅਤੇ ਇੱਕ ਚੰਗੇ ਡਾਇਟੀਸ਼ੀਅਨ ਨਾਲ ਸਲਾਹ ਕਰੋ।

ਚੰਗੀ ਗੱਲ ਇਹ ਹੈ ਕਿ ਜੀਵਨਸ਼ੈਲੀ ਵਿੱਚ ਬਦਲਾਅ ਕਰਕੇ ਇਸ ਨੂੰ ਕਾਫ਼ੀ ਹੱਦ ਤੱਕ ਠੀਕ ਕੀਤਾ ਜਾ ਸਕਦਾ ਹੈ। ਇੱਕ ਸਿਹਤਮੰਦ ਅਤੇ ਸੰਤੁਲਿਤ ਖੁਰਾਕ, ਰੋਜ਼ਾਨਾ ਕਸਰਤ ਅਤੇ ਭਾਰ ਨੂੰ ਕੰਟਰੋਲ ਵਿੱਚ ਰੱਖ ਕੇ ਇੰਸੁਲਿਨ ਦੀ ਸੰਵੇਦਨਸ਼ੀਲਤਾ ਨੂੰ ਸੁਧਾਰਿਆ ਜਾ ਸਕਦਾ ਹੈ।

# ਰਾਤਾਂ ਨੂੰ ਜਾਗ ਕੇ ਪੜ੍ਹਨ ਵਾਲੇ ਬੱਚੇ ਹੋ ਜਾਣ ਸਾਵਧਾਨ

ਬੋਰਡ ਦੀਆਂ ਪ੍ਰੀਖਿਆਵਾਂ ਨੇੜੇ ਆਉਂਦੇ ਹੀ ਬੱਚਿਆਂ ਦੇ ਦਿਮਾਗ 'ਤੇ ਪੜ੍ਹਾਈ ਦਾ ਭਾਰੀ ਦਬਾਅ ਬਣ ਜਾਂਦਾ ਹੈ। ਕਈ ਵਿਦਿਆਰਥੀ ਸੋਚਦੇ ਹਨ ਕਿ ਦੇਰ ਰਾਤ ਤੱਕ ਜਾਗ ਕੇ ਪੜ੍ਹਨ ਨਾਲ ਤਿਆਰੀ ਵਧੀਆ ਹੋਵੇਗੀ ਅਤੇ ਨੰਬਰ ਜ਼ਿਆਦਾ ਆਉਣਗੇ, ਪਰ ਇਹ ਸੱਚ ਨਹੀਂ ਹੈ। ਸੱਚ ਤਾਂ ਇਹ ਹੈ ਕਿ ਪੜ੍ਹਾਈ ਦੇ ਚੱਕਰ ਵਿੱਚ ਨੀਂਦ ਨਾਲ ਸਮਝੌਤਾ ਕਰਨਾ ਦਿਮਾਗ ਅਤੇ ਸਿਹਤ ਦੋਵਾਂ ਲਈ ਨੁਕਸਾਨਦੇਹ ਹੋ ਸਕਦਾ ਹੈ। ਕਈ ਅਧਿਐਨਾਂ ਵਿੱਚ ਇਹ ਸਾਬਤ ਹੋ ਚੁੱਕਾ ਹੈ ਕਿ ਨੀਂਦ ਦੀ ਕਮੀ ਤੁਹਾਡੀ ਯਾਦਦਾਸ਼ਤ 'ਤੇ ਬੁਰਾ ਅਸਰ ਪਾਉਂਦੀ ਹੈ।

'ਸਾਈਕੋਲੋਜੀਕਲ ਬੁਲੇਟਿਨ ਜਰਨਲ' (2021) ਵਿੱਚ ਪ੍ਰਕਾਸ਼ਿਤ ਇੱਕ ਅਧਿਐਨ ਅਨੁਸਾਰ, ਜੇ ਤੁਸੀਂ ਪੜ੍ਹਾਈ ਤੋਂ ਬਾਅਦ ਪੂਰੀ ਨੀਂਦ ਨਹੀਂ ਲੈਂਦੇ, ਤਾਂ ਤੁਹਾਨੂੰ ਪੜ੍ਹੀਆਂ ਹੋਈਆਂ ਚੀਜ਼ਾਂ 20 ਤੋਂ 40% ਘੱਟ ਯਾਦ ਰਹਿੰਦੀਆਂ ਹਨ। ਚੰਗੀ ਨੀਂਦ ਪੜ੍ਹੀਆਂ ਗੱਲਾਂ ਨੂੰ ਦਿਮਾਗ ਵਿੱਚ 'ਸੇਵ' ਕਰਨ ਦਾ ਕੰਮ ਕਰਦੀ ਹੈ। ਜੇਕਰ ਦਿਮਾਗ ਨੂੰ ਆਰਾਮ ਨਹੀਂ ਮਿਲੇਗਾ, ਤਾਂ ਜਾਣਕਾਰੀ ਸਟੋਰ ਨਹੀਂ ਹੋ ਸਕੇਗੀ ਅਤੇ ਤੁਸੀਂ ਅਗਲੇ ਦਿਨ ਅੱਧੀਆਂ ਗੱਲਾਂ ਭੁੱਲ ਜਾਵੋਗੇ।



**ਵਿਦਿਆਰਥੀ ਦੇਰ ਰਾਤ ਤੱਕ ਕਿਉਂ ਜਾਗਦੇ ਹਨ?**

**ਮੋਬਾਈਲ ਅਤੇ ਇੰਟਰਨੈੱਟ:** ਸੋਸ਼ਲ ਮੀਡੀਆ ਦੇ ਲਗਾਤਾਰ ਨੋਟੀਫਿਕੇਸ਼ਨ ਵਿਦਿਆਰਥੀਆਂ ਦਾ ਧਿਆਨ ਭਟਕਾਉਂਦੇ ਹਨ, ਜਿਸ ਨਾਲ ਉਨ੍ਹਾਂ ਦਾ 'ਸਲੀਪ ਸਾਈਕਲ' (Sleep Cycle) ਵਿਗੜ ਜਾਂਦਾ ਹੈ।

**ਕੈਫੀਨ ਦਾ ਸਹਾਰਾ:** ਕਈ ਵਿਦਿਆਰਥੀ ਜਾਗਣ ਲਈ ਕੌਫੀ ਜਾਂ ਐਨਰਜੀ ਡਰਿੰਕਸ ਪੀਂਦੇ ਹਨ। ਸ਼ੁਰੂ ਵਿੱਚ ਇਹ ਆਦਤ ਠੀਕ ਲੱਗਦੀ ਹੈ, ਪਰ ਬਾਅਦ ਵਿੱਚ ਇਹ ਸਿਹਤ ਅਤੇ ਨੀਂਦ ਦੋਵਾਂ ਲਈ ਘਾਤਕ ਬਣ ਜਾਂਦੀ ਹੈ।

**ਨੀਂਦ ਕਿਉਂ ਜ਼ਰੂਰੀ ਹੈ?**

ਕਿਸ਼ੋਰ ਅਵਸਥਾ (Teenage) ਵਿੱਚ ਨਵੀਆਂ ਚੀਜ਼ਾਂ ਸਿੱਖਣ ਅਤੇ ਯਾਦ ਰੱਖਣ ਲਈ ਦਿਮਾਗ ਦਾ ਵਿਕਾਸ ਬਹੁਤ ਜ਼ਰੂਰੀ ਹੈ। ਸੌਣ ਵੇਲੇ ਸਾਡਾ ਦਿਮਾਗ ਰਿਲੈਕਸ ਮੋਡ ਵਿੱਚ ਹੁੰਦਾ ਹੈ ਅਤੇ ਪੂਰੇ ਦਿਨ ਦੀ ਜਾਣਕਾਰੀ ਨੂੰ ਸਟੋਰ ਕਰਦਾ ਹੈ। ਇਸ ਲਈ ਪ੍ਰੀਖਿਆ ਵਿੱਚ ਚੰਗੇ ਨੰਬਰ ਲੈਣ ਲਈ ਸਿਰਫ਼ ਪੜ੍ਹਾਈ ਹੀ ਨਹੀਂ, ਸਗੋਂ ਭਰਪੂਰ ਨੀਂਦ ਵੀ ਬਹੁਤ ਜ਼ਰੂਰੀ ਹੈ।

# ਹਰ ਗੱਲ 'ਚ ਸਿਰਫ਼ ਚੰਗਾ ਸੋਚਣਾ ਵੀ ਹੈ ਖ਼ਤਰਨਾਕ

ਅੱਜਕੱਲ੍ਹ ਸੋਸ਼ਲ ਮੀਡੀਆ 'ਤੇ ਤੁਸੀਂ ਕਈ ਅਜਿਹੀਆਂ ਪੋਸਟਾਂ ਦੇਖੀਆਂ ਹੋਣਗੀਆਂ, ਜਿਨ੍ਹਾਂ ਵਿੱਚ ਤੁਹਾਨੂੰ ਕਿਹਾ ਜਾਂਦਾ ਹੈ ਕਿ ਹਮੇਸ਼ਾ ਚੰਗਾ ਸੋਚੋ, ਪਾਜ਼ੇਟਿਵ ਸੋਚੋ। ਸੁਣਨ ਵਿੱਚ ਇਹ ਕਾਫ਼ੀ ਮੋਟੀਵੇਟਿੰਗ ਲੱਗਦਾ ਹੈ। ਪਰ ਜਦੋਂ ਅਸੀਂ ਹਰ ਗੱਲ ਵਿੱਚ ਸਿਰਫ਼ ਪਾਜ਼ੇਟਿਵ ਪਹਿਲੂਆਂ 'ਤੇ ਧਿਆਨ ਦੇਣਾ ਸ਼ੁਰੂ ਕਰ ਦਿੰਦੇ ਹਾਂ ਅਤੇ ਉਸ ਨਾਲ ਜੁੜੀਆਂ ਨੈਗੇਟਿਵ ਗੱਲਾਂ ਨੂੰ ਨਜ਼ਰਅੰਦਾਜ਼ ਕਰਨਾ ਸ਼ੁਰੂ ਕਰ ਦਿੰਦੇ ਹਾਂ, ਤਾਂ ਉਸਨੂੰ ਟੌਕਸਿਕ ਪਾਜ਼ੇਟਿਵਿਟੀ ਕਿਹਾ ਜਾਂਦਾ ਹੈ।



ਇਸਦਾ ਮਤਲਬ ਹੈ ਕਿ ਇਨਸਾਨ ਨੂੰ ਚਾਹੇ ਕਿੰਨੀ ਵੀ ਵੱਡੀ ਸਮੱਸਿਆ ਕਿਉਂ ਨਾ ਹੋਵੇ, ਉਸਨੂੰ ਹਮੇਸ਼ਾ ਖੁਸ਼ ਰਹਿਣਾ ਚਾਹੀਦਾ ਹੈ। ਇਹ ਉਦਾਸੀ, ਗੁੱਸਾ, ਡਰ ਜਾਂ ਨਿਰਾਸ਼ਾ ਵਰਗੀਆਂ ਮਨੁੱਖੀ ਭਾਵਨਾਵਾਂ ਨੂੰ ਪੂਰੀ ਤਰ੍ਹਾਂ ਨਕਾਰ ਦਿੰਦੀ ਹੈ। ਅਸਲ ਵਿੱਚ, ਜਦੋਂ ਅਸੀਂ ਸਿਰਫ਼ ਪਾਜ਼ੇਟਿਵ ਗੱਲਾਂ 'ਤੇ ਧਿਆਨ ਦਿੰਦੇ ਹਾਂ, ਤਾਂ ਅਣਜਾਣੇ ਵਿੱਚ ਅਸੀਂ ਆਪਣੇ ਦਰਦ ਅਤੇ ਤਕਲੀਫ਼ ਨੂੰ ਗਲਤ ਠਹਿਰਾ ਦਿੰਦੇ ਹਾਂ।

ਇਹ ਤੁਹਾਡੀ ਮਾਨਸਿਕ ਸਿਹਤ ਨੂੰ ਕਿਵੇਂ ਪ੍ਰਭਾਵਿਤ ਕਰਦੀ ਹੈ?

ਭਾਵਨਾਵਾਂ ਨੂੰ ਦਬਾਉਣਾ: ਭਾਵਨਾਵਾਂ ਨੂੰ ਦਬਾਉਣ ਨਾਲ ਤਣਾਅ ਵਧਦਾ ਹੈ ਅਤੇ ਐਂਜ਼ਾਇਟੀ ਜਾਂ ਡਿਪ੍ਰੈਸ਼ਨ ਦਾ ਖ਼ਤਰਾ ਵਧ ਜਾਂਦਾ ਹੈ।

ਗਿਲਟ (ਦੋਸ਼) ਅਤੇ ਸ਼ਰਮ ਦੀ ਭਾਵਨਾ: ਜੇਕਰ ਤੁਸੀਂ ਬੁਰੇ ਦੌਰ ਵਿੱਚ ਪਾਜ਼ੇਟਿਵ ਨਹੀਂ ਰਹਿ ਪਾ ਰਹੇ, ਤਾਂ ਤੁਸੀਂ ਖੁਦ ਨੂੰ ਹੀ ਕਮਜ਼ੋਰ ਮੰਨਣ ਲੱਗ ਜਾਂਦੇ ਹੋ।

ਕੁਨੈਕਸ਼ਨ ਵਿੱਚ ਕਮੀ: ਦੂਜਿਆਂ ਸਾਹਮਣੇ 'ਪਰਫੈਕਟ' ਬਣਨ ਦੇ ਚੱਕਰ ਵਿੱਚ ਅਸੀਂ ਇਕੱਲੇ ਪੈ ਜਾਂਦੇ ਹਾਂ।

ਸਮੱਸਿਆ ਦਾ ਹੱਲ ਨਾ ਹੋਣਾ: ਜੇ ਅਸੀਂ ਜ਼ਬਰਦਸਤੀ ਮੁਸਕਰਾਉਂਦੇ ਰਹਾਂਗੇ, ਤਾਂ ਅਸੀਂ ਸਮੱਸਿਆ ਦੇ ਅਸਲ ਕਾਰਨ ਤੱਕ ਕਦੇ ਨਹੀਂ ਪਹੁੰਚ ਸਕਾਂਗੇ।

**ਇਸ ਤੋਂ ਕਿਵੇਂ ਬਚੀਏ?**

ਹਰ ਭਾਵਨਾ ਨੂੰ ਸਵੀਕਾਰੋ: ਉਦਾਸ ਹੋਣਾ ਜਾਂ ਗੁੱਸਾ ਕਰਨਾ ਆਮ ਗੱਲ ਹੈ।

ਸੋਸ਼ਲ ਮੀਡੀਆ ਤੋਂ ਦੂਰੀ: ਸੋਸ਼ਲ ਮੀਡੀਆ ਦੀ 'ਪਰਫੈਕਟ ਲਾਈਫ' ਵਾਲੀ ਦੁਨੀਆ ਤੋਂ ਪ੍ਰਭਾਵਿਤ ਨਾ ਹੋਵੋ।

**ਰਿਅਲਿਸਟਿਕ ਬਣੋ:** ਹਰ ਸਮੇਂ ਖੁਸ਼ ਰਹਿਣਾ ਸੰਭਵ ਨਹੀਂ ਹੈ।

**ਸੁਣਨਾ ਸਿੱਖੋ:** ਕਿਸੇ ਨੂੰ ਤੁਰੰਤ ਸਲਾਹ ਦੇਣ ਦੀ ਬਜਾਏ ਉਸਨੂੰ ਸੁਣੋ।

ਖਾਲਸਾ ਜੀ ਦੇ ਪ੍ਰਗਟ ਦਿਹਾੜੇ ਅਤੇ ਰੁੱਤ ਦੇ ਤਿਓਹਾਰ ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ

# Serving Californians since 1999

Global Green
INSURANCE AGENCY
Lic #oF34231
Mann Insurance Brokers Inc.
dba Global Green Insurance Agency of the Bay Area
AUTO, HOME, BUSINESS, LIFE
510-487-1000
WWW.GGIABA.COM

COVERED CALIFORNIA
Certified INSURANCE AGENT
Free Confidential Help
Call : Gurcharan Singh Mann CA License #0C70672
Medicare
Licensed Insurance Agent CA Lic # 0C70672
CALL TO ENROL
510-557-0061

Buying OR Selling Real Estate Let US HELP
MANN
Real Estate Services
BAY AREA, TRACY, LATHROP, ELK GROVE, ROSEVILLE, ROCKLIN, MOUNTAIN HOUSE
510-557-0061
Find your home on our website
www.mannres.com



Gurcharan Singh Mann
DRE#02321006